3-SEP-PAGE-1.qxd 9/2/2025 9:28 PM Page 1

ਬੁੱਧਵਾਰ, 3 ਸਤੰਬਰ, 2025
19 ਭਾਦੋਂ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 93

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 3 SEPTEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਉਮਰ ਖਾਲਿਦ ਤੇ ਸ਼ਰਜੀਲ ਅੰਦਰ ਹੀ ਰਹਿਣਗੇ!

## ਦਿੱਲੀ ਹਾਈ ਕੋਰਟ ਵੱਲੋਂ 9 ਮੁਲਜ਼ਮਾਂ ਦੀਆਂ ਜ਼ਮਾਨਤ ਅਰਜ਼ੀਆਂ ਰੱਦ



ਸ਼ਰਜੀਲ ਇਮਾਮ, ਉਮਰ ਖਾਲਿਦ, ਖਾਲਿਦ ਸੈਫੀ ਤੇ ਗੁਲਫਿਸ਼ਾ ਫਾਤਿਮਾ

**ਨਵੀਂ ਦਿੱਲੀ** : ਦਿੱਲੀ ਹਾਈ ਕੋਰਟ ਨੇ 2020 'ਚ ਦਿੱਲੀ ਵਿੱਚ 'ਵੱਡੀ ਸਾਜ਼ਿਸ਼' ਦੇ ਕੇਸ ਵਿੱਚ ਜਵਾਹਰ ਲਾਲ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਆਗੂ ਉਮਰ ਖਾਲਿਦ, ਸ਼ਰਜੀਲ ਇਮਾਮ ਤੇ ਹੋਰਨਾਂ ਨੂੰ ਜ਼ਮਾਨਤ ਦੇਣ ਤੋਂ ਮੰਗਲਵਾਰ ਨਾਂਹ ਕਰ ਦਿੱਤੀ। ਕੋਰਟ ਨੇ ਜਿਨ੍ਹਾਂ ਹੋਰਨਾਂ ਦੀਆਂ ਜ਼ਮਾਨਤ ਅਰਜ਼ੀਆਂ ਰੱਦ ਕੀਤੀਆਂ, ਉਨ੍ਹਾਂ 'ਚ ਗੁਲਫਿਸ਼ਾ ਫਾਤਿਮਾ, ਯੂਨਾਈਟਿਡ ਅਗੇਂਸਟ ਹੇਟ ਦੇ ਬਾਨੀ ਖਾਲਿਦ ਸੈਫੀ, ਅਤਹਰ ਖਾਨ, ਮੁਹੰਮ ਸਲੀਮ, ਸ਼ਿਫਾ-ਉਰ-ਰਹਿਮਾਨ, ਮੀਰਾਂ ਹੈਦਰ ਤੇ ਸ਼ਾਦਾਬ ਅਹਿਮਦ ਸ਼ਾਮਲ ਹਨ। ਜਸਟਿਸ ਨਵੀਨ ਚਾਵਲਾ ਤੇ ਜਸਟਿਸ ਸ਼ਲਿੰਦਰ ਕੌਰ ਦੀ ਬੈਂਚ ਨੇ 9 ਜੁਲਾਈ ਨੂੰ ਰਾਖਵਾਂ ਰੱਖਿਆ ਫੈਸਲਾ ਸੁਣਾਉਂਦਿਆਂ ਕਿਹਾ—ਸਾਰੀਆਂ ਅਪੀਲਾਂ ਰੱਦ।

ਇਸੇ ਸੰਬੰਧ 'ਚ ਇੱਕ ਹੋਰ ਮਾਮਲੇ 'ਤੇ ਸੁਣਵਾਈ ਕਰਨ ਵਾਲੀ ਜਸਟਿਸ ਸੁਬਰਾਮਨੀਅਮ ਪ੍ਰਸਾਦ ਤੇ ਜਸਟਿਸ ਹਰੀਸ਼ ਵੈਦਿਆਨਾਥਨ ਸ਼ੰਕਰ ਦੀ ਬੈਂਚ ਵੀ ਤਸਲੀਮ ਅਹਿਮਦ ਦੀ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ।

ਵੇਲੇ ਦੇ ਪ੍ਰਸਤਾਵਤ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਪ੍ਰੋਟੈੱਸਟ ਦੌਰਾਨ 23 ਫਰਵਰੀ 2020 ਨੂੰ ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਉੱਤਰ-ਪੂਰਬੀ ਦਿੱਲੀ 'ਚ ਝੜਪਾਂ ਨਾਲ ਹੋਈ ਹਿੰਸਾ ਵਿੱਚ 53 ਲੋਕ ਮਾਰੇ ਗਏ ਸਨ ਤੇ ਸੈਂਕੜੇ ਜ਼ਖਮੀ ਹੋ ਗਏ ਸਨ। ਹੇਠਲੀਆਂ ਅਦਾਲਤਾਂ ਤੋਂ ਜ਼ਮਾਨਤ ਨਾ ਮਿਲਣ 'ਤੇ ਮੁਲਜ਼ਮਾਂ ਨੇ ਹਾਈ ਕੋਰਟ ਦਾ ਬੂਹਾ ਖੜਕਾਇਆ ਸੀ। ਉਨ੍ਹਾਂ ਦਲੀਲ ਦਿੱਤੀ ਸੀ ਕਿ ਉਹ ਚਾਰ ਤੋਂ ਵੱਧ ਸਾਲਾਂ ਤੋਂ ਜੇਲ੍ਹ ਵਿੱਚ ਹਨ ਅਤੇ ਮੁਕੱਦਮੇ ਦੀ ਸੁਸਤ ਰਫਤਾਰ ਨੇ ਉਨ੍ਹਾਂ ਨੂੰ ਅੰਦਰ ਹੀ ਸੜਨ ਲਈ ਮਜਬੂਰ ਕਰ ਦਿੱਤਾ ਹੈ। ਉਨ੍ਹਾਂ ਦਲੀਲ ਦਿੱਤੀ ਸੀ ਕਿ ਜਿਵੇਂ 2021 ਵਿੱਚ ਹਾਈ ਕੋਰਟ ਨੇ ਨਤਾਸ਼ਾ ਨਰਵਾਲ, ਦੇਵਾਂਗਨਾ ਕਲੀਤਾ ਤੇ ਆਸਿਫ ਇਕਬਾਲ ਤਨਹਾ ਨੂੰ ਜ਼ਮਾਨਤ ਦਿੱਤੀ, ਉਨ੍ਹਾਂ ਨੂੰ ਵੀ ਦਿੱਤੀ ਜਾਵੇ।

ਦਿੱਲੀ ਪੁਲਸ ਵੱਲੋਂ ਪੇਸ਼ ਹੋਏ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਤੇ ਅਮਿਤ ਪ੍ਰਸਾਦ ਨੇ ਜ਼ਮਾਨਤਾਂ ਦਾ ਵਿਰੋਧ ਕਰਦਿਆਂ ਕਿਹਾ ਕਿ 2020 ਦੇ ਦੰਗੇ ਆਪਮੁਹਾਰੇ ਨਹੀਂ, ਸਗੋਂ ਸਾਜ਼ਿਸ਼ ਤਹਿਤ ਯੋਜਨਾਬੱਧ ਸਨ। ਇਹ ਧਾਰਮਕ ਵੰਡੀ ਪਾਉਣ ਵਾਲੇ ਤੇ ਦੁਨੀਆ ਵਿੱਚ ਭਾਰਤ ਨੂੰ ਬਦਨਾਮ ਕਰਾਉਣ ਲਈ ਕੀਤੇ ਗਏ।

ਉਮਰ ਖਾਲਿਦ ਪੰਜ ਤੋਂ ਵੱਧ ਸਾਲਾਂ ਤੋਂ ਜੇਲ੍ਹ ਵਿੱਚ ਹੈ ਅਤੇ ਉਸ ਨੇ ਪਿਛਲੇ ਹਫਤੇ ਆਪਣਾ ਪੰਜਵਾਂ ਜਨਮ ਦਿਨ ਤਿਹਾੜ ਜੇਲ੍ਹ 'ਚ ਮਨਾਇਆ ਸੀ। ਉਸ ਨੇ ਜ਼ਮਾਨਤ ਲਈ ਛੇਵੀਂ ਕੋਸ਼ਿਸ਼ ਕੀਤੀ ਸੀ। ਸ਼ਰਜੀਲ ਦੇ ਵਕੀਲ ਅਹਿਮਦ ਇਬਰਾਹੀਮ ਨੇ ਕਿਹਾ ਕਿ ਉਹ ਹੁਣ ਸੁਪਰੀਮ ਕੋਰਟ ਦਾ ਬੂਹਾ ਖੜਕਾਉਣਗੇ।

# ਸਰਕਾਰ ਰਾਹਤ ਕਾਰਜ ਤੇਜ਼ ਕਰੇ : ਬੰਤ ਬਰਾੜ



**ਤਰਨ ਤਾਰਨ** : ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਦੀ ਤਰਨ ਤਾਰਨ ਕਾਰਜਕਾਰਨੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਕੁਦਰਤੀ ਆਫ਼ਤ ਮੀਂਹ ਨੇ ਪੰਜਾਬ ਦੇ ਲੋਕਾਂ ਦਾ ਬਹੁਤ ਨੁਕਸਾਨ ਕੀਤਾ ਹੈ। ਕਿਸਾਨਾਂ ਦੀਆਂ ਫਸਲਾਂ ਰੁੜ੍ਹ ਗਈਆਂ ਹਨ ਅਤੇ ਲੋਕਾਂ ਦਾ ਤੇ ਮਾਲ-ਡੰਗਰ ਦਾ ਜਾਨੀ ਨੁਕਸਾਨ ਵੀ ਹੋਇਆ ਹੈ। ਹੜ੍ਹ ਦੇ ਪਾਣੀ ਨਾਲ ਬਹੁਤ ਪਿੰਡ ਤਬਾਹ ਹੋ ਗਏ ਹਨ ਅਤੇ ਲੋਕ ਉੱਚੀਆਂ ਥਾਵਾਂ 'ਤੇ ਬੈਠ ਕੇ ਗੁਜ਼ਾਰਾ ਕਰ ਰਹੇ ਹਨ। ਮਹਾਨ ਇਨਕਲਾਬੀ ਅਰਜਨ ਸਿੰਘ ਗੜਗੱਜ ਭਵਨ ਵਿੱਚ ਮੀਟਿੰਗ ਵਿੱਚ ਬੋਲਦਿਆਂ ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਹੜ੍ਹ ਪੀੜਤਾਂ ਦੀ ਸਾਰ ਨਹੀਂ ਲੈ ਰਹੀ ਤੇ ਪੰਜਾਬ ਸਰਕਾਰ ਵੀ ਹੜ੍ਹ ਮਾਰੇ ਇਲਾਕਿਆਂ ਵਿੱਚ ਲੇਟ ਪਹੁੰਚੀ ਹੈ। ਜਦੋਂ ਕੁਦਰਤੀ ਆਫ਼ਤ ਦਾ ਕਹਿਰ ਲਗਾਤਾਰ ਜਾਰੀ ਹੈ ਤੇ ਫਿਰ ਪੰਜਾਬ ਤੇ ਕੇਂਦਰ ਸਰਕਾਰ ਨੂੰ ਰਾਹਤ ਕਾਰਜ ਬਹੁਤ ਤੇਜ਼ ਕਰਨੇ ਚਾਹੀਦੇ ਹਨ। ਪਹਿਲਾ ਕੰਮ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਦਾ ਹੈ, ਫਿਰ ਫੌਰੀ ਤੌਰ 'ਤੇ ਉਨ੍ਹਾਂ ਪਰਵਾਰਾਂ ਲਈ ਖੁਰਾਕ ਅਤੇ ਮਾਲ-ਡੰਗਰ ਲਈ ਚਾਰਾ ਮੁਹੱਈਆ ਕਰਨ ਦਾ ਹੈ।

ਬਰਾੜ ਨੇ ਕਿਹਾ ਕਿ ਕਿਸਾਨਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਘੱਟੋ-ਘੱਟ ਇੱਕ ਲੱਖ ਰੁਪਏ ਪ੍ਰਤੀ ਏਕੜ ਸਰਕਾਰ ਦੇਵੇ। ਪਸ਼ੂਆਂ ਅਤੇ ਘਰਾਂ ਦੇ ਨੁਕਸਾਨ ਦਾ ਵੱਖਰਾ ਦਿੱਤਾ ਜਾਵੇ। ਇਸੇ ਤਰ੍ਹਾਂ ਮਜ਼ਦੂਰ ਭਰਾਵਾਂ ਪ੍ਰਤੀ ਪਰਵਾਰ 30000 ਰੁਪਏ ਅਤੇ ਨੁਕਸਾਨ ਦੀ ਪੂਰਤੀ ਵੱਖਰੇ ਤੌਰ 'ਤੇ ਕੀਤੀ ਜਾਵੇ। ਉਹਨਾ ਕਿਹਾ ਕਿ ਸੀ ਪੀ ਆਈ ਦੀ ਕੌਮੀ ਕਾਂਗਰਸ, ਜੋ 21 ਤੋਂ 25 ਸਤੰਬਰ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਹੈ, ਦੀਆਂ ਤਿਆਰੀਆਂ ਵਿੱਚ ਕੋਈ ਘਾਟ ਨਹੀਂ ਰਹਿਣੀ ਚਾਹੀਦੀ।ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਕੌਮੀ ਕਾਂਗਰਸ ਉਸ ਵਕਤ ਹੋ ਰਹੀ ਹੈ, ਜਦੋਂ ਭਾਜਪਾ ਦੀ ਅਗਵਾਈ ਵਾਲੀ ਕੇਂਦਰੀ ਹਕੂਮਤ ਹਿੰਦੁਸਤਾਨ ਦੇ ਕੁਦਰਤੀ ਖਣਿਜ ਪਦਾਰਥ ਧੜਾਧੜ ਕਾਰਪੋਰੇਟ ਘਰਾਣਿਆਂ ਨੂੰ ਵੇਚੀ ਜਾ ਰਹੀ ਹੈ। ਦੇਸ਼ ਵਿੱਚ ਫਾਸ਼ੀਵਾਦ ਦਾ ਦੌਰ ਚੱਲ ਰਿਹਾ ਹੈ। ਜਿਹੜਾ ਬੁੱਧੀਜੀਵੀ, ਲੇਖਕ, ਪੱਤਰਕਾਰ ਅਤੇ ਚੈਨਲ ਵਾਲਾ ਮੋਦੀ ਸਰਕਾਰ ਖਿਲਾਫ ਲਿਖਦਾ, ਬੋਲਦਾ ਹੈ, ਉਸ ਨੂੰ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ। ਮੀਟਿੰਗ ਦੀ ਸਮਾਪਤੀ ਤੋਂ ਬਾਅਦ ਬੰਤ ਸਿੰਘ ਬਰਾੜ ਗੋਇੰਦਵਾਲ ਸਾਹਿਬ ਤੋਂ ਅੱਗੇ ਹੜ੍ਹ ਪੀੜਤਾਂ ਦੀ ਸਾਰ ਲੈਣ ਵਾਸਤੇ ਪਿੰਡ ਧੂੰਦਾ ਪਹੁੰਚੇ ਅਤੇ ਕਿਸਾਨ ਆਗੂ ਬਲਦੇਵ ਸਿੰਘ ਧੂੰਦਾ, ਬਲਜੀਤ ਸਿੰਘ ਫਤਿਆਬਾਦ, ਸਰਦੂਲ ਸਿੰਘ ਧੂੰਦਾ ਅਤੇ ਰਾਣੀ ਧੂੰਦਾ ਦੀ ਅਗਵਾਈ ਹੇਠ ਮੀਟਿੰਗ ਕੀਤੀ। ਲੋਕਾਂ ਨੇ ਮੰਗ ਕੀਤੀ ਕਿ ਸਰਕਾਰ ਸੁੱਕੀ ਰਸਦ ਪਹੁੰਚਾਵੇ। ਮੀਟਿੰਗ ਨੂੰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਦਵਿੰਦਰ ਸੋਹਲ ਨੇ ਵੀ ਸੰਬੋਧਨ। ਇਸ ਮੌਕੇ ਇਸਤਰੀ ਸਭਾ ਪਿੰਡ ਧੂੰਦਾ ਦੀ ਆਗੂ ਰਾਜਵਿੰਦਰ ਕੌਰ ਤੇ ਜਰਮਨਜੀਤ ਸਿੰਘ ਨੌਜਵਾਨ ਆਗੂ ਵੀ ਹਾਜ਼ਰ ਸਨ।

## ਭੁਚਾਲ ਨਾਲ 1400 ਤੋਂ ਵੱਧ ਮੌਤਾਂ

**ਕਾਬੁਲ** : ਪੂਰਬੀ ਅਫਗਾਨਿਸਤਾਨ ਵਿੱਚ ਐਤਵਾਰ ਅੱਧੀ ਰਾਤੀਂ ਆਏ ਸ਼ਕਤੀਸ਼ਾਲੀ ਭੂਚਾਲ ਵਿੱਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 1411 ਹੋ ਗਈ ਹੈ ਅਤੇ 3250 ਲੋਕ ਜ਼ਖਮੀ ਹੋਏ ਹਨ। ਬਚਾਅ ਟੀਮਾਂ ਵੱਲੋਂ ਇਲਾਕੇ ਵਿੱਚ ਬਚੇ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ।

## ਚੰਦਰਸ਼ੇਖਰ ਨੇ ਵਿਧਾਇਕ ਬੇਟੀ ਨੂੰ ਕੀਤਾ ਮੁਅੱਤਲ

**ਹੈਦਰਾਬਾਦ** : ਭਾਰਤ ਰਾਸ਼ਟਰ ਸਮਿਤੀ (ਬੀ ਆਰ ਐੱਸ) ਨੇ ਵਿਧਾਇਕ ਕੇ ਕਵਿਤਾ ਨੂੰ ਪਾਰਟੀ ਵਿਰੋਧੀ ਸਰਗਰਮੀਆਂ ਕਾਰਨ ਪਾਰਟੀ ਤੋਂ ਮੁਅੱਤਲ ਕਰ ਦਿੱਤਾ ਹੈ। ਪਾਰਟੀ ਦੇ ਜਨਰਲ ਸਕੱਤਰਾਂ ਟੀ ਰਵਿੰਦਰ ਅਤੇ ਸੋਮਾ ਭਰਤ ਕੁਮਾਰ ਨੇ ਕਿਹਾ ਕਿ ਪਾਰਟੀ ਦੇ ਪ੍ਰਧਾਨ ਕੇ ਚੰਦਰਸ਼ੇਖਰ ਰਾਓ ਨੇ ਬੇਟੀ ਕਵਿਤਾ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰਨ ਦਾ ਫੈਸਲਾ ਕੀਤਾ ਹੈ। ਕਵਿਤਾ ਨੇ ਆਪਣੇ ਪਿਤਾ ਨੂੰ ਪਿੱਛੇ ਜਿਹੇ ਪੱਤਰ ਲਿਖ ਕੇ ਕਿਹਾ ਸੀ ਕਿ ਉਨ੍ਹਾ ਨੂੰ ਸ਼ੈਤਾਨ ਆਗੂਆਂ ਨੇ ਘੇਰਾ ਪਾਇਆ ਹੋਇਆ ਹੈ। ਇਸ ਨਾਲ ਪਾਰਟੀ ਵਿੱਚ ਹਲਚਲ ਮਚ ਗਈ ਸੀ। ਉਸ ਤੋਂ ਬਾਅਦ ਕਵਿਤਾ ਦੀ ਪਾਰਟੀ ਵਿੱਚ ਸਰਗਰਮੀ ਘਟ ਗਈ ਸੀ ਤੇ ਉਸ ਨੇ 'ਤਿਲੰਗਾਨਾ ਜਾਗਰਤੀ' ਨਾਂਅ ਦੀ ਆਪਣੀ ਜਥੇਬੰਦੀ ਹੇਠ ਸਿਆਸੀ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਸਨ। ਸਰਕਾਰ ਵੱਲੋਂ ਕਾਲੇਸ਼ਵਰਮ ਪ੍ਰੋਜੈਕਟ ਵਿੱਚ ਬੇਨੇਮੀਆਂ ਦੀ ਸੀ ਬੀ ਆਈ ਤੋਂ ਜਾਂਚ ਕਰਾਉਣ ਦਾ ਫੈਸਲਾ ਕਰਨ ਤੋਂ ਬਾਅਦ ਕਵਿਤਾ ਨੇ ਸਾਬਕਾ ਮੰਤਰੀ ਤੇ ਪਾਰਟੀ ਵਿਧਾਇਕ ਟੀ ਹਰੀਸ਼ ਰਾਓ (ਜੋ ਕਵਿਤਾ ਦਾ ਰਿਸ਼ਤੇਦਾਰ ਵੀ ਹੈ) ਅਤੇ ਸਾਬਕਾ ਸਾਂਸਦ ਸੰਤੋਸ਼ ਕੁਮਾਰ 'ਤੇ ਹਮਲਾ ਕਰਦਿਆਂ ਕਿਹਾ ਸੀ ਕਿ ਇਨ੍ਹਾਂ ਨੇ ਹੀ ਚੰਦਰਸ਼ੇਖਰ ਰਾਓ ਨੂੰ ਬਦਨਾਮ ਕਰਵਾਇਆ ਹੈ। ਪਾਰਟੀ ਨੇ ਇਸ ਦਾ ਗੰਭੀਰ ਨੋਟਿਸ ਲਿਆ ਤੇ ਉਸ ਨੂੰ ਮੁਅੱਤਲ ਕਰ ਦਿੱਤਾ ਹੈ।


## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ 'ਤੇ ਮੇਲਾ ਜੱਗ ਮੌਕੇ **ਗੋਇੰਦਵਾਲ ਸਾਹਿਬ** ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਕਾਬਲ ਸਿੰਘ ਮੱਲ੍ਹੀ** ਨਾਲ ਮੋਬਾਇਲ ਨੰਬਰ 99142-36641 'ਤੇ ਸੰਪਰਕ ਕੀਤਾ ਜਾ ਸਕਦਾ ਹੈ। *-ਜਨਰਲ ਮੈਨੇਜਰ*


# ਸਤਲੁਜ ਦਰਿਆ ਖਤਰੇ ਦੇ ਨਿਸ਼ਾਨ ਤੋਂ ਉੱਪਰ



**ਸ਼ਾਹਕੋਟ (ਗਿਆਨ ਸੈਦਪੁਰੀ)**

ਗਿੱਦੜਪਿੰਡੀ ਕੋਲ ਸਤਲੁਜ ਦਰਿਆ ਦਾ ਪਾਣੀ ਖਤਰੇ ਦੇ ਨਿਸ਼ਾਨ ਤੋਂ ਉੱਪਰ ਵਗਣ ਲੱਗ ਪਿਆ ਹੈ। ਦੋਆਬੇ ਦੀਆਂ ਦੋਵੇਂ ਵੇਈਆਂ—ਚਿੱਟੀ ਵੇਈਂ ਤੇ ਕਾਲੀ ਵੇਈਂ—ਦਾ ਪਾਣੀ ਵੀ ਕੰਢਿਆਂ ਤੋਂ ਬਾਹਰ ਵਗਣ ਲੱਗ ਪਿਆ ਹੈ। ਨਾਲ ਲੱਗਦੇ ਇਲਾਕਿਆਂ ਵਿੱਚ ਹੜ੍ਹ ਵਰਗੀ ਸਥਿਤੀ ਬਣ ਗਈ ਹੈ।

ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਧੁੱਸੀ ਬੰਨ੍ਹ 'ਤੇ ਇਕੱਠੇ ਹੋਏ ਲੋਕਾਂ ਨੂੰ ਚੌਕਸ ਰਹਿਣ ਦਾ ਸੱਦਾ ਦਿੱਤਾ ਹੈ। ਉਨ੍ਹਾ ਦੱਸਿਆ ਕਿ 1 ਸਤੰਬਰ ਨੂੰ ਰੋਪੜ ਬੈਰਾਜ ਤੋਂ ਸਤਲੁਜ ਦਰਿਆ ਵਿੱਚ 1 ਲੱਖ 14 ਹਜ਼ਾਰ ਕਿਊਸਿਕ ਪਾਣੀ ਛੱਡਿਆ ਗਿਆ ਸੀ। ਸਤਲੁਜ ਦਰਿਆ ਦੀ ਸਮਰੱਥਾ 2 ਲੱਖ ਕਿਊਸਿਕ ਦੀ ਹੈ। ਜੇ ਹਿਮਾਚਲ ਪ੍ਰਦੇਸ਼ ਵਿੱਚ ਮੀਂਹ ਹੋਰ ਪੈਂਦਾ ਹੈ ਜਾਂ ਫਿਰ ਭਾਖੜਾ ਡੈਮ ਤੋਂ ਵਾਧੂ ਛੱਡਿਆ ਜਾਂਦਾ ਹੈ ਤਾਂ ਸਥਿਤੀ ਵਿਗੜ ਸਕਦੀ ਹੈ। ਹੁਣ ਗਿੱਦੜਪਿੰਡੀ ਪੁਲ ਹੇਠਾਂ 1 ਲੱਖ 28 ਹਜ਼ਾਰ ਕਿਊਸਿਕ ਦੇ ਕਰੀਬ ਪਾਣੀ ਵਗ ਰਿਹਾ ਹੈ।

# ਮੇਰੀ ਮਾਂ ਦਾ ਨਿਰਾਦਰ ਕੀਤਾ : ਮੋਦੀ

**ਨਵੀਂ ਦਿੱਲੀ** : ਬਿਹਾਰ ਵਿੱਚ ਰਾਜਦ ਅਤੇ ਕਾਂਗਰਸ ਦੀ ਸਾਂਝੀ ਸਟੇਜ ਤੋਂ ਕੁਝ ਆਗੂਆਂ ਵੱਲੋਂ ਆਪਣੀ ਸਵਰਗੀ ਮਾਂ ਖਿਲਾਫ ਕੀਤੀਆਂ ਗਈਆਂ ਹਾਲੀਆ ਟਿੱਪਣੀਆਂ 'ਤੇ ਚੁੱਪੀ ਤੋੜਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਕਿਹਾ ਕਿ ਉਨ੍ਹਾ ਦੀ ਮਾਂ ਦਾ ਅਪਮਾਨ ਭਾਰਤ ਦੀ ਹਰ ਮਾਂ, ਧੀ ਅਤੇ ਭੈਣ ਦਾ ਨਿਰਾਦਰ ਹੈ। ਉਨ੍ਹਾ ਬਿਹਾਰ ਵਿੱਚ ਰਾਜ ਜੀਵਿਕਾ ਨਿਧੀ ਸ਼ਾਖ ਸਹਿਕਾਰੀ ਸੰਘ ਲਿਮਟਿਡ ਨੂੰ ਵੀਡੀਓ ਕਾਨਫਰੰਸਿੰਗ ਜ਼ਰੀਏ ਲਾਂਚ ਕਰਦੇ ਹੋਏ ਕਿਹਾ, "ਮੈਂ ਜਾਣਦਾ ਹਾਂ ਕਿ ਬਿਹਾਰ ਦੀਆਂ ਮਾਵਾਂ, ਧੀਆਂ ਅਤੇ ਭੈਣਾਂ ਇਸ ਬੇਇੱਜ਼ਤੀ ਤੋਂ ਓਨੀਆਂ ਹੀ ਦੁਖੀ ਹਨ,ਜਿੰਨਾ ਮੈਂ ਹਾਂ।" ਮੋਦੀ ਨੇ ਕਿਹਾ ਕਿ ਉਹ 50 ਸਾਲਾਂ ਤੋਂ ਵੱਧ ਸਮੇਂ ਤੋਂ ਸਮਾਜ ਅਤੇ ਦੇਸ਼ ਦੀ ਸੇਵਾ ਕਰ ਰਹੇ ਹਨ ਅਤੇ ਰਾਜਨੀਤੀ ਵਿੱਚ ਬਾਅਦ ਵਿੱਚ ਆਏ ਸਨ। ਪ੍ਰਧਾਨ ਮੰਤਰੀ ਨੇ ਵਿਰੋਧੀ ਧਿਰ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ, "ਹਰ ਮਾਂ ਚਾਹੁੰਦੀ ਹੈ ਕਿ ਉਸ ਦਾ ਪੁੱਤਰ ਉਹਦੀ ਸੇਵਾ ਕਰੇ, ਪਰ ਮੇਰੀ ਮਾਂ ਨੇ ਮੈਨੂੰ ਸਾਰੇ ਪਿਤਾ-ਪੁਰਖੀ ਫਰਜ਼ਾਂ ਨੂੰ ਤਿਆਗਣ ਦੀ ਇਜਾਜ਼ਤ ਦਿੱਤੀ ਤਾਂ ਜੋ ਮੈਂ ਆਪਣਾ ਜੀਵਨ ਦੇਸ਼ ਦੀ ਸੇਵਾ ਲਈ ਸਮਰਪਤ ਕਰ ਸਕਾਂ। ਅਜਿਹੀ ਮਾਂ ਜਿਸ ਦਾ ਮੇਰੇ ਜੀਵਨ ਵਿੱਚ ਬਹੁਤ ਵੱਡਾ ਯੋਗਦਾਨ ਹੈ ਅਤੇ ਜਿਸ ਦਾ ਰਾਜਨੀਤੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਉਸ 'ਤੇ ਅੱਪਸ਼ਬਦਾਂ ਨਾਲ ਹਮਲਾ ਕੀਤਾ ਗਿਆ। ਮੈਂ ਦੇਖ ਸਕਦਾ ਹਾਂ ਕਿ ਤੁਹਾਨੂੰ ਇਸ 'ਤੇ ਕਿੰਨਾ ਦੁੱਖ ਹੋ ਰਿਹਾ ਹੈ। ਇਹ ਬਹੁਤ ਦੁਖਦਾਈ ਹੈ।"

### 'ਮੋਦੀ ਆਪਣਾ ਚੇਤੇ ਕਰਨ'

ਤ੍ਰਿਣਮੂਲ ਕਾਂਗਰਸ ਦੀ ਸਾਂਸਦ ਮਹੂਆ ਮੋਇਤਰਾ ਨੇ ਕਿਹਾ ਕਿ ਜਿਹੜੇ ਮੋਦੀ ਆਪਣੀ ਮਾਂ ਦਾ ਨਿਰਾਦਰ ਕੀਤੇ ਜਾਣ ਦੀ ਗੱਲ ਕਹਿ ਰਹੇ ਹਨ, ਉਨ੍ਹਾਂ ਗਲੀਆਂ ਵਿੱਚ ਛੇੜਦੇ ਸ਼ੋਹਦਿਆਂ ਵਾਂਗ ਮਮਤਾ ਬੈਨਰਜੀ ਨੂੰ 'ਦੀਦੀ ਓ ਦੀਦੀ' ਕਹਿਣ ਤੋਂ ਇਲਾਵਾ ਸੋਨੀਆ ਗਾਂਧੀ ਨੂੰ ਜਰਸੀ ਗਾਂ ਤੇ ਕਾਂਗਰਸ ਦੀ ਵਿਧਵਾ ਅਤੇ ਸ਼ਸ਼ੀ ਥਰੂਰ ਦੀ ਪਤਨੀ ਨੂੰ 50 ਕਰੋੜ ਦੀ ਗਰਲਫਰੈਂਡ ਕਿਹਾ ਸੀ।

# ਕੇਂਦਰ ਸਰਕਾਰ ਮੁਆਵਜ਼ਾ ਮਾਪਦੰਡ ਸੋਧੇ : ਮਾਨ



**ਫ਼ਿਰੋਜ਼ਪੁਰ** : ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਲੋਕਾਂ ਨੂੰ ਨਿਗੂਣਾ ਮੁਆਵਜ਼ਾ ਦੇਣ ਉੱਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਮੁਆਵਜ਼ੇ ਲਈ ਮਾਪਦੰਡਾਂ ਵਿੱਚ ਸੋਧ ਕੀਤੀ ਜਾਵੇ।

ਜ਼ਮੀਨੀ ਹਾਲਾਤ ਦਾ ਜਾਇਜ਼ਾ ਲੈਣ ਲਈ ਕਿਸ਼ਤੀ ਵਿੱਚ ਫ਼ਿਰੋਜ਼ਪੁਰ ਦੇ ਹੜ੍ਹ ਪ੍ਰਭਾਵਤ ਇਲਾਕਿਆਂ ਦਾ ਦੌਰਾ ਕਰਨ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਸੂਬਾਈ ਆਫ਼ਤ ਰਾਹਤ ਫੰਡ (ਐੱਸ ਡੀ ਆਰ ਐੱਫ ) ਵਿੱਚ ਕਾਫ਼ੀ ਫੰਡ ਮੌਜੂਦ ਹਨ, ਪਰ ਗ੍ਰਹਿ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ ਅਧੀਨ ਮੌਜੂਦਾ ਮਾਪਦੰਡ ਕਿਸਾਨਾਂ, ਪਸ਼ੂ ਪਾਲਕਾਂ ਤੇ ਹੋਰ ਵਰਗਾਂ ਨੂੰ ਹੋਏ ਨੁਕਸਾਨ ਲਈ ਢੁਕਵਾਂ ਮੁਆਵਜ਼ਾ ਦੇਣ ਲਈ ਨਾਕਾਫ਼ੀ ਹਨ। ਉਨ੍ਹਾ ਕਿਹਾ ਕਿ ਨੋਟੀਫਾਇਡ ਸ਼ਰਤਾਂ ਕਿਸਾਨਾਂ ਦੇ ਅਸਲ ਨੁਕਸਾਨ ਦੇ ਮੁਕਾਬਲੇ ਪ੍ਰਸੰਗਿਕ ਨਹੀਂ ਹਨ। ਮਾਨ ਨੇ ਕਿਹਾ ਕਿ ਫ਼ਸਲਾਂ ਪਾਲਣ ਲਈ ਕਿਸਾਨਾਂ ਦੀ ਵਧੀ ਲਾਗਤ ਦੇ ਮੁਕਾਬਲੇ ਕਿਸਾਨਾਂ ਨੂੰ ਇਸ ਕੁਦਰਤੀ ਆਫ਼ਤ ਕਾਰਨ ਹੋਏ ਨੁਕਸਾਨ ਲਈ ਪ੍ਰਤੀ ਏਕੜ ਮੁਆਵਜ਼ਾ ਬਹੁਤ ਘੱਟ ਹੈ।

ਪਿੰਡ ਗਟੀ ਰਾਜੋ ਕੀ ਵਿੱਚ ਅਧਿਕਾਰੀਆਂ ਨਾਲ ਕਿਸ਼ਤੀ ਰਾਹੀਂ ਹਾਲਾਤ ਦਾ ਜਾਇਜ਼ਾ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹੜ੍ਹਾਂ ਕਾਰਨ ਪੱਕਣ ਕੰਢੇ ਪੁੱਜੀਆਂ ਫ਼ਸਲਾਂ ਦਾ ਬਹੁਤ ਵੱਡਾ • ਬਾਕੀ ਸਫਾ 2 'ਤੇ

# ਕੇਂਦਰ ਤੁਰੰਤ ਸਪੈਸ਼ਲ ਪੈਕੇਜ ਦੇਵੇ : ਚੀਮਾ



**ਪਠਾਨਕੋਟ (ਦਵਿੰਦਰ ਸਿੰਘ)**

ਪਿਛਲੇ ਦਿਨ੍ਹਾਂ ਦੌਰਾਨ ਜ਼ਿਲ੍ਹਾ ਪਠਾਨਕੋਟ ਵਿੱਚ ਹੜ੍ਹਾਂ ਨਾਲ ਕਾਫੀ ਖੇਤਰ ਪ੍ਰਭਾਵਿਤ ਹੋਇਆ ਹੈ, ਵਿਸ਼ੇਸ਼ ਤੌਰ 'ਤੇ ਬਮਿਆਲ ਅਤੇ ਨਰੋਟ ਜੈਮਲ ਸਿੰਘ ਦਾ ਖੇਤਰ, ਜਿੱਥੇ ਲੋਕਾਂ ਨੂੰ ਰਾਵੀ, ਉਜ ਅਤੇ ਜਲਾਲੀਆਂ ਦੇ ਪਾਣੀ ਨੇ ਮਾਰ ਹੇਠ ਲਿਆਂਦਾ ਹੈ, ਰਾਵੀ ਦੇ ਕਿਨਾਰੇ ਕਥਲੋਰ ਪੁਲ ਤੋਂ ਨਰੋਟ ਜੈਮਲ ਸਿੰਘ ਤੱਕ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਪੱਕਾ ਧੁਸੀ ਬੰਨ ਬਣਾਇਆ ਜਾਵੇਗਾ, ਫੰਡ ਦੀ ਕੋਈ ਕਮੀ ਨਹੀਂ ਆਉਂਣ ਦਿੱਤੀ ਜਾਵੇਗੀ ਅਤੇ ਇਹ ਬੰਨ੍ਹ ਉਹ ਆਪਣੀ ਨਿਗਰਾਨੀ ਵਿੱਚ ਬਣਾਣਗੇ। ਇਹ ਪ੍ਰਗਟਾਵਾ ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਪੰਜਾਬ ਨੇ ਰਾਵੀ ਦਰਿਆ ਦੇ ਨਾਲ ਲਗਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨ ਮਗਰੋਂ ਕੀਤਾ। ਹੋਰਨਾਂ ਤੋਂ ਇਲਾਵਾ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ, ਆਦਿੱਤਿਆ ਉਪਲ ਡਿਪਟੀ ਕਮਿਸਨਰ ਪਠਾਨਕੋਟ, ਦਲਜਿੰਦਰ ਸਿੰਘ ਢਿੱਲੋਂ ਐੱਸ ਐੱਸ ਪੀ ਪਠਾਨਕੋਟ, ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀ ਸੀ ਵਿੰਗ ਪਠਾਨਕੋਟ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਭੁਪਿੰਦਰ ਸਿੰਘ ਕਟਾਰੂ ਚੱਕ, ਖੁਸ਼ਬੀਰ ਕਾਟਲ, ਅਸ਼ਵਨੀ ਕੁਮਾਰ ਲਾਡੀ, ਰੋਸ਼ਨ ਲਾਲ ਭਗਤ ਜ਼ਿਲ੍ਹਾ ਪ੍ਰਧਾਨ ਐੱਸ ਸੀ ਵਿੰਗ ਪਠਾਨਕੋਟ, ਲਵਲੀ ਮੰਜੀਰੀ, ਰਾਜ ਕੁਮਾਰ ਸਰਪੰਚ ਕੋਹਲੀਆ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਦੇ ਕਾਰਜਕਰਤਾ ਅਤੇ ਸੰਬੰਧਤ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ।ਸਭ ਤੋਂ ਪਹਿਲਾ ਵਿੱਤ ਮੰਤਰੀ ਵੱਲੋਂ ਰਾਵੀ ਅੰਦਰ ਪਾਣੀ ਦੇ ਪੱਧਰ ਦਾ ਜਾਇਜਾ ਲਿਆ ਅਤੇ ਕਥਲੋਰ ਪੁਲ ਦੇ ਨਜ਼ਦੀਕ ਬਣਾਏ ਜਾ ਰਹੇ ਬੰਨ੍ਹ ਦਾ ਨਿਰੀਖਣ ਕਰਨ ਪਹੁੰਚੇ, ਜਿੱਥੇ ਉਨ੍ਹਾ ਨੂੰ ਲਾਲ ਚੰਦ ਕਟਾਰੂ ਚੱਕ ਨੇ ਵਿਧਾਨ ਸਭਾ ਹਲਕਾ ਭੋਆ ਅੰਦਰ ਹੜ੍ਹ ਦੇ ਕਾਰਨ ਹੋਏ ਪ੍ਰਭਾਵਿਤ ਖੇਤਰਾਂ ਅਤੇ ਰਾਵੀ ਦੇ ਹੋ ਰਹੇ ਭੂਮੀ ਕਟਾਓ ਦੇ ਬਾਰੇ ਵਿੱਚ ਜਾਣੂ ਕਰਵਾਇਆ। ਚੀਮਾ ਨੇ ਕਿਹਾ ਕਿ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਅੰਦਰ ਹੋਈ ਤੇਜ਼ ਬਾਰਿਸ਼ ਦੇ ਚਲਦਿਆਂ ਪਾਣੀ ਦਾ ਪੱਧਰ ਵਧ ਗਿਆ ਅਤੇ ਜ਼ਿਲ੍ਹਾ ਪਠਾਨਕੋਟ ਦਾ ਬਮਿਆਲ ਅਤੇ ਨਰੋਟ ਜੈਮਲ ਸਿੰਘ ਦਾ ਕਾਫੀ ਖੇਤਰ ਹੜ੍ਹ ਦੀ ਮਾਰ ਹੇਠ ਆ ਗਿਆ।ਉਨ੍ਹਾ ਕਿਹਾ ਕਿ ਕਥਲੋਰ ਪੁਲ ਤੋਂ ਨਰੋਟ ਜੈਮਲ ਸਿੰਘ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਰਾਵੀ ਦੇ ਕਿਨਾਰੇ ਬੰਨ੍ਹ ਬਣਾਇਆ ਜਾਵੇਗਾ, ਤਾਂ ਜੋ ਲੋਕਾਂ ਦੀ ਰੱਖਿਆ ਕੀਤੀ ਜਾ ਸਕੇ।

# ਬਚਾਅ ਕਾਰਜਾਂ 'ਚ ਰੁੱਝੇ ਹਰਜੋਤ ਬੈਂਸ



**ਨੰਗਲ (ਸੁਰਜੀਤ ਸਿੰਘ)**

ਸਿੱਖਿਆ, ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਤਲੁਜ ਦੇ ਕੰਢੇ ਵਸੇ ਬੇਲਿਆਂ ਦੇ ਪਿੰਡਾਂ ਦਾ ਦੌਰਾ ਕਰਕੇ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾ ਰਾਹਤ ਕੇਂਦਰਾਂ ਵਿੱਚ ਤਾਇਨਾਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਪੂਰੀ ਲਗਨ ਅਤੇ ਮਿਹਨਤ ਨਾਲ ਡਿਊਟੀ ਨਿਭਾਉਣ ਦੇ ਨਿਰਦੇਸ਼ ਦਿੱਤੇ ਅਤੇ ਇਲਾਕੇ ਦੇ ਯੂਥ ਕਲੱਬਾਂ, ਮਹਿਲਾ ਮੰਡਲਾਂ, ਆਪ ਵਲੰਟੀਅਰਾਂ, ਪੰਚਾਂ, ਸਰਪੰਚਾਂ ਤੋਂ ਪ੍ਰਸ਼ਾਸਨ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ।ਭਾਰੀ ਵਰਖਾ ਦੇ ਬਾਵਜੂਦ ਦਰਿਆ ਕੰਢੇ ਬੇਲਿਆਂ ਦੇ ਪਿੰਡਾਂ ਵਿੱਚ ਕਿਸ਼ਤੀ ਰਾਹੀਂ ਪਾਣੀ ਨਾਲ ਪ੍ਰਭਾਵਤ ਹੋਏ ਰਸਤਿਆਂ ਤੇ ਮੋਟਰਸਾਈਕਲ ਰਾਹੀਂ ਜਾਇਜ਼ਾ ਲੈਣ ਲਈ ਪਹੁੰਚੇ ਬੈਂਸ ਨੇ ਕਿਹਾ ਕਿ ਲੋਕ ਬਿਲਕੁਲ ਭੈਅਭੀਤ ਨਾ ਹੋਣ, ਅਫਵਾਹਾਂ 'ਤੇ ਭਰੋਸਾ ਨਾ ਕਰਨ, ਅਸੀਂ ਗਰਾਊਂਡ ਜ਼ੀਰੋ 'ਤੇ ਪ੍ਰਸ਼ਾਸਨ ਅਤੇ ਆਪਣੇ ਸਾਥੀਆਂ ਨਾਲ ਡਟੇ ਹੋਏ ਹਾਂ, ਤੁਹਾਡੇ ਜਾਨ-ਮਾਲ ਦੀ ਰਾਖੀ ਕਰਨ ਵਿੱਚ ਕੋਈ ਕਸਰ ਨਹੀ ਛੱਡਾਂਗੇ। ਇਸ ਮੌਕੇ ਸਚਿਨ ਪਾਠਕ ਐੱਸ ਡੀ ਐੱਮ, ਸਿਮਰਨਜੀਤ ਸਿੰਘ ਥਾਣਾ ਮੁਖੀ, ਦਲਜੀਤ ਸਿੰਘ ਕਾਕਾ, ਨਿਤਿਨ ਬਾਸੋਵਾਲ, ਐਡਵੋਕੇਟ ਨਿਸ਼ਾਤ ਗੁਪਤਾ, ਆਪ ਵਲੰਟੀਅਰ, ਆਮ ਆਦਮੀ ਪਾਰਟੀ ਦੇ ਆਗੂ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਸੰਜੀਵ ਅਰੋੜਾ ਨੇ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਲਈ ਰਾਸ਼ਨ ਕਿੱਟਾਂ ਦੇ ਸੱਤ ਟਰੱਕਾਂ ਨੂੰ ਹਰੀ ਝੰਡੀ ਦਿਖਾ ਕੇ ਕੀਤਾ ਰਵਾਨਾ



**ਲੁਧਿਆਣਾ** : ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ, ਗਲਾਡਾ ਦੇ ਮੁੱਖ ਪ੍ਰਸ਼ਾਸਕ ਸੰਦੀਪ ਕੁਮਾਰ, ਐੱਮ ਸੀ ਕਮਿਸ਼ਨਰ ਆਦਿੱਤਿਆ ਡਚਲਵਾਲ ਦੇ ਨਾਲ ਮੰਗਲਵਾਰ ਨੂੰ ਪੰਜਾਬ ਭਰ ਦੇ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ 'ਚ ਲੋਕਾਂ ਦੀ ਸਹਾਇਤਾ ਲਈ ਜ਼ਰੂਰੀ ਦਵਾਈਆਂ, ਸਟਾਫ ਨਾਲ ਲੈਸ ਸੱਤ ਟਰੱਕਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਇਹ ਸਹਾਇਤਾ ਫਿਰੋਜ਼ਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ, ਜਲੰਧਰ, ਫਾਜ਼ਿਲਕਾ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਭੇਜੀ ਗਈ ਹੈ। ਰਾਹਤ ਟਰੱਕਾਂ ਵਿੱਚ ਜ਼ਰੂਰੀ ਸਮਾਨ ਲੱਦਿਆ ਹੋਇਆ ਹੈ, ਜਿਸ ਵਿੱਚ 3,500 ਕਿਲੋ ਚੌਲ, 1.44 ਲੱਖ ਪੈਕੇਟ ਬਿਸਕੁਟ, 1000 ਸਾਬਣ, 2100 ਪੈਕੇਟ ਮੈਗੀ, 2,000 ਬੋਤਲਾਂ ਪਾਣੀ, 6300 ਪੈਕੇਟ ਸੁੱਕਾ ਦੁੱਧ, 125 ਕਿਲੋ ਸੁੱਕਾ ਦੁੱਧ (ਵੱਡੇ ਪੈਕੇਟ), 12,000 ਕਿਲੋ ਪਸ਼ੂ ਚਾਰਾ, ਜ਼ਰੂਰੀ ਦਵਾਈਆਂ ਤੇ ਕੱਪੜੇ ਸ਼ਾਮਲ ਹਨ।ਐਂਬੂਲੈਂਸਾਂ ਦੇ ਨਾਲ ਮੈਡੀਕਲ ਸਟਾਫ ਵੀ ਤਾਇਨਾਤ ਕੀਤਾ ਗਿਆ ਹੈ।ਉਨ੍ਹਾਂ ਨੇ ਡੀ ਐਮ ਸੀ ਐਚ ਦੇ ਪ੍ਰਿੰਸੀਪਲ ਡਾ. ਜੀ ਐਸ ਵਾਂਡਰ ਅਤੇ ਡਾ. ਬਿਸ਼ਵ ਮੋਹਨ ਦਾ ਕੱਲ੍ਹ ਤੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਮੈਡੀਕਲ ਕੈਂਪਾਂ ਦਾ ਐਲਾਨ ਕਰਨ ਲਈ ਧੰਨਵਾਦ ਕੀਤਾ।

## ਦੇਸ਼ ਵਾਸੀ ਮੁਸੀਬਤ 'ਚ ਫਸੇ ਪੰਜਾਬ ਦਾ ਸਾਥ ਦੇਣ : ਕੇਜਰੀਵਾਲ

**ਚੰਡੀਗੜ੍ਹ** : ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਦੇਸ਼ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਮੁਸ਼ਕਲ ਭਰੇ ਸਮੇਂ ਵਿੱਚ ਪੰਜਾਬ ਦੇ ਲੋਕਾਂ ਦੀ ਹਰ ਸੰਭਵ ਮਦਦ ਕਰਨ। ਕੇਜਰੀਵਾਲ ਨੇ ਐਕਸ 'ਤੇ ਇਕ ਪੋਸਟ ਵਿੱਚ ਕਿਹਾ ਕਿ ਦੇਸ਼ 'ਤੇ ਜਦੋਂ ਵੀ ਕੋਈ ਮੁਸੀਬਤ ਆਈ ਹੈ ਤਾਂ ਪੰਜਾਬ ਨੇ ਹਮੇਸ਼ਾ ਮੋਹਰੀ ਹੋ ਕੇ ਉਸ ਮੁਸੀਬਤ ਨੂੰ ਆਪਣੇ ਪਿੰਡੇ 'ਤੇ ਹੰਢਾਇਆ ਹੈ, ਪਰ ਅੱਜ ਜਦੋਂ ਪੰਜਾਬ ਸੰਕਟ ਵਿੱਚ ਹੈ ਤਾਂ ਕੋਈ ਵੀ ਪੰਜਾਬ ਦੀ ਮਦਦ ਲਈ ਅੱਗੇ ਨਹੀਂ ਆ ਰਿਹਾ ਹੈ। ਉਨ੍ਹਾ ਸਾਰਿਆਂ ਨੂੰ ਅਪੀਲ ਕੀਤੀ ਕਿ ਇਸ ਮੁਸ਼ਕਲ ਸਮੇਂ ਵਿੱਚ ਪੰਜਾਬ ਦੇ ਲੋਕਾਂ ਦੀ ਹਰ ਪੱਖ ਤੋਂ ਮਦਦ ਕੀਤੀ ਜਾਵੇ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੇ ਸਾਰੇ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੇ ਆਪਣੀ ਇੱਕ-ਇੱਕ ਮਹੀਨੇ ਦੀ ਤਨਖਾਹ ਮੁੱਖ ਮੰਤਰੀ ਰਾਹਤ ਫੰਡ ਵਿੱਚ ਦਿੱਤੀ ਹੈ।

## ਅੱਜ-ਨਾਮਾ

ਮੁਸ਼ਕਲ ਵੱਡੀ ਸਿਰ ਪਈ ਪੰਜਾਬੀਆਂ ਦੇ,
ਸਕਦਾ ਕੁਦਰਤ ਨੂੰ ਕੋਈ ਨਾ ਰੋਕ ਬੇਲੀ।
ਵਹਿਣ ਪਾਣੀ ਦਾ ਕਈ ਥਾਂ ਤੇਜ਼ ਬਾਹਲਾ,
ਆਉਂਦਾ ਡੈਮਾਂ ਤੋਂ ਹੋਰ ਫਿਰ ਥੋਕ ਬੇਲੀ।
ਆਪਣੇ ਤੌਰ 'ਤੇ ਲੱਗੀ ਹਰ ਟੀਮ ਲੱਗਦੀ,
ਪੂਰੀ ਤਾਕਤ ਸਰਕਾਰ ਦਿੱਤੀ ਝੋਕ ਬੇਲੀ।
ਜਿਹੜੇ ਇਲਾਕੇ ਕੁਝ ਮਾਰ ਤੋਂ ਬਚੇ ਹੋਏ,
ਓਥੋਂ ਦੇ ਮਦਦ ਨੂੰ ਚੱਲ ਪਏ ਲੋਕ ਬੇਲੀ।
ਹਿੰਮਤ ਹਾਰਨ ਨਾ ਸਿੱਖੀ ਪੰਜਾਬੀਆਂ ਨੇ,
ਘਾਲਦੇ ਆਏ ਨੇ ਯੁੱਗਾਂ ਤੋਂ ਘਾਲ ਬੇਲੀ।
ਮੁਸੀਬਤ ਵੱਡੀ ਤਾਂ ਝੱਲਣੀ ਪਊ ਸਭ ਨੂੰ,
ਸਿਰੜ, ਹਿੰਮਤ ਤੇ ਸਾਂਝ ਦੇ ਨਾਲ ਬੇਲੀ।

-ਤੀਸ ਮਾਰ ਖਾਂ

# ਅਸਲ ਦੋਸ਼ੀ ਦੀ ਰਿਹਾਈ ਅਪਰਾਧਕ ਨਿਆਂ ਪ੍ਰਣਾਲੀ 'ਤੇ ਧੱਬਾ : ਸੁਪਰੀਮ ਕੋਰਟ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਹੇਠਲੀਆਂ ਅਦਾਲਤਾਂ ਨੂੰ ਸ਼ੱਕ ਤੋਂ ਪਰ੍ਹੇ ਦੇ ਸਿਧਾਂਤ ਨੂੰ ਢਿੱਲੇ ਢੰਗ ਨਾਲ ਲਾਗੂ ਕਰਕੇ ਗੰਭੀਰ ਅਪਰਾਧਾਂ ਦੇ ਦੋਸ਼ੀਆਂ ਨੂੰ ਬਰੀ ਕਰਨ ਵਿਰੁੱਧ ਸਾਵਧਾਨ ਕਰਦਿਆਂ ਕਿਹਾ ਹੈ ਕਿ ਅਸਲ ਦੋਸ਼ੀ ਦੀ ਹਰ ਇੱਕ ਰਿਹਾਈ ਅਪਰਾਧਕ ਨਿਆਂ ਪ੍ਰਣਾਲੀ 'ਤੇ ਇੱਕ ਧੱਬਾ ਹੈ।

ਜਸਟਿਸ ਸੰਜੇ ਕੁਮਾਰ ਅਤੇ ਜਸਟਿਸ ਸਤੀਸ਼ ਚੰਦਰ ਸ਼ਰਮਾ ਦੀ ਬੈਂਚ ਨੇ ਕਿਹਾ, "ਅਸਲ ਦੋਸ਼ੀ ਦੀ ਰਿਹਾਈ ਦਾ ਹਰ ਮਾਮਲਾ ਸਮਾਜ ਦੀ ਸੁਰੱਖਿਆ ਦੀ ਭਾਵਨਾ ਦੇ ਵਿਰੁੱਧ ਹੁੰਦਾ ਹੈ ਅਤੇ ਅਪਰਾਧਕ ਨਿਆਂ ਪ੍ਰਣਾਲੀ 'ਤੇ ਇੱਕ ਧੱਬੇ ਵਾਂਗ ਕੰਮ ਕਰਦਾ ਹੈ। ਇਸ ਲਈ ਨਾ ਸਿਰਫ ਕਿਸੇ ਨਿਰਦੋਸ਼ ਨੂੰ ਉਸ ਕੰਮ ਲਈ ਸਜ਼ਾ ਨਹੀਂ ਮਿਲਣੀ ਚਾਹੀਦੀ ਜੋ ਉਸ ਨੇ ਨਹੀਂ ਕੀਤਾ, ਬਲਕਿ ਨਾਲ ਹੀ ਕੋਈ ਵੀ ਦੋਸ਼ੀ ਗੈਰ-ਵਾਜਬ ਸ਼ੰਕਿਆਂ ਅਤੇ ਪ੍ਰਕਿਰਿਆ ਦੀ ਗਲਤ ਵਰਤੋਂ ਦੇ ਆਧਾਰ 'ਤੇ ਰਿਹਾਈ ਪ੍ਰਾਪਤ ਨਹੀਂ ਕਰਨਾ ਚਾਹੀਦਾ।" ਬੈਂਚ ਨੇ ਪਟਨਾ ਹਾਈ ਕੋਰਟ ਦੇ ਉਸ ਫੈਸਲੇ ਨੂੰ ਖਾਰਜ ਕਰ ਦਿੱਤਾ, ਜਿਸ ਨੇ ਇੱਕ ਨਾਬਾਲਗ ਕੁੜੀ ਨਾਲ ਬਲਾਤਕਾਰ ਕਰਨ ਦੇ ਪੋਕਸੋ ਐਕਟ ਦੀਆਂ ਸਖਤ ਧਾਰਾਵਾਂ ਤਹਿਤ ਦੋਸ਼ੀ ਦੋ ਵਿਅਕਤੀਆਂ ਨੂੰ ਮੁਕੱਦਮੇ ਵਿੱਚ ਮਾਮੂਲੀ ਘਾਟਾਂ ਦੇ ਆਧਾਰ 'ਤੇ ਬਰੀ ਕਰ ਦਿੱਤਾ ਸੀ।

ਦੋਸ਼ੀਆਂ 'ਤੇ ਹੇਠਲੀ ਅਦਾਲਤ ਵੱਲੋਂ ਲਗਾਈ ਗਈ ਉਮਰ ਕੈਦ ਅਤੇ 85,000 ਰੁਪਏ ਦੇ ਜੁਰਮਾਨੇ ਦੀ ਸਜ਼ਾ ਨੂੰ ਬਹਾਲ ਕਰਦੇ ਹੋਏ, ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਬਾਕੀ ਸਜ਼ਾ ਭੁਗਤਣ ਲਈ ਦੋ ਹਫਤਿਆਂ ਦੇ ਅੰਦਰ ਹੇਠਲੀ ਅਦਾਲਤ ਵਿੱਚ ਆਤਮਸਮਰਪਣ ਕਰਨ ਦਾ ਨਿਰਦੇਸ਼ ਦਿੱਤਾ। ਪਟਨਾ ਹਾਈ ਕੋਰਟ ਨੇ ਪੀੜਤ ਦੀ ਉਮਰ, ਘਟਨਾ ਦੇ ਸਮੇਂ, ਗਰਭ ਅਵਸਥਾ ਅਤੇ ਗਰਭਪਾਤ ਦੇ ਸਬੂਤ, ਦੋਸ਼ ਤੈਅ ਕਰਨ ਵਿੱਚ ਨੁਕਸ ਅਤੇ ਸਾਂਝੇ ਮੁਕੱਦਮੇ ਦੀ ਕਾਨੂੰਨੀਅਤਾ ਬਾਰੇ ਅੰਤਰ ਦਾ ਹਵਾਲਾ ਦਿੰਦੇ ਹੋਏ ਦੋਵਾਂ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਸੀ। ਹਾਲਾਂਕਿ ਸੁਪਰੀਮ ਕੋਰਟ ਨੇ ਇਨ੍ਹਾਂ ਆਧਾਰਾਂ ਨੂੰ ਗੈਰ-ਟਿਕਾਊ ਕਰਾਰ ਦਿੱਤਾ। ਸੁਪਰੀਮ ਕੋਰਟ ਨੇ ਆਪਣੇ 1 ਸਤੰਬਰ ਦੇ ਫੈਸਲੇ ਵਿੱਚ ਕਿਹਾ, "ਇਹ ਹਮੇਸ਼ਾ ਪੂਰੇ ਸਿਸਟਮ ਲਈ ਇੱਕ ਪੂਰੀ ਤਰ੍ਹਾਂ ਅਸਫਲਤਾ ਦਾ ਮਾਮਲਾ ਹੁੰਦਾ ਹੈ, ਜਦੋਂ ਕੋਈ ਦੋਸ਼ੀ ਆਜ਼ਾਦ ਹੋਣ ਵਿੱਚ ਕਾਮਯਾਬ ਹੋ ਜਾਂਦਾ ਹੈ।"

ਬੈਂਚ ਲਈ ਫੈਸਲਾ ਲਿਖਦਿਆਂ ਜਸਟਿਸ ਸ਼ਰਮਾ ਨੇ ਸ਼ੱਕ ਤੋਂ ਪਰ੍ਹੇ ਦੇ ਸਿਧਾਂਤ ਬਾਰੇ ਗਲਤਫਹਿਮੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਅਕਸਰ ਅਦਾਲਤਾਂ ਵੱਲੋਂ ਅਪਰਾਧਕ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਬਰੀ ਕਰਨ ਲਈ ਵਰਤਿਆ ਜਾਂਦਾ ਹੈ, ਇਹ ਕਹਿੰਦੇ ਹੋਏ ਕਿ ਇਸ ਦਾ ਮਤਲਬ ਮੁਕੱਦਮੇ ਵਿੱਚ ਹਰ ਇੱਕ ਅਤੇ ਕੋਈ ਵੀ ਸ਼ੱਕ ਸਮਝਿਆ ਗਿਆ ਹੈ। ਜਸਟਿਸ ਸ਼ਰਮਾ ਨੇ ਜ਼ੋਰ ਦੇ ਕੇ ਕਿਹਾ, "ਸ਼ੱਕ ਤੋਂ ਪਰ੍ਹੇ ਦੇ ਸਿਧਾਂਤ ਦੀ ਅੰਦਰੂਨੀ ਬੁਨਿਆਦ ਇਹ ਹੈ ਕਿ ਕਿਸੇ ਵੀ ਨਿਰਦੋਸ਼ ਨੂੰ ਉਸ ਅਪਰਾਧ ਲਈ ਸਜ਼ਾ ਨਹੀਂ ਮਿਲਣੀ ਚਾਹੀਦੀ, ਜੋ ਉਸ ਨੇ ਨਹੀਂ ਕੀਤਾ, ਪਰ ਇਸ ਦਾ ਇੱਕ ਹੋਰ ਪਹਿਲੂ, ਜਿਸ ਬਾਰੇ ਅਸੀਂ ਜਾਣਦੇ ਹਾਂ, ਇਹ ਹੈ ਕਿ ਕਈ ਵਾਰ ਇਸ ਸਿਧਾਂਤ ਦੀ ਗਲਤ ਵਰਤੋਂ ਦੇ ਕਾਰਨ ਅਸਲ ਦੋਸ਼ੀ ਕਾਨੂੰਨ ਦੇ ਸ਼ਿਕੰਜੇ ਵਿੱਚੋਂ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਜਾਂਦੇ ਹਨ। ਇਸ ਸਿਧਾਂਤ ਦੀ ਅਜਿਹੀ ਗਲਤ ਵਰਤੋਂ, ਜਿਸ ਦੇ ਨਤੀਜੇ ਵਜੋਂ ਦੋਸ਼ੀ ਸ਼ੱਕ ਦਾ ਲਾਭ ਉਠਾ ਕੇ ਆਜ਼ਾਦ ਹੋ ਜਾਂਦੇ ਹਨ, ਸਮਾਜ ਲਈ ਬਰਾਬਰ ਖਤਰਨਾਕ ਹੈ।"

## ਜਿਨਪਿੰਗ ਵੱਲੋਂ ਐੱਸ ਸੀ ਓ ਦੇ ਮੈਂਬਰ ਦੇਸ਼ਾਂ ਨੂੰ ਵਿਕਾਸ ਬੈਂਕ ਦੀ ਸਥਾਪਨਾ ਦਾ ਕੰਮ ਤੇਜ਼ ਕਰਨ ਦਾ ਸੱਦਾ



**ਤਿਆਨਜਿਨ** : ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਸ਼ੰਘਾਈ ਸਹਿਯੋਗ ਸੰਗਠਨ (ਐੱਸ ਸੀ ਓ) ਦੇ ਮੈਂਬਰ ਮੁਲਕਾਂ ਨੂੰ ਵਿਕਾਸ ਬੈਂਕ ਦੀ ਸਥਾਪਨਾ ਦਾ ਕੰਮ ਤੇਜ਼ੀ ਨਾਲ ਨੇਪਰੇ ਚਾੜ੍ਹਨ ਦੀ ਅਪੀਲ ਕੀਤੀ ਹੈ।

ਚੀਨ ਬ੍ਰਿਕਸ ਦੀ ਨਿਊ ਡਿਵੈਲਪਮੈਂਟ ਬੈਂਕ ਅਤੇ ਏਸ਼ੀਅਨ ਇਨਵੈਸਟਮੈਂਟ ਇੰਫਰਾਸਟ੍ਰਕਚਰ ਬੈਂਕ ਦੀ ਤਰਜ਼ 'ਤੇ ਵਿਕਾਸ ਬੈਂਕ ਬਣਾਉਣ ਦੀ ਵਕਾਲਤ ਕਰ ਰਿਹਾ ਹੈ। ਚੀਨ ਅਧਾਰਤ ਦੋਵੇਂ ਬੈਂਕਾਂ, ਵਿਸ਼ਵ ਬੈਂਕ ਅਤੇ ਏਸ਼ੀਅਨ ਡਿਵੈਲਪਮੈਂਟ ਬੈਂਕ ਨੂੰ ਟੱਕਰ ਦੇ ਰਹੀਆਂ ਹਨ। ਸ਼ੀ ਨੇ ਕਿਹਾ ਹੈ ਕਿ ਐੱਸ ਸੀ ਓ ਦੁਨੀਆ ਦੇ ਸਭ ਤੋਂ ਵੱਡੇ ਖੇਤਰੀ ਸੰਗਠਨ 'ਚ ਬਦਲ ਗਿਆ ਹੈ, ਜਿਸ 'ਚ 26 ਮੁਲਕਾਂ ਦੀ ਸ਼ਮੂਲੀਅਤ ਹੋ ਗਈ ਹੈ। ਉਨ੍ਹਾ ਕਿਹਾ ਕਿ ਸਾਂਝੇ ਤੌਰ 'ਤੇ ਕਰੀਬ 30 ਖਰਬ ਡਾਲਰ ਦੀ ਆਰਥਿਕਤਾ ਇਕ ਮੰਚ 'ਤੇ ਹੈ। ਸ਼ੀ ਨੇ ਐਂਟੀ ਡਰੱਗ ਸੈਂਟਰ ਤੇ ਸੁਰੱਖਿਆ ਧਮਕੀਆਂ ਤੇ ਚੁਣੌਤੀਆਂ ਦੇ ਟਾਕਰੇ ਲਈ ਯੂਨੀਵਰਸਲ ਸੈਂਟਰ ਵਰਤਣ ਦੀ ਵੀ ਅਪੀਲ ਕੀਤੀ। ਚੀਨ ਲੋੜਵੰਦ ਮੈਂਬਰ ਮੁਲਕਾਂ 'ਚ 100 'ਛੋਟੇ ਅਤੇ ਸੁੰਦਰ' ਰੋਜ਼ੀ-ਰੋਟੀ ਸੰਬੰਧੀ ਪ੍ਰਾਜੈਕਟ ਲਾਗੂ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਸ ਸੰਬੰਧੀ ਮੈਂਬਰ ਬੈਂਕਾਂ ਨੂੰ ਦੋ ਅਰਬ ਯੂਆਨ ਦੀ ਫੰਡਿੰਗ ਤੇ 10 ਅਰਬ ਯੂਆਨ ਦਾ ਵਾਧੂ ਕਰਜ਼ ਦਿੱਤਾ ਜਾਵੇਗਾ।

CMYK

3-SEP-PAGE-1.qxd 9/2/2025 9:34 PM Page 2



## ਬਾਰਸ਼ ਕਾਰਨ ਪਸ਼ੂਆਂ ਵਾਲਾ ਵਰਾਂਡਾ ਢਹਿ-ਢੇਰੀ



**ਚੀਮਾ ਮੰਡੀ (ਰਵਿੰਦਰ ਚੀਮਾ)**-ਪਿੰਡ ਤੋਲਾਵਾਲ ਵਿਖੇ ਬਾਰਸ਼ ਕਾਰਨ ਇੱਕ ਗਰੀਬ ਕਿਸਾਨ ਦਾ ਪਸ਼ੂਆਂ ਵਾਲਾ ਵਰਾਂਡਾ ਢਹਿ ਢੇਰੀ ਹੋ ਗਿਆ।ਪੀੜਤ ਕਿਸਾਨ ਹਰੀ ਸਿੰਘ ਪੁੱਤਰ ਮੁਖਤਿਆਰ ਸਿੰਘ ਨੇ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਹੋ ਰਹੀ ਬਾਰਸ਼ ਕਾਰਨ ਉਨ੍ਹਾਂ ਦਾ ਇੱਟ ਬਾਲਿਆਂ ਦੀ ਛੱਤ ਵਾਲਾ ਘਰ ਬੁਰੀ ਤਰ੍ਹਾਂ ਚੋਅ ਰਿਹਾ ਹੈ ਤੇ ਉਹ ਬੜੀ ਮੁਸ਼ਕਲ ਨਾਲ ਘਰ ਵਿੱਚ ਰਹਿ ਰਹੇ ਹਨ ਅਤੇ ਪਿਛਲੀ ਰਾਤ ਉਨ੍ਹਾਂ ਦਾ ਪਸ਼ੂਆਂ ਵਾਲਾ ਸੱਤ ਖਣਾਂ ਦਾ ਵਰਾਂਡਾ ਬਾਰਸ਼ ਦੇ ਪਾਣੀ ਦੀ ਮਾਰ ਕਾਰਨ ਡਿੱਗ ਕੇ ਤਬਾਹ ਹੋ ਗਿਆ।ਇਸ ਵਰਾਂਡੇ ਦੇ ਡਿੱਗਣ ਸਮੇਂ ਇਸ ਵਿੱਚ ਪਸ਼ੂ ਨਹੀਂ ਸਨ, ਜਿਸ ਕਾਰਨ ਪਸ਼ੂਆਂ ਦਾ ਬਚਾਅ ਹੋ ਗਿਆ।ਪਿੰਡ ਦੇ ਲੋਕਾਂ ਨੇ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਪੀੜਤ ਪਰਵਾਰ ਨੂੰ ਇਸ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ ਤਾਂ ਕਿ ਇਹ ਕਿਸਾਨ ਪਸ਼ੂਆਂ ਲਈ ਥਾਂ ਬਣਾ ਸਕੇ।

## ਗੁਰੂ ਨਾਨਕ ਐਗਰੋ ਇੰਡਸਟਰੀਜ਼ ਦੀ ਚਾਰਦੀਵਾਰੀ ਡਿੱਗੀ, ਲੱਖਾਂ ਦਾ ਨੁਕਸਾਨ



**ਸ਼ੇਰਪੁਰ (ਰਵੀ ਟਿੱਬਾ)**-ਬੀਤੇ ਕੁੱਝ ਦਿਨਾਂ ਤੋਂ ਹੋ ਰਹੀ ਭਾਰੀ ਬਾਰਸ਼ ਨੇ ਪੂਰੇ ਪੰਜਾਬ ਭਰ ਵਿੱਚ ਤਬਾਹੀ ਮਚਾਈ ਹੋਈ ਹੈ, ਜਿਸ ਨਾਲ ਲੋਕਾਂ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਣ ਦੇ ਸਮਾਚਾਰ ਹਨ।ਲੰਘੀ 31 ਅਗਸਤ ਦੇ ਮੁਸਲੇਧਾਰ ਮੀਂਹ ਤੇ ਤੇਜ਼ ਹਵਾ ਨੇ ਜਿੱਥੇ ਸੜਕਾਂ ਕਿਨਾਰੇ ਖੜ੍ਹੇ ਹਰੇ-ਭਰੇ ਦਰੱਖਤਾਂ ਦਾ ਵੱਡਾ ਨੁਕਸਾਨ ਕੀਤਾ, ਉੱਥੇ ਕੁੱਝ ਸਰਕਾਰੀ ਇਮਾਰਤਾਂ, ਸੈਲਰਾਂ ਦੀਆਂ ਚਾਰਦੀਵਾਰੀਆਂ, ਮਸ਼ੀਨਰੀ ਵਾਲੇ ਸ਼ੈੱਡ, ਲੇਬਰ ਰੂਮ ਦੇ ਕਮਰਿਆਂ ਦੀਆਂ ਸਲੇਟਾਂ ਆਦਿ ਦਾ ਵੱਡੀ ਪੱਧਰ 'ਤੇ ਨੁਕਸਾਨ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਗੁਰੂ ਨਾਨਕ ਐਗਰੋ ਇੰਡਸਟਰੀਜ਼ ਅਲਾਲ ਰੋਡ ਸ਼ੇਰਪੁਰ (ਸੰਗਰੂਰ) ਦੇ ਮਾਲਕ ਡਾਕਟਰ ਅਮਰਜੀਤ ਸਿੰਘ (ਪਾਲ) ਨੇ ਦੱਸਿਆ ਕਿ ਲੰਘੀ ਐਤਵਾਰ ਦੀ ਰਾਤ ਤੇਜ ਮੀਂਹ ਤੇ ਹਵਾ ਕਾਰਨ ਗੁਰੂ ਨਾਨਕ ਐਗਰੋ ਇੰਡਸਟਰੀਜ਼ ਅਲਾਲ ਰੋਡ, ਸ਼ੇਰਪੁਰ ਦੀ 350 ਫੁੱਟ ਦੇ ਕਰੀਬ ਚਾਰਦੀਵਾਰੀ ਢਹਿ ਗਈ ਤੇ ਹੋਰ ਵੀ ਮਾਲੀ ਨੁਕਸਾਨ ਹੋਇਆ ਹੈ, ਜਿਸਦੀ ਅੰਦਾਜ਼ਨ ਕੀਮਤ ਢਾਈ ਤੋਂ ਤਿੰਨ ਲੱਖ ਰੁਪਏ ਦੇ ਕਰੀਬ ਬਣਦੀ ਹੈ।ਉਨ੍ਹਾਂ ਸੂਬਾ ਸਰਕਾਰ ਤੋਂ ਇਸ ਕੁਦਰਤੀ ਆਫ਼ਤ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਦੀ ਮੰਗ ਕੀਤੀ।

## ਪੰਜਾਬੀ 'ਵਰਸਿਟੀ ਦੇ ਸਰੀਰਕ ਸਿੱਖਿਆ ਵਿਭਾਗ ਨੇ ਕੌਮੀ ਖੇਡ ਦਿਵਸ ਮਨਾਇਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ ਸਰੀਰਿਕ ਸਿੱਖਿਆ ਵਿਭਾਗ ਨੇ ਪਿਛਲੇ ਦਿਨੀਂ 'ਰਾਸ਼ਟਰੀ ਖੇਡ ਦਿਵਸ' ਮਨਾਇਆ।ਵਿਭਾਗ ਮੁਖੀ ਡਾ. ਅਮਰਪ੍ਰੀਤ ਸਿੰਘ ਨੇ ਦੱਸਿਆ ਕਿ ਮਹਾਨ ਹਾਕੀ ਖਿਡਾਰੀ ਮੇਜਰ ਧਿਆਨ ਚੰਦ ਦੀ ਯਾਦ ਵਿੱਚ ਮਨਾਏ ਜਾਂਦੇ ਇਸ ਦਿਵਸ ਮੌਕੇ ਇਸ ਵਾਰ ਦ੍ਰੋਣਾਚਾਰੀਆ ਅਵਾਰਡੀ ਸਾਬਕਾ ਭਾਰਤੀ ਬਾਕਸਿੰਗ ਕੋਚ ਗੁਰਬਖ਼ਸ਼ ਸਿੰਘ ਸੰਧੂ ਨੇ ਮੁੱਖ ਮਹਿਮਾਨ ਵਜੋਂ ਤੇ ਸਾਬਕਾ ਭਾਰਤੀ ਬਾਸਕਟਬਾਲ ਖਿਡਾਰੀ ਓਲੰਪੀਅਨ ਪ੍ਰੋ. ਤਰਲੋਕ ਸਿੰਘ ਸੰਧੂ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਮੁੱਖ ਮਹਿਮਾਨ ਸ੍ਰ. ਗੁਰਬਖ਼ਸ਼ ਸਿੰਘ ਸੰਧੂ ਨੇ ਆਪਣੇ ਪ੍ਰੇਰਨਾਦਾਇਕ ਭਾਸ਼ਣ ਵਿੱਚ ਖੇਡਾਂ ਨਾਲ ਜੁੜੇ ਆਪਣੇ ਅਨੁਭਵ ਸਾਂਝੇ ਕੀਤੇ, ਜਿਸ ਨਾਲ਼ ਵਿਦਿਆਰਥੀਆਂ ਨੂੰ ਸਮਰਪਣ ਅਤੇ ਮਿਹਨਤ ਨਾਲ਼ ਆਪਣੇ ਟੀਚੇ ਹਾਸਲ ਕਰਨ ਦੀ ਪ੍ਰੇਰਨਾ ਮਿਲੀ।ਓਲੰਪੀਅਨ ਪ੍ਰੋ. ਤਰਲੋਕ ਸਿੰਘ ਸੰਧੂ ਦੇ ਸ਼ਬਦਾਂ ਨੇ ਵੀ ਨੌਜਵਾਨ ਖਿਡਾਰੀਆਂ 'ਤੇ ਡੂੰਘਾ ਪ੍ਰਭਾਵ ਛੱਡਿਆ।ਇਸ ਮੌਕੇ ਵਿਭਾਗੀ ਹਾਊਸਜ਼ ਵਿਚਕਾਰ ਕਰਵਾਏ ਮਾਰਚ ਪਾਸਟ ਮੁਕਾਬਲੇ ਮੁੱਖ ਆਕਰਸ਼ਣ ਦਾ ਕੇਂਦਰ ਰਹੇ।ਇਸ ਮੁਕਾਬਲੇ ਵਿੱਚ ਧਿਆਨ ਚੰਦ ਹਾਊਸ ਨੇ ਚੈਂਪੀਅਨ ਵਜੋਂ ਜਿੱਤ ਹਾਸਲ ਕੀਤੀ, ਜਦਕਿ ਅਜਮੇਰ ਸਿੰਘ ਹਾਊਸ ਰਨਰ-ਅੱਪ ਰਿਹਾ ਤੇ ਮਿਲਖਾ ਸਿੰਘ ਹਾਊਸ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਗੁਬਾਰੇ ਤੇ ਕਬੂਤਰ ਛੱਡ ਕੇ ਸ਼ਾਂਤੀ, ਏਕਤਾ ਤੇ ਖੇਡ ਭਾਵਨਾ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਗਿਆ।ਅੰਤ ਵਿੱਚ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਅਧਿਆਪਕਾਂ ਵਿਚਕਾਰ ਵਾਲੀਬਾਲ ਮੈਚ ਕਰਵਾਇਆ ਗਿਆ।

## ਹਸਪਤਾਲ ਸਟਾਫ਼ ਵੱਲੋਂ ਰੋਸ ਧਰਨਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਿਵਲ ਹਸਪਤਾਲ 'ਚ ਐਕਸੀਡੈਂਟ ਹੋਣ ਕਾਰਨ ਦਾਖਲ਼ ਹੋਏ ਮਰੀਜ਼ ਦੇ ਸੱਟ ਜ਼ਿਆਦਾ ਹੋਣ ਕਾਰਨ ਮਰੀਜ਼ ਨੂੰ ਸਿਵਲ ਹਸਪਤਾਲ ਬਠਿੰਡਾ ਵਿਖੇ ਰੈਫਰ ਕਰਨ ਨੂੰ ਲੈ ਕੇ ਅਤੇ ਫੀਮੇਲ ਸਟਾਫ਼ ਦੀ ਵੀਡਿਓ ਬਣਾਉਣ ਨੂੰ ਲੈ ਕੇ ਕੁੱਝ ਵਿਅਕਤੀਆਂ ਵੱਲੋਂ ਐਮਰਜੈਂਸੀ ਵਿੱਚ ਆਨ ਡਿਊਟੀ ਡਾਕਟਰ ਅਤੇ ਆਨ ਡਿਊਟੀ ਸਟਾਫ਼ ਨਾਲ ਕੀਤੇ ਗਏ ਦੁਰਵਿਹਾਰ ਅਤੇ ਧੱਕਾਮੁੱਕੀ ਤੋਂ ਬਾਅਦ ਸਮੂਹ ਡਾਕਟਰ ਅਤੇ ਪੈਰਾਮੈਡੀਕਲ ਸਟਾਫ਼ ਵੱਲੋਂ ਧਰਨਾ ਲਾਇਆ ਗਿਆ। ਦੱਸਣਯੋਗ ਹੈ ਕਿ ਸਿਵਲ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਸਕਿਊਰਿਟੀ ਨਾ ਹੋਣ ਕਰਕੇ ਇਹ ਘਟਨਾ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਇਨ੍ਹਾਂ ਘਟਨਾਵਾਂ ਦਾ ਲੰਮੇ ਸਮੇਂ ਤੋਂ ਐਮਰਜੈਂਸੀ ਡਾਕਟਰ ਤੇ ਸਟਾਫ਼ ਕਾਫ਼ੀ ਸਾਹਮਣਾ ਕਰ ਰਿਹਾ ਹੈ। ਧਰਨੇ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਹਰਕਤ ਵਿੱਚ ਆਉਂਦਿਆਂ ਦੋਸ਼ੀਆਂ ਉੱਪਰ ਕਾਰਵਾਈ ਕਰਦਿਆ ਐੱਫ.ਆਈ.ਆਰ ਕੱਟ ਦਿੱਤੀ ਗਈ ਤੇ ਐਮਰਜੈਂਸੀ ਸਟਾਫ਼ ਦੀ ਹਿਫ਼ਾਜ਼ਤ ਲਈ ਪੁਲਸ ਪ੍ਰਸ਼ਾਸਨ ਵੱਲੋਂ ਪੀ.ਸੀ.ਆਰ ਦੀ ਡਿਊਟੀ ਸਿਵਲ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਲਗਾ ਦਿੱਤੀ ਹੈ, ਜਿਸ ਤੋਂ ਬਾਅਦ ਧਰਨਾ ਸਮਾਪਤ ਕਰ ਦਿੱਤਾ ਗਿਆ।

## ਕੇਂਦਰੀ ਜਾਂ ਸੂਬਾ ਪੱਧਰੀ ਟਰੇਡ ਯੂਨੀਅਨ 'ਚ ਸ਼ਾਮਲ ਹੋਣਗੇ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ : ਪ੍ਰਵੀਨ ਕੁਮਾਰ ਸ਼ਰਮਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ 37 ਸਾਲ ਕਾਂਗਰਸ ਪੱਖੀ ਕੇਂਦਰੀ ਟ੍ਰੇਡ ਯੂਨੀਅਨ ਇਟਕ ਦੇ ਜ਼ਿਲ੍ਹਾ ਪ੍ਰਧਾਨ ਰਹੇ ਅਤੇ ਮੋਗਾ ਵਿਧਾਨ ਸਭਾ ਹਲਕਾ ਤੋਂ ਕਾਂਗਰਸ ਪਾਰਟੀ ਇਟਕ ਦੇ ਮਜ਼ਬੂਤ ਦਾਅਵੇਦਾਰ ਰਹੇ ਅਤੇ 37 ਸਾਲ ਬਾਅਦ ਕਾਂਗਰਸ ਤੋਂ ਨਿਰਾਸ਼ ਹੋ ਕੇ 27 ਦਸੰਬਰ 2022 ਨੂੰ ਆਪਣੇ ਕਰੀਬ ਦਸ ਹਜ਼ਾਰ ਵਰਕਰਾਂ ਨਾਲ ਇਟਕ ਕਾਂਗਰਸ ਨੂੰ ਅਲਵਿਦਾ ਕਹਿ ਕੇ ਆਰ ਐਸ ਐਸ ਸੰਬੰਧਤ ਕੇਂਦਰੀ ਟ੍ਰੇਡ ਯੂਨੀਅਨ ਭਾਰਤੀਯ ਮਜ਼ਦੂਰ ਸੰਘ ਵਿੱਚ ਸ਼ਾਮਲ ਹੋ ਗਏ ਸਨ। ਭਾਰਤੀਯ ਮਜ਼ਦੂਰ ਸੰਘ (ਬੀ ਐਮ ਐੱਸ) ਵਿੱਚ ਜ਼ਿਆਦਾ ਸਮਾਂ ਨਾ ਗੁਜ਼ਾਰਦੇ ਹੋਏ ਦਸੰਬਰ 2023 ਵਿੱਚ ਚੁੱਪ ਚਪੀਤੇ ਭਾਰਤੀਯ ਮਜ਼ਦੂਰ ਸੰਘ ਨੂੰ ਛੱਡ ਦਿੱਤਾ ਸੀ। ਬੀਤੇ ਪੌਣੇ ਦੋ ਸਾਲ ਤੋਂ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਦਾ ਸੰਬੰਧ ਕਿਸੇ ਵੀ ਕੇਂਦਰੀ ਜਾਂ ਸੂਬਾ ਪੱਧਰੀ ਟ੍ਰੇਡ ਯੂਨੀਅਨ ਜਾਂ ਰਾਜਨੀਤਕ ਵਿਚਾਰਧਾਰਾ ਨਾਲ ਨਹੀਂ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਨੇ ਕਰਦਿਆਂ ਦੱਸਿਆ ਕਿ ਅੱਜ ਇੱਥੇ ਖੱਤਰੀ ਭਵਨ ਦੇ ਮੀਟਿੰਗ ਹਾਲ ਵਿੱਚ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨਾਲ ਜੁੜੀਆਂ ਮਜ਼ਦੂਰ ਜਥੇਬੰਦੀਆਂ ਦੇ ਸੀਨੀਅਰ ਆਗੂਆਂ ਦੀ ਇੱਕ ਵਿਸ਼ੇਸ਼ ਮੀਟਿੰਗ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਦੀ ਅਗਵਾਈ ਵਿੱਚ ਹੋਈ। ਮੀਟਿੰਗ ਵਿੱਚ ਇਸ ਮੁੱਦੇ 'ਤੇ ਲੰਬੀ ਵਿਚਾਰ ਚਰਚਾ ਕੀਤੀ ਗਈ ਕਿ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਦੀ ਅਗਵਾਈ ਵਿੱਚ ਵਿਜੇ ਧੀਰ ਐਡਵੋਕੇਟ ਨਾਲ ਸੰਬੰਧਤ ਮਜ਼ਦੂਰ ਜਥੇਬੰਦੀਆਂ ਕਿਸ ਕੇਂਦਰੀ ਜਾ ਸੂਬਾ ਪੱਧਰੀ ਟ੍ਰੇਡ ਯੂਨੀਅਨ ਵਿੱਚ ਸ਼ਾਮਲ ਹੋਣ। ਪ੍ਰਵੀਨ ਕੁਮਾਰ ਸ਼ਰਮਾ ਨੇ ਦੱਸਿਆ ਕਿ ਸੀਨੀਅਰ ਆਗੂਆਂ ਵੱਲੋਂ ਕੀਤੀ ਗਈ ਲੰਬੀ ਚਰਚਾ ਉਪਰੰਤ ਜਥੇਬੰਦੀਆਂ ਦੇ ਆਗੂਆਂ ਨੇ ਸਰਬਸੰਮਤੀ ਨਾਲ ਸਾਰੇ ਅਧਿਕਾਰ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨੂੰ ਸੌਂਪ ਦਿੱਤੇ ਕਿ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਜਿਹੜੀ ਕੇਂਦਰੀ ਜਾਂ ਸੂਬਾ ਪੱਧਰੀ ਟ੍ਰੇਡ ਯੂਨੀਅਨ ਵਿੱਚ ਸ਼ਾਮਲ ਹੋਣ ਦਾ ਫੈਸਲਾ ਕਰਨਗੇ ਸਾਰੀਆਂ ਮਜ਼ਦੂਰ ਜਥੇਬੰਦੀਆਂ ਸੰਬੰਧਤ ਵਿਜੇ ਧੀਰ ਐਡਵੋਕੇਟ ਉਸ ਟ੍ਰੇਡ ਯੂਨੀਅਨ ਵਿੱਚ ਸ਼ਾਮਲ ਹੋ ਜਾਣਗੇ। ਇਸ ਮੌਕੇ ਪ੍ਰਵੀਨ ਕੁਮਾਰ ਸ਼ਰਮਾ ਨੇ ਦੱਸਿਆ ਕਿ ਅੱਜ ਮੀਟਿੰਗ ਵਿੱਚ ਸ਼ਾਮਲ ਵੱਖ ਵੱਖ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੇ ਇਸ ਗੱਲ ਦਾ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਕਿ ਇਸ ਵਾਰ ਜਿਸ ਕੇਂਦਰੀ ਜਾਂ ਸੂਬਾ ਪੱਧਰੀ ਟ੍ਰੇਡ ਯੂਨੀਅਨ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ ਤਾਂ ਉਸ ਕੇਂਦਰੀ ਜਾਂ ਸੂਬਾ ਪੱਧਰੀ ਟ੍ਰੇਡ ਯੂਨੀਅਨ ਦੀ ਰਾਜਨੀਤਕ ਪਾਰਟੀ ਵਿੱਚ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਕੋਈ ਨਾ ਕੋਈ ਅਹੁਦਾ ਜ਼ਰੂਰ ਲੈਣਗੇ। ਇਸ ਮੌਕੇ ਪ੍ਰਵੀਨ ਕੁਮਾਰ ਸ਼ਰਮਾ ਨੇ ਇਹ ਗੱਲ ਕਬੂਲ ਕੀਤੀ ਕਿ ਇੱਕ ਮੌਕਾ ਅਜਿਹਾ ਆਇਆ ਸੀ ਜਦੋਂ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨੇ ਆਪਣੀਆਂ ਸਮੂਹ ਜਥੇਬੰਦੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕਰ ਲਿਆ ਸੀ ਪ੍ਰੰਤੂ ਆਮ ਆਦਮੀ ਪਾਰਟੀ ਦੀ ਟ੍ਰੇਡ ਯੂਨੀਅਨ ਵਿੰਗ ਹੋਂਦ ਵਿੱਚ ਨਾ ਹੋਣ ਕਾਰਨ ਇਹ ਫੈਸਲਾ ਸਿਰੇ ਨਹੀਂ ਚੜ੍ਹ ਸਕਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੱਲੇਦਾਰਾਂ ਦੇ ਸੂਬਾ ਆਗੂ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ, ਮਿਡ ਡੇ ਮੀਲ ਕੁੱਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ, ਐਲ ਪੀ ਜੀ ਗੈਸ ਸਪਲਾਈ ਵਰਕਰਜ ਯੂਨੀਅਨ ਦੇ ਪ੍ਰਧਾਨ ਰਾਮ ਬਚਨ ਰਾਓ, ਮਿਊਂਸਪਲ ਇੰਪਲਾਈਜ਼ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਮਦਨ ਲਾਲ ਬੋਹਤ, ਨੈਸਲੇ ਠੇਕੇਦਾਰ ਲੇਬਰ ਯੂਨੀਅਨ ਦੇ ਪ੍ਰਧਾਨ ਸ਼ੰਕਰ, ਖਜਾਨਚੀ ਨਰਿੰਦਰ ਸਿੰਘ ਬਲਖੰਡੀ, ਠੇਕੇਦਾਰ ਲੇਬਰ ਯੂਨੀਅਨ ਨੈਸਲੇ ਦੇ ਪ੍ਰਧਾਨ ਉਮਰ ਸੀਰ ਸਿੰਘ ਸੀਰਾ, ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਜਸਵਿੰਦਰ ਸਿੰਘ ਡੱਡ, ਜਨਰਲ ਸਕੱਤਰ ਮੇਜਰ ਸਿੰਘ ਲੰਢੇ ਕੇ, ਰਿਪੀ, ਤੂੜੀ ਛਿਲਕਾ ਯੂਨੀਅਨ ਦੇ ਪ੍ਰਧਾਨ ਸੱਤਪਾਲ ਸਿੰਘ ਭਾਗੀ ਕੇ, ਭਾਰਤੀ ਕੈਂਟਰ ਯੂਨੀਅਨ ਦੇ ਪ੍ਰਧਾਨ ਲਖਵਿੰਦਰ ਸਿੰਘ ਭੁੱਲਰ, ਮਿਨੀ ਕੈਂਟਰ ਯੂਨੀਅਨ ਦੇ ਪ੍ਰਧਾਨ ਅਮਰੀਕ ਸਿੰਘ ਜੌੜਾ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਅਤੇ ਖਜ਼ਾਨਚੀ ਸਤਨਾਮ ਸਿੰਘ, ਪਾਰਸ ਸਪਾਈਸਿਜ ਵਰਕਰਜ਼ ਯੂਨੀਅਨ ਦੇ ਪ੍ਰਧਾਨ ਬੂਟਾ ਸਿੰਘ ਭੁੱਲਰ, ਜਨਰਲ ਸਕੱਤਰ ਬਲੌਰ ਸਿੰਘ, ਹਨੀ, ਸੁਰੇਸ਼ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਹਰ ਸੰਭਵ ਮਦਦ ਕੀਤੀ ਜਾ ਰਹੀ : ਦਹੀਆ

**ਜੱਲੋ ਕੇ ਸੇਠਾਂ ਵਾਲਾ, ਝੁੱਗੇ ਕਿਸ਼ੋਰ ਸਿੰਘ ਵਾਲੇ 'ਚ ਕੈਟਲ ਫੀਡ ਵੰਡੀ**



**ਮਮਦੋਟ (ਜਸਬੀਰ ਸਿੰਘ ਕੰਬੋਜ)**-ਸਤਲੁਜ ਦਰਿਆ ਵਿੱਚ ਆਏ ਭਿਆਨਕ ਹੜ੍ਹ ਕਾਰਨ ਫਿਰੋਜ਼ਪੁਰ ਦਿਹਾਤੀ ਦੇ ਬਲਾਕ ਮਮਦੋਟ ਅਧੀਨ ਸਰਹੱਦੀ ਪਿੰਡ ਜੱਲੋ ਕੇ ਸੇਠਾ ਵਾਲਾ, ਝੁੱਗੇ ਕਿਸ਼ੋਰ ਸਿੰਘ ਵਾਲੇ ਆਦਿ ਸਰਹੱਦੀ ਪਿੰਡ ਹੜ੍ਹਾਂ ਦੀ ਮਾਰ ਹੇਠ ਅਉਣ ਕਾਰਨ ਇਨ੍ਹਾਂ ਪਿੰਡਾਂ ਦੇ ਹਲਾਤ ਤਰਸਯੋਗ ਬਣੇ ਹੋਏ ਹਨ, ਉਥੇ ਹੀ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਲੋਕਾਂ ਦੀ ਮਦਦ ਲਈ ਜ਼ਮੀਨ 'ਤੇ ਨਜ਼ਰ ਆ ਰਹੇ ਹਨ।ਉਨ੍ਹਾਂ ਵੱਲੋਂ ਆਪਣੀ ਟੀਮ ਸਮੇਤ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜਾ ਕੇ ਲੋਕਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ ਤੇ ਰਾਹਤ ਸਮੱਗਰੀ ਵੰਡਣ ਦੀ ਮੁਹਿੰਮ ਚਲਾਈ ਗਈ, ਜਿਸ ਤਹਿਤ ਮਮਦੋਟ ਨਗਰ ਪੰਚਾਇਤ ਦੇ ਅਧੀਨ ਆਉਂਦੇ ਪਿੰਡ ਜੱਲੋ ਕੇ, ਸੇਠਾਂ ਵਾਲਾ, ਦੋਨਾਂ ਰਹਿਮਤ, ਝੁੱਗੇ ਕਿਸ਼ੋਰ ਵਾਲੇ ਵਿੱਚ ਪਸ਼ੂਆਂ ਲਈ ਚਾਰਾ, ਅਚਾਰ ਤੇ ਕੇਟਲ ਫੀਡ ਦੇ ਗੱਟੇ ਹੜ੍ਹ ਤੋਂ ਪ੍ਰਭਾਵਿਤ ਪਰਵਾਰਾਂ ਵਿੱਚ ਵੰਡੇ ਗਏ।ਵਿਧਾਇਕ ਦਹੀਆ ਨੇ ਦੱਸਿਆ ਕਿ ਓਹਨਾ ਨੂੰ ਜਾਣਕਾਰੀ ਮਿਲੀ ਸੀ ਕਿ ਹੜ੍ਹ ਕਾਰਨ ਖ਼ੇਤਾਂ ਵਿੱਚ ਫ਼ਸਲਾਂ ਦੇ ਨਾਲ ਨਾਲ ਹਰੇ ਚਾਰੇ ਦਾ ਜ਼ਿਆਦਾ ਨੁਕਸਾਨ ਹੋਇਆ ਹੈ ਤੇ ਪਸ਼ੂਆਂ ਲਈ ਚਾਰਾ ਉਪਲਬਧ ਨਾ ਹੋਣ ਕਾਰਨ ਹਾਲਾਤ ਦਿਨੋਂ ਦਿਨ ਬਦਤਰ ਹੋ ਰਹੇ ਹਨ ਤੇ ਇਸੇ ਲਈ ਇਹ ਜ਼ਰੂਰੀ ਸੀ ਕਿ ਉਨ੍ਹਾਂ ਤੱਕ ਤੁਰੰਤ ਮਦਦ ਪਹੁੰਚਾਈ ਜਾਵੇ।ਉਨ੍ਹਾਂ ਕਿਹਾ ਕਿ ਇਹ ਮਾਤਰ ਇੱਕ ਸ਼ੁਰੂਆਤ ਹੈ ਤੇ ਜਿੱਥੇ ਵੀ ਲੋਕਾਂ ਨੂੰ ਜਿਸ ਤਰ੍ਹਾਂ ਦੀ ਜ਼ਰੂਰਤ ਹੋਏਗੀ, ਉਥੇ ਰਾਹਤ ਮੁਹੱਈਆ ਕਰਵਾਈ ਜਾਵੇਗੀ।ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਬਲਰਾਜ ਸਿੰਘ ਸੰਧੂ, ਨਿਰਵੈਰ ਸਿੰਘ ਸਿੱਧੀ, ਨਗਰ ਪੰਚਾਇਤ ਦੇ ਪ੍ਰਧਾਨ ਉਪਿੰਦਰ ਸਿੰਘ ਸਿੱਧੀ, ਕੁਲਦੀਪ ਸਿੰਘ ਪਟਵਾਰੀ, ਸਰਪੰਚ ਸੁਖਚੈਨ ਸਿੰਘ, ਅਮਰ ਸਿੰਘ, ਬਲਵਿੰਦਰ ਸਿੰਘ ਸਰਪੰਚ ਰਾਉਕੇ, ਗੁਰਨਾਮ ਸਿੰਘ ਸਰਪੰਚ ਹਜਾਰਾ ਸਿੰਘ ਵਾਲਾ, ਆਪ ਆਗੂ ਸੰਜੀਵ ਕੁਮਾਰ ਚਿੰਟੂ ਧਵਨ, ਬਲਵੀਰ ਸਿੰਘ ਹਕੀਮ ਜੱਲੋ ਕੇ, ਤਰਸੇਮ ਸਿੰਘ ਸੋਨੂੰ ਛੱਪੜ, ਸਜਵਾਰ ਸਿੰਘ ਸਰਪੰਚ ਚੱਕ ਖੁੰਦਰ, ਜਸਵਿੰਦਰ ਸਿੰਘ ਸਰਪੰਚ ਮੱਤੜ ਉਤਾੜ, ਡਾ. ਹਰਜਿੰਦਰ ਸਿੰਘ ਸਿੱਧੀ, ਸੁਖਦੇਵ ਸਿੰਘ ਸਰਪੰਚ ਲਖਮੀਰ ਕੇ ਉਤਾੜ ਤੇ ਰਾਜ ਕੁਮਾਰ ਅਟਵਾਲ ਹਾਜ਼ਰ ਸਨ।

## 800 ਪਰੈਗਾਬਲਿਨ ਕੈਪਸੂਲ ਸਣੇ ਇਕ ਕਾਬੂ, ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)** ਥਾਣਾ ਅਮੀਰ ਖਾਸ ਦੀ ਪੁਲਿਸ ਵੱਲੋਂ 800 ਪਰੈਗਾਬਲਿਨ ਕੈਪਸੂਲ ਸਣੇ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸਵਰਨ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਨਾਲ ਥਾਣਾ ਅਮੀਰ ਖਾਸ ਦੇ ਇਲਾਕੇ ਵਿੱਚ ਗਸ਼ਤ ਦੌਰਾਨ ਮੌਜੂਗ ਸੀ ਤਾਂ ਇਕ ਸ਼ਿਕਾਇਤ ਨੰਬਰ 52426 ਸੇਫ ਪੰਜਾਬ ਪੋਰਟਲ ਦੇ ਸਬੰਧ ਵਿੱਚ ਦਲੀਪ ਸਿੰਘ ਉਰਫ ਗੁਰਦੀਪ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਢਾਣੀ ਥਾਰਾ ਸਿੰਘ ਵਾਲਾ ਦੇ ਘਰ ਰੇਡ ਕੀਤਾ ਗਿਆ ਤੇ ਉਸ ਦੇ ਘਰ ਦੇ ਅੰਦਰੋਂ ਇਕ ਕਾਲੇ ਰੰਗ ਦਾ ਮੋਮੀ ਲਿਫ਼ਾਫਾ ਫੜ ਕੇ ਬਾਹਰ ਨੂੰ ਆ ਰਿਹਾ ਸੀ, ਜਿਸਦੀ ਤਲਾਸ਼ੀ ਕਰਨ ਤੇ ਉਸ ਪਾਸੋਂ 80 ਪੱਤੇ ਪਰੈਗਾਬਿਲਨ ਕੁਲ 800 ਕੈਪਸੂਲ ਬਰਾਮਦ ਹੋਏ। ਜਿਸ ਤੇ ਥਾਣਾ ਅਮੀਰ ਖਾਸ ਵਿਖੇ ਧਾਰਾ 223 ਬੀ.ਐਨ.ਐਸ. ਤਹਿਤ ਮੁਕੱਦਮਾ ਦਰਜ ਕਰਕੇ ਪੁਲਿਸ ਵੱਲੋਂ ਅਗਲੀ ਕਾਰਵਾਈ ਕੀਤੀ ਗਈ।

## ਪੁਲਸ ਜ਼ਿਲ੍ਹਾ ਖੰਨਾ ਅੰਦਰ ਦਲਿਤ ਅੱਤਿਆਚਾਰ ਸਿਖਰਾਂ 'ਤੇ : ਕਾਲੀ ਪਾਇਲ



**ਦੋਰਾਹਾ (ਹਰਮਿੰਦਰ ਸੇਠ)**-ਪੁਲਸ ਜ਼ਿਲ੍ਹਾ ਖੰਨਾ ਅੰਦਰ ਦਲਿਤ ਅੱਤਿਆਚਾਰ ਸਿਖਰਾਂ 'ਤੇ ਹੈ। ਵਿਧਾਨ ਸਭਾ ਖੰਨਾ, ਪਾਇਲ ਤੇ ਸਮਰਾਲਾ ਵਿੱਚ ਦਲਿਤਾਂ ਦੀ ਹਾਲਤ ਬਹੁਤ ਮਾੜੀ ਹੈ। ਉਨ੍ਹਾਂ ਨੂੰ ਕੁੱਟਿਆ ਜਾ ਰਿਹਾ, ਕੁੱਟਣ ਤੋਂ ਬਾਅਦ ਉਨ੍ਹਾਂ ਉੱਪਰ ਹੀ ਪਰਚੇ ਦੇ ਕੇ ਉਨ੍ਹਾਂ ਨੂੰ ਜੇਲਾਂ ਵਿੱਚ ਡੱਕਿਆ ਜਾ ਰਿਹਾ। ਉਨ੍ਹਾਂ 'ਤੇ ਅੱਤਿਆਚਾਰ ਕਰਨ ਵਾਲੇ ਸ਼ਰੇਆਮ ਘੁੰਮ ਰਹੇ ਹਨ ਅਤੇ ਸੱਤਾ ਦਾ ਆਨੰਦ ਮਾਣ ਰਹੇ ਹਨ। ਇਹੋ ਜਿਹਾ ਵਾਕਿਆ ਪਿੰਡ ਰਾਮਗੜ੍ਹ ਸਰਦਾਰਾ ਦਾ ਹੈ, ਜਿੱਥੇ ਹਰਜਿੰਦਰ ਸਿੰਘ ਨਿੱਕਾ ਇੱਕ ਦਲਿਤ ਨੌਜਵਾਨ, ਜਿਸ ਦੇ ਘਰ ਉੱਤੇ ਪਿੰਡ ਦੀ ਪੰਚਾਇਤ ਤੇ ਉੱਚ-ਜਾਤੀ ਲੋਕਾਂ ਨੇ ਹਮਲਾ ਕਰਵਾਇਆ ਤੇ ਆਪਣੇ ਬਚਾ ਵਿੱਚ ਉਸ ਨੇ ਉਨ੍ਹਾਂ ਲੋਕਾਂ ਨੂੰ ਕੁੱਟਿਆ। ਪੁਲਸ ਹਮਲਾ ਕਰਨ ਵਾਲਿਆਂ 'ਤੇ ਪਰਚਾ ਕਰਨ ਦੀ ਬਜਾਏ ਉਲਟ ਹਰਜਿੰਦਰ ਸਿੰਘ ਨਿੱਕਾ ਤੇ ਪਿੰਡ ਰਾਮਗੜ੍ਹ ਸਰਦਾਰਾਂ ਦੇ ਕਈ ਬੇਦੋਸ਼ੇ ਲੋਕਾਂ 'ਤੇ ਪਰਚਾ ਦੇ ਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ। ਇਸ ਸਬੰਧੀ ਵਿਧਾਨ ਸਭਾ ਹਲਕਾ ਪਾਇਲ ਤੋਂ ਚੋਣ ਲੜ ਚੁੱਕੇ ਗੁਰਦੀਪ ਸਿੰਘ ਕਾਲੀ ਤੇ ਜ਼ੋਰਾ ਸਿੰਘ ਚੀਮਾ ਦੀ ਅਗਵਾਈ ਵਿੱਚ ਹਰਜਿੰਦਰ ਸਿੰਘ ਨਿੱਕਾ ਦੀ ਪਤਨੀ ਪੂਜਾ ਰਾਣੀ, ਝੂਠਾ ਕੇਸ ਪਾ ਕੇ ਜੇਲ੍ਹ ਵਿੱਚ ਡੱਕੇ ਬਿੰਦਰ ਸਿੰਘ ਦੀ ਕੁਲਦੀਪ ਕੌਰ ਤੇ ਬੇਅੰਤ ਸਿੰਘ ਦੇ ਪਿਤਾ ਨਰਿੰਦਰ ਸਿੰਘ ਵਾਸੀ ਪਿੰਡ ਰਾਮਗੜ੍ਹ ਸਰਦਾਰਾਂ ਥਾਣਾ ਮਲੌਦ ਡੀ ਐੱਸ ਪੀ ਪਾਇਲ ਨੂੰ ਮਿਲੇ। ਪੂਜਾ ਰਾਣੀ, ਕੁਲਦੀਪ ਕੌਰ ਤੇ ਨਰਿੰਦਰ ਸਿੰਘ ਨੇ ਆਮ ਆਦਮੀ ਪਾਰਟੀ ਦੇ ਪੰਚਾਇਤ ਨੇ ਸਾਡੇ ਪਰਵਾਰਾਂ ਨਾਲ ਧੱਕਾ ਤੇ ਅੱਤਿਆਚਾਰ ਕੀਤਾ ਹੈ, ਜਿਸ ਵਿੱਚ ਪੁਲਸ ਨੇ ਇਨ੍ਹਾਂ ਦਾ ਪੂਰਾ ਸਾਥ ਦਿੱਤਾ, ਜਿਸ ਸਬੰਧੀ ਪਿੰਡ ਦੀ ਪੰਚਾਇਤ ਤੇ ਪੁਲਸ ਦੀ ਗੁੰਡਾਗਰਦੀ ਖਿਲਾਫ ਐੱਸ ਐੱਸ ਪੀ ਖੰਨਾ, ਜੀ ਸੀ ਲੁਧਿਆਣਾ, ਡੀਆਈਜੀ ਲੁਧਿਆਣਾ ਦਰਖਾਸਤਾਂ ਦਿੱਤਿਆਂ ਲਗਭਗ ਮਹੀਨਾ ਹੋ ਗਿਆ, ਪਰ ਕੋਈ ਕਾਰਵਾਈ ਨਹੀਂ ਹੋਈ। ਹੁਣ ਇਕ ਮਹੀਨੇ ਬਾਅਦ ਡੀਐੱਸਪੀ ਪਾਇਲ ਨੇ ਇਸ ਸਬੰਧੀ ਬੁਲਾਇਆ, ਪ੍ਰੰਤੂ ਡੀ ਐੱਸ ਪੀ ਵੀ ਆਮ ਆਦਮੀ ਪਾਰਟੀ ਦੇ ਦਬਾਅ ਹੇਠ ਹੀ ਦੇਖਿਆ।

ਜ਼ੋਰਾ ਸਿੰਘ ਚੀਮਾ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ ਖਿਲਾਫ 06 ਸਤੰਬਰ 2025 ਨੂੰ ਇਨਸਾਫ਼ ਪਸੰਦ ਲੋਕਾਂ ਤੇ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਦੀ ਇੱਕ ਜ਼ਰੂਰੀ ਮੀਟਿੰਗ ਪਿੰਡ ਰਾਮਗੜ੍ਹ ਸਰਦਾਰਾਂ ਵਿੱਚ ਸੱਦੀ ਗਈ ਹੈ, ਜਿੱਥੇ ਇਸ ਗਰੀਬ ਪਰਵਾਰ ਨੂੰ ਇਨਸਾਫ ਦਿਵਾਉਣ ਲਈ ਅਗਲੀ ਰਣਨੀਤੀ ਤੈਅ ਕੀਤੀ ਜਾਵੇਗੀ। ਇਸ ਕਰਕੇ ਇਲਾਕੇ ਦੇ ਇਨਸਾਫ਼ ਪਸੰਦ ਲੋਕਾਂ ਤੇ ਭਰਾਤਰੀ ਜਥੇਬੰਦੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ 6 ਸਤੰਬਰ ਨੂੰ ਪਿੰਡ ਰਾਮਗੜ੍ਹ ਸਰਦਾਰਾਂ ਨੇੜੇ ਮਲੌਦ ਪਹੁੰਚ ਕੇ ਪਰਵਾਰ ਦੀ ਮਦਦ ਕੀਤੀ ਜਾਵੇ ਤਾਂ ਜੋ ਗੁੰਡਾ ਅਨਸਰਾਂ ਤੇ ਪੁਲਸ ਦੀਆਂ ਵਧੀਕੀਆਂ ਨੂੰ ਨੱਥ ਪਾਈ ਜਾ ਸਕੇ।

## ਟੇਲੈਂਟ ਆਫ ਪੰਜਾਬ ਦਾ ਪਹਿਲਾ ਆਡੀਸ਼ਨ ਹੋਇਆ ਸਫ਼ਲ



**ਸੰਗਰੂਰ (ਪ੍ਰਵੀਨ ਸਿੰਘ)**-ਬੱਚਿਆਂ ਵਿੱਚ ਲੁਕੀ ਹੋਈ ਪ੍ਰਤਿਭਾ ਨੂੰ ਸਮਾਜ ਸਾਹਮਣੇ ਉਜਾਗਰ ਕਰਨ ਦੇ ਮਕਸਦ ਨਾਲ 'ਟੇਲੈਂਟ ਆਫ ਪੰਜਾਬ' ਦਾ ਪਹਿਲਾ ਓਡੀਸ਼ਨ ਸਰਕਾਰੀ ਪ੍ਰਾਇਮਰੀ ਸਕੂਲ ਲਿੱਦੜਾਂ, ਬਲਾਕ ਚੀਮਾ, ਜ਼ਿਲ੍ਹਾ ਸੰਗਰੂਰ ਵਿਖੇ 31 ਅਗਸਤ ਨੂੰ ਕਰਾਇਆ ਗਿਆ।ਇਸ ਨਿਵੇਕਲੇ ਈਵੈਂਟ ਦਾ ਸਮੁੱਚਾ ਪ੍ਰਬੰਧ ਸਕੂਲ ਮੈਨੇਜਮੈਂਟ ਕਮੇਟੀ ਦੀ ਪੂਰੀ ਟੀਮ ਵੱਲੋਂ ਕੀਤਾ ਗਿਆ।ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਮੀਂਹ ਪੈਣ ਦੇ ਬਾਵਜੂਦ ਭਰਵੀਂ ਸ਼ਮੂਲੀਅਤ ਕੀਤੀ ਗਈ। ਸਕੂਲ ਦੀ ਪ੍ਰਿੰਸੀਪਲ ਨੇ ਦੱਸਿਆ ਕਿ ਟੇਲੈਂਟ ਆਫ ਪੰਜਾਬ ਵੱਲੋਂ ਅੰਮ੍ਰਿਤਪ੍ਰੀਤਪਾਲ ਕੌਰ, ਗਗਨਦੀਪ ਸਿੰਘ, ਅਮਨਦੀਪ ਕੌਰ ਅਤੇ ਹਰਪ੍ਰੀਤ ਕੌਰ ਤੇ ਅਧਾਰਤ ਟੀਮ ਵੱਲੋਂ ਵਿਦਿਆਰਥੀਆਂ ਦੀ ਪੇਸ਼ਕਾਰੀ ਦਾ ਮੁਲਅੰਕਣ ਕੀਤਾ ਗਿਆ।ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਆਪਣੇ ਹੁਨਰ ਦਾ ਪ੍ਰਗਟਾਵਾ ਕੀਤਾ।ਟੀਮ ਵੱਲੋਂ ਵਿਦਿਆਰਥੀਆਂ ਨੂੰ ਉਤਸ਼ਾਹਤ ਕੀਤਾ ਗਿਆ ਅਤੇ ਉਮੀਦ ਜਗਾਈ ਕਿ ਉਹ ਹੋਰ ਮਿਹਨਤ ਕਰਕੇ ਬੁਲੰਦੀਆਂ ਛੂਹਣ।ਲਿੱਦੜਾਂ ਸਕੂਲ ਦੀਆਂ ਵਿਦਿਆਰਥਣਾਂ ਜਸਜੋਤ ਕੌਰ, ਹਰਦੀਪ ਕੌਰ ਅਤੇ ਗੁਰਨੂਰ ਕੌਰ-2 ਨੂੰ ਅਗਲੇ ਰਾਊਂਡ ਦੀ ਪੇਸ਼ਕਾਰੀ ਲਈ ਚੁਣਿਆ ਗਿਆ।

## ਕੈਬ ਡਰਾਈਵਰ ਦੇ ਕਤਲ ਦੇ ਸੰਬੰਧ 'ਚ 3 ਗ੍ਰਿਫਤਾਰ

**ਮੁਹਾਲੀ (ਗੁਰਜੀਤ ਬਿੱਲਾ)**-ਮੁਹਾਲੀ ਪੁਲਸ ਨੇ ਜੈਸ਼-ਏ-ਮੁਹੰਮਦ (ਜੇ ਈ ਐੱਮ) ਨਾਲ ਸੰਬੰਧਤ ਅੱਤਵਾਦੀ ਮਡਿਊਲ ਦਾ ਪਰਦਾ ਫਾਸ਼ ਕਰਦਿਆਂ ਕੈਬ ਡਰਾਈਵਰ ਅਨਿਲ ਕੁਮਾਰ ਦੇ ਅਗਵਾ ਅਤੇ ਕਤਲ ਮਾਮਲੇ ਵਿੱਚ ਜੰਮੂ-ਕਸ਼ਮੀਰ ਦੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹਨਾਂ ਦੀ ਪਛਾਣ ਸਾਹਿਲ ਬਸ਼ੀਰ (19) ਵਾਸੀ ਹੰਦਵਾੜਾ ਲੰਗੇਟ, ਕੁਪਵਾੜਾ, ਮੁਨੀਸ਼ ਸਿੰਘ ਉਰਫ਼ ਅੰਸ਼ (22) ਵਾਸੀ ਪਿੰਡ ਕੋਟਲੀ, ਡੋਡਾ ਅਤੇ ਐਜਾਜ਼ ਅਹਿਮਦ ਖਾਨ ਉਰਫ਼ ਵਸੀਮ (22) ਵਾਸੀ ਪਿੰਡ ਮੰਝਪੁਰਾ, ਕਲਾਮਾਬਾਦ ਵਜੋਂ ਹੋਈ ਹੈ। ਇਹਨਾਂ ਤੋਂ ਚੋਰੀ ਕੀਤੀ ਗਈ ਚਿੱਟੇ ਰੰਗ ਦੀ ਮਾਰੂਤੀ ਸਵਿਫਟ ਡਿਜ਼ਾਇਰ (ਪੀ ਬੀ 01-ਡੀ-6299) ਅਤੇ ਵਾਰਦਾਤ ਵਿੱਚ ਵਰਤਿਆ ਗਿਆ .32 ਬੋਰ ਦਾ ਦੇਸੀ ਪਿਸਤੌਲ ਵੀ ਬਰਾਮਦ ਕੀਤਾ ਹੈ।ਅਨਿਲ ਕੁਮਾਰ ਦੀ ਪਤਨੀ ਸੁਧਾ ਦੇਵੀ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਸੀ ਕਿ ਉਸ ਦਾ ਪਤੀ ਟੈਕਸੀ ਚਲਾਉਂਦਾ ਹੈ ਅਤੇ ਹਰ ਰੋਜ਼ ਦੀ ਤਰ੍ਹਾਂ ਸ਼ੁੱਕਰਵਾਰ ਨੂੰ ਸਵੇਰੇ ਲਗਭਗ 08:30 ਵਜੇ ਖਰੜ ਤੋਂ ਰੇਲਵੇ ਸਟੇਸ਼ਨ, ਚੰਡੀਗੜ੍ਹ ਜਾਣ ਲਈ ਘਰੋਂ ਨਿਕਲਿਆ। ਬਾਅਦ ਵਿੱਚ ਉਹ ਲਗਾਤਾਰ ਆਪਣੇ ਪਤੀ ਨੂੰ ਫ਼ੋਨ ਕਰਦੀ ਰਹੀ, ਪਰ ਉਸ ਦੇ ਪਤੀ ਦੇ ਦੋਵੇਂ ਮੋਬਾਇਲ ਫ਼ੋਨ ਬੰਦ ਆ ਰਹੇ ਸਨ। ਨਵਾਂਗਾਓਂ, ਮੁਹਾਲੀ ਦੇ ਰਹਿਣ ਵਾਲੇ ਕੈਬ ਡਰਾਈਵਰ ਅਨਿਲ ਕੁਮਾਰ ਦੇ ਅਗਵਾ ਅਤੇ ਕਤਲ ਦੇ ਸਬੰਧ ਵਿੱਚ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਖਰੜ ਤੋਂ ਕੈਬ ਕਿਰਾਏ 'ਤੇ ਲੈਣ ਵਾਲੇ ਤਿੰਨ ਅਣਪਛਾਤੇ ਵਿਅਕਤੀਆਂ ਨੇ ਜ਼ਬਰਦਸਤੀ ਉਸ ਦੀ ਗੱਡੀ ਖੋਹ ਲਈ ਸੀ। ਡੀ ਆਈ ਜੀ ਰੋਪੜ ਰੇਂਜ ਹਰਚਰਨ ਸਿੰਘ ਭੁੱਲਰ ਨੇ ਦੱਸਿਆ ਕਿ ਤਕਨੀਕੀ ਤੇ ਮਨੁੱਖੀ ਸਰੋਤਾਂ ਦੀ ਵਰਤੋਂ ਕਰਦਿਆਂ ਦੋਸ਼ੀਆਂ ਨੂੰ ਬੱਸ ਸਟੈਂਡ ਬਟਾਲਾ ਅਤੇ ਗੁਰਦਾਸਪੁਰ ਖੇਤਰਾਂ ਤੋਂ ਗ੍ਰਿਫ਼ਤਾਰ ਕੀਤਾ ਗਿਆ। ਡੀ ਆਈ ਜੀ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਕਬੂਲਿਆ ਕਿ ਉਨ੍ਹਾਂ ਝਗੜੇ ਤੋਂ ਬਾਅਦ ਡਰਾਈਵਰ ਨੂੰ ਗੋਲੀ ਮਾਰ ਦਿੱਤੀ ਸੀ ਅਤੇ ਬਾਅਦ ਵਿੱਚ ਲਾਸ਼ ਨੂੰ ਮੁਹਾਲੀ ਖੇਤਰ ਵਿੱਚ ਸੁੱਟ ਦਿੱਤਾ ਸੀ।

## 'ਆਪ' ਦੇ ਮਹਿਲਾ ਵਿੰਗ ਨੇ ਹੜ੍ਹ ਲੋਕਾਂ ਨੂੰ ਰਾਸ਼ਨ ਤੇ ਖਾਣ-ਪੀਣ ਦੀਆਂ ਵਸਤਾਂ ਦਿੱਤੀਆਂ



**ਮੋਗਾ, (ਇਕਬਾਲ ਸਿੰਘ ਖਹਿਰਾ)**

ਆਮ ਆਦਮੀ ਪਾਰਟੀ ਪੰਜਾਬ ਦੇ ਮਹਿਲਾ ਵਿੰਗ ਦੀ ਸੂਬਾ ਪ੍ਰਧਾਨ ਤੇ ਮੋਗਾ ਹਲਕੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਅਤੇ ਮਹਿਲਾ ਵਿੰਗ ਦੇ ਅਹੁਦੇਦਾਰ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਅੱਗੇ ਆਏ।ਉਨ੍ਹਾਂ ਸਤਲੁਜ ਦਰਿਆ ਦੇ ਕੰਢੇ ਸਥਿਤ ਹੜ੍ਹ ਪ੍ਰਭਾਵਤ ਪਿੰਡਾਂ ਅਤੇ ਪੰਜਾਬ ਦੇ ਅਜਨਾਲਾ, ਸੁਲਤਾਨਪੁਰ ਲੋਧੀ, ਫਿਰੋਜ਼ਪੁਰ, ਜ਼ੀਰਾ ਦਾ ਦੌਰਾ ਕੀਤਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।

ਇਸ ਮੌਕੇ ਮਹਿਲਾ ਵਿੰਗ ਦੀ ਸੂਬਾ ਪ੍ਰਧਾਨ, ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਦੇ ਨਿਰਦੇਸ਼ਾਂ 'ਤੇ ਪੰਜਾਬ ਦੀ ਮਹਿਲਾ ਵਿੰਗ ਹੜ੍ਹ ਪੀੜਤਾਂ ਦੀ ਮਦਦ ਲਈ ਪੂਰੀ ਕੋਸ਼ਿਸ਼ ਕਰ ਰਹੀ ਹੈ ਤੇ ਪੰਜਾਬ ਦੇ ਮੁੱਖ ਮੰਤਰੀ ਨੇ ਹੜ੍ਹ ਪ੍ਰਭਾਵਤ ਖੇਤਰਾਂ ਵਿੱਚ ਸਾਰੇ ਮੰਤਰੀਆਂ ਅਤੇ ਵਿਧਾਇਕਾਂ ਦੀਆਂ ਡਿਊਟੀਆਂ ਲਾਈਆਂ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਕਈ ਖੇਤਰ ਇਸ ਸਮੇਂ ਕੁਦਰਤ ਦੇ ਕਹਿਰ ਦੀ ਲਪੇਟ ਵਿੱਚ ਹਨ ਤੇ ਇਨ੍ਹਾਂ ਪ੍ਰਭਾਵਤ ਖੇਤਰਾਂ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਕੈਬਨਿਟ, ਵਿਧਾਇਕਾਂ ਵੱਲੋਂ ਸਮੇਂ-ਸਮੇਂ 'ਤੇ ਨਿਰੀਖਣ ਕੀਤਾ ਜਾ ਰਿਹਾ ਹੈ ਤੇ ਲੋਕਾਂ ਨੂੰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਮੌਜੂਦਾ ਸਥਿਤੀ ਨਾਲ ਨਜਿੱਠਣ ਲਈ 'ਆਪ' ਦਾ ਮਹਿਲਾ ਵਿੰਗ ਰੋਜ਼ਾਨਾ ਪਿੰਡਾਂ ਵਿੱਚ ਪਹੁੰਚ ਰਿਹਾ ਹੈ ਤੇ ਲੋੜਵੰਦ ਪਰਵਾਰਾਂ ਨੂੰ ਹਰ ਸੰਭਵ ਮਦਦ ਪ੍ਰਦਾਨ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹਿੰਮਤ ਨਾਲ ਭਰੇ ਹੋਏ ਹਨ, ਜੋ ਇਨ੍ਹਾਂ ਹਾਲਾਤਾਂ ਵਿੱਚ ਵੀ ਨਹੀਂ ਡੋਲਦੇ।

## ...ਸ.ਫ਼ਾ 1 ਦੇ ਬਾਕੀ

### ਕੇਂਦਰ ਸਰਕਾਰ ਮੁਆਵਜ਼ਾ ਮਾਪਦੰਡ...

ਨੁਕਸਾਨ ਹੋਇਆ ਹੈ ਅਤੇ ਕਿਸਾਨਾਂ ਨੂੰ ਘੱਟੋ-ਘੱਟ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਮਿਲਣਾ ਚਾਹੀਦਾ ਹੈ। ਮਾਨ ਨੇ ਕਿਹਾ ਕਿ ਉਨ੍ਹਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਹੈ ਅਤੇ ਹੜ੍ਹਾਂ ਕਾਰਨ ਮਰਨ ਵਾਲਿਆਂ ਦੇ ਪਰਵਾਰਾਂ ਲਈ ਐਕਸਗ੍ਰੇਸ਼ੀਆ ਮੌਜੂਦਾ ਚਾਰ ਲੱਖ ਤੋਂ ਵਧਾ ਕੇ ਅੱਠ ਲੱਖ ਰੁਪਏ ਤੱਕ ਕਰਨ ਲਈ ਦਖ਼ਲ ਦੇਣ ਦੀ ਮੰਗ ਕੀਤੀ ਹੈ। ਉਨ੍ਹਾ ਕਿਹਾ ਕਿ ਹੜ੍ਹਾਂ ਕਾਰਨ ਫੱਟੜ ਹੋ ਕੇ ਆਪਣੇ ਅੰਗ ਗਵਾਉਣ ਵਾਲਿਆਂ ਨੂੰ 40 ਤੋਂ 60 ਫੀਸਦੀ ਅਪੰਗਤਾ ਲਈ 74 ਹਜ਼ਾਰ ਰੁਪਏ ਮਿਲਦੇ ਹਨ, ਜੋ ਵਧਾ ਕੇ 1.50 ਲੱਖ ਰੁਪਏ ਕੀਤੇ ਜਾਣ ਅਤੇ 60 ਫੀਸਦੀ ਤੋਂ ਵੱਧ ਅਪੰਗਤਾ ਲਈ 2.50 ਲੱਖ ਰੁਪਏ ਤੋਂ ਵਧਾ ਕੇ ਪੰਜ ਲੱਖ ਰੁਪਏ ਪ੍ਰਤੀ ਵਿਅਕਤੀ ਦਿੱਤੇ ਜਾਣ।ਮੁੱਖ ਮੰਤਰੀ ਨੇ ਕਿਹਾ ਕਿ ਉਹ ਸਮੇਂ ਸਮੇਂ ਉੱਤੇ ਕੇਂਦਰ ਸਰਕਾਰ ਤੋਂ ਕਿਸਾਨਾਂ ਲਈ ਨੁਕਸਾਨ ਦਾ ਮੁਆਵਜ਼ਾ ਵਧਾਉਣ ਦੀ ਮੰਗ ਕਰਦੇ ਰਹੇ ਹਨ।ਮਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੇ ਕੱਲ੍ਹ ਉਨ੍ਹਾਂ ਨੂੰ ਫੋਨ ਕੀਤਾ ਸੀ ਅਤੇ ਉਨ੍ਹਾਂ ਸਾਰੀ ਸਥਿਤੀ ਬਾਰੇ ਜਾਣੂੰ ਕਰਵਾ ਦਿੱਤਾ ਸੀ।ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਗਾਈਆਂ ਸ਼ਰਤਾਂ ਕਾਰਨ ਪੀੜਤਾਂ ਦੀ ਮਦਦ ਵਿੱਚ ਅੜਿੱਕੇ ਆ ਰਹੇ ਹਨ, ਜੋ ਪੂਰੀ ਤਰ੍ਹਾਂ ਮੰਦਭਾਗਾ ਹੈ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਨੂੰ ਇਸ ਦੁੱਖ ਦੀ ਘੜੀ ਵਿੱਚ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ ਉਦਾਰ ਪਹੁੰਚ ਅਪਣਾਉਣੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਹਾਲਾਤ ਹਾਲੇ ਵੀ ਵਿਗੜ ਰਹੇ ਹਨ ਅਤੇ ਆਗਾਮੀ ਦਿਨਾਂ ਵਿੱਚ ਹਾਲਾਤ ਹੋਰ ਬਦਤਰ ਹੋ ਸਕਦੇ ਹਨ। ਮਾਨ ਨੇ ਕਿਹਾ ਕਿ ਮੌਜੂਦਾ ਸਮੇਂ ਤਿੰਨ ਲੱਖ ਏਕੜ ਖੇਤ ਡੁੱਬੇ ਹੋਏ ਹਨ, ਜਿਨ੍ਹਾਂ ਵਿੱਚ ਜ਼ਿਆਦਾਤਰ ਖੇਤਾਂ ਵਿੱਚ ਝੋਨੇ ਦੀ ਫ਼ਸਲ ਸੀ, ਜਿਸ ਦੀ ਕੁਝ ਹਫ਼ਤਿਆਂ ਵਿੱਚ ਵਾਢੀ ਸ਼ੁਰੂ ਹੋਣੀ ਸੀ।

## ਹੜ੍ਹ ਪੀੜਤਾਂ ਲਈ ਸਾਬਕਾ ਵਿਧਾਇਕ ਆਵਲਾ ਵੱਲੋਂ ਰਾਹਤ ਕਾਰਜ ਜਾਰੀ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਪੰਜਾਬ ਵਿੱਚ ਇਸ ਸਮੇਂ ਹੜ੍ਹ ਭਿਆਨਕ ਰੂਪ ਧਾਰਨ ਕਰ ਚੁੱਕਾ ਹੈ।ਲਗਭਗ ਅੱਧੇ ਤੋਂ ਵੱਧ ਪੰਜਾਬ ਹੜ੍ਹਾਂ ਦੀ ਮਾਰ ਹੇਠ ਆ ਚੁੱਕਾ ਹੈ।ਇਸੇ ਹਾਲਾਤ ਦੇ ਚਲਦਿਆਂ ਮੌਸਮ ਵਿਭਾਗ ਮੁਤਾਬਕ ਆਉਣ ਵਾਲੇ ਦਿਨਾਂ ਵਿੱਚ ਹੋਰ ਭਾਰੀ ਬਾਰਸ਼ ਹੋਣ ਦਾ ਅਨੁਮਾਨ ਹੈ।ਸਰਕਾਰ ਵੱਲੋਂ ਵੀ ਸਾਰੇ ਪੰਜਾਬ ਵਿੱਚ ਰੈੱਡ ਤੇ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ।ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਨੂੰ ਘਰ ਛੱਡ ਕੇ ਸੁਰੱਖਿਅਤ ਥਾਵਾਂ ਤੇ ਜਾਣਾ ਪੈ ਰਿਹਾ ਹੈ, ਜਿੱਥੇ ਰਾਸ਼ਨ ਦੀ ਬਹੁਤ ਜ਼ਿਆਦਾ ਦਿੱਕਤ ਆ ਰਹੀ ਹੈ, ਉਥੇ ਪਸ਼ੂਆਂ ਲਈ ਹਰੇ ਚਾਰੇ ਦੀ ਵੀ ਭਾਰੀ ਕਿੱਲਤ ਹੈ।ਇਨ੍ਹਾਂ ਹਾਲਾਤਾਂ ਦੇ ਮੱਦੇਨਜ਼ਰ ਜਲਾਲਾਬਾਦ ਤੋਂ ਸਾਬਕਾ ਕਾਂਗਰਸੀ ਵਿਧਾਇਕ ਰਮਿੰਦਰ ਆਂਵਲਾ ਵੱਲੋਂ ਆਪਣੇ ਸਾਰੇ ਰਾਜਨੀਤਕ ਪ੍ਰੋਗਰਾਮ ਰੱਦ ਕਰਕੇ 24 ਘੰਟੇ ਲੋਕਾਂ ਵਿੱਚ ਰਹਿਣ ਦਾ ਐਲਾਨ ਕੀਤਾ ਹੈ।ਉਨ੍ਹਾਂ ਵੱਲੋਂ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਸੈਂਕੜੇ ਕੁਇੰਟਲ ਪਸ਼ੂਆਂ ਲਈ ਮੱਕੀ ਦੇ ਆਚਾਰ ਗੱਠਾ, ਪਸ਼ੂਆਂ ਲਈ ਫੀਡ, ਸੁੱਕਾ ਰਾਸ਼ਨ, ਦੀਆਂ ਲੋਕਾਂ ਨੂੰ ਵੰਡਿਆਂ ਜਾ ਚੁੱਕਿਆਂ ਹਨ।ਮੰਗਲਵਾਰ ਉਨ੍ਹਾਂ ਵੱਲੋਂ ਗੁਰੂ ਹਰਸਹਾਏ ਵਿਧਾਨ ਸਭਾ ਹਲਕਾ ਅਧੀਨ ਪੈਂਦੇ ਪਿੰਡਾਂ ਦਾ ਦੌਰਾ ਕੀਤਾ।ਉਨ੍ਹਾਂ ਵੱਲੋਂ ਢਾਣੀ ਬਾਂਬਾ ਵੱਲੂ ਸਿੰਘ ਦੇ ਪੱਤਣ ਲੋਕਾਂ ਦਾ ਹਾਲ ਚਾਲ ਪੁੱਛਿਆ ਗਿਆ ਸੰਪਰਕ ਟੁੱਟੇ ਹੋਏ ਪਿੰਡਾਂ ਲਈ ਹੜ੍ਹ ਪੀੜਤ ਲੋਕਾਂ ਨੂੰ ਪਸ਼ੂਆਂ ਲਈ ਫੀਡ ਮੁਹੱਈਆ ਕਰਵਾਈ ਗਈ।ਵੱਖ-ਵੱਖ ਪਿੰਡ ਜਿਵੇਂ ਗੱਟੀ ਅਜੈਬ ਸਿੰਘ, ਢਾਣੀ ਵੱਲੂ ਸਿੰਘ, ਨੋਬਹਿਰਾਮ ਸ਼ੇਰ, ਢਾਣੀ ਗੁਰਮੁਖ ਸਿੰਘ, ਦੂਲੇ ਕਿ ਨੱਥੂ ਵਾਲੇ ਪਿੰਡ ਦੇ ਲੋਕਾਂ ਮੰਗ ਅਨੁਸਾਰ ਦਰਿਆ 'ਤੇ ਪੁਲ ਬਣਾਉਣ ਦਾ ਵਾਅਦਾ ਕੀਤਾ।ਆਵਲਾ ਸਾਹਿਬ ਵੱਲੋਂ ਕਹਿਆ ਗਿਆ ਕਿ ਉਨ੍ਹਾਂ ਦੀ ਟੀਮ ਲੋਕਾਂ ਤੱਕ ਪਹੁੰਚ ਕਰਕੇ ਹਰ ਲੋੜੀਂਦੀ ਵਸਤੂ ਲੋਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰੇਗੀ।ਕਿਸੇ ਵੀ ਜ਼ਰੂਰਤ ਲਈ ਉਨ੍ਹਾਂ ਦੀ ਟੀਮ ਦੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।ਇਸ ਸਮੇਂ ਉਨ੍ਹਾਂ ਨਾਲ ਬਲਦੇਵ ਰਾਜ ਬਾਗੜੀਆਂ, ਜੋਗਿੰਦਰ ਸਿੰਘ ਮੋਹਨੇ ਵਾਲਾ, ਸੁਖਪ੍ਰੀਤ ਗੱਟੀ ਅਜੈਬ, ਸਵਰਨ ਸਿੰਘ, ਤਰਸੇਮ ਨੰਬਰਦਾਰ, ਸਤਨਾਮ ਸਿੰਘ ਸਰਪੰਚ, ਅਸ਼ੋਕ ਸਰਪੰਚ, ਵਿਜੇ ਗਾਮੂ ਵਾਲਾ, ਸੋਨਾ ਸਿੰਘ ਢਾਣੀ ਵੱਲੂ ਸਿੰਘ, ਜੰਗੀਰ ਮੈਂਬਰ, ਮਲਕੀਤ ਸਿੰਘ ਸਰਪੰਚ ਦੂਲੇ ਕੇ, ਬੂਟਾ ਸਿੰਘ ਦੂਲੇ ਕੇ, ਬਲਦੇਵ ਮੈਂਬਰ, ਸੁਖਚੈਨ ਸਿੰਘ ਗੱਟੀ ਅਜੈਬ, ਹਰਜਿੰਦਰ ਸਿੰਘ ਗੱਟੀ ਅਜੈਬ ਸਿੰਘ, ਅਮ੍ਰਿਤਪਾਲ ਸਿੰਘ ਪੀ ਏ, ਅਮਰ ਪੀ ਏ, ਨਿਸ਼ੂ ਦਹੂਜਾ, ਰਮਨ ਹਾਡਾ, ਗੁਰਚਰਨ ਗੱਟੀ ਮੱਤੜ ਆਦਿ ਹਾਜ਼ਰ ਸਨ।

## ਫ਼ਸਲਾਂ ਦੇ ਨੁਕਸਾਨ ਦੀ ਰਿਪੋਰਟ ਸਰਕਾਰ ਨੂੰ ਜਲਦ ਭੇਜੀ ਜਾਵੇਗੀ : ਮੁੱਖ ਖੇਤੀਬਾੜੀ ਅਫ਼ਸਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਡਾ: ਕਰਨਜੀਤ ਸਿੰਘ ਗਿੱਲ ਮੁੱਖ ਖੇਤੀਬਾੜੀ ਅਫਸਰ ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਜਿੱਥੇ ਪਿਛਲੇ ਦਿਨਾਂ ਦੌਰਾਨ ਭਾਰੀ ਬਾਰਸ਼ ਹੋਣ ਕਾਰਨ ਖੇਤਾਂ ਵਿੱਚ ਪਾਣੀ ਖੜ੍ਹ ਗਿਆ ਹੈ. ਦਾ ਦੌਰਾ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਬਲਾਕ ਸ੍ਰੀ ਮੁਕਤਸਰ ਸਾਹਿਬ ਵਿੱਚ 30 ਤੇ 31 ਅਗਸਤ ਨੂੰ ਹੋਈ ਭਾਰੀ ਬਾਰਸ਼ ਕਾਰਨ ਖੇਤਾਂ ਵਿੱਚ ਪਾਣੀ ਖੜ੍ਹਾ ਹੈ।ਇਸ ਮੌਕੇ ਦੌਰਾ ਕਰਦੇ ਹੋਏ ਉਨ੍ਹਾਂ ਦੱਸਿਆ ਕਿ ਅਜੇ ਤੱਕ ਕਿਸੇ ਫਸਲ ਉਪਰ ਕੋਈ ਨੁਕਸਾਨ ਨਹੀਂ ਹੈ।ਡਾ: ਗਿੱਲ ਵੱਲੋਂ ਦੱਸਿਆ ਗਿਆ ਕਿ ਜੇਕਰ ਆਉਣ ਵਾਲੇ ਦਿਨਾਂ ਵਿੱਚ ਹੋਰ ਬਾਰਸ਼ ਹੁੰਦੀ ਹੈ ਜਾਂ ਪਾਣੀ ਦੀ ਨਿਕਾਸੀ ਸਮੇਂ ਸਿਰ ਨਹੀਂ ਹੁੰਦੀ ਤਾਂ ਨਰਮਾ, ਝੋਨਾ/ਬਾਸਮਤੀ ਦੀ ਫਸਲ ਦਾ ਕਾਫ਼ੀ ਨੁਕਸਾਨ ਹੋਵੇਗਾ।ਉਨ੍ਹਾਂ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਖੇਤਾਂ ਦੇ ਪਾਣੀ ਦੀ ਨਿਕਾਸੀ ਲਈ ਆਪਣੇ ਪੱਧਰ 'ਤੇ ਵੀ ਉਪਰਾਲੇ ਕਰਨ।ਅੰਤ ਵਿੱਚ ਉਨ੍ਹਾਂ ਕਿਹਾ ਕਿ ਜੇਕਰ ਕਿਤੇ ਵੀ ਫਸਲ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਬਣਦੀ ਰਿਪੋਰਟ ਤਿਆਰ ਕਰਕੇ ਡਿਪਟੀ ਕਮਿਸ਼ਨਰ ਦੇ ਧਿਆਨ ਵਿੱਚ ਲਿਆਂਦੀ ਜਾਵੇਗੀ ਤੇ ਇਸ ਦੇ ਨਾਲ-ਨਾਲ ਪੰਜਾਬ ਸਰਕਾਰ ਕੋਲ ਇਹ ਰਿਪੋਰਟ ਭੇਜ ਦਿੱਤੀ ਜਾਵੇਗੀ।ਇਸ ਮੌਕੇ ਡਾ: ਸੁਖਜਿੰਦਰ ਸਿੰਘ, ਏ.ਡੀ.ਓ., ਡਾ: ਸ਼ਮਿੰਦਰ ਸਿੰਘ ਏ.ਡੀ.ਓ., ਡਾ: ਕਰਨਜੀਤ ਸਿੰਘ ਪੀ.ਡੀ. ਤੇ ਡਾ: ਹਰਮਨਦੀਪ ਸਿੰਘ ਏ.ਡੀ.ਓ ਆਦਿ ਹਾਜ਼ਰ ਸਨ।

## ਹੜ੍ਹ ਪੀੜਤਾਂ ਨੂੰ ਬਿਮਾਰੀਆਂ ਬਾਰੇ ਜਾਗਰੂਕ ਕੀਤਾ



**ਜਲਾਲਾਬਾਦ (ਜੀਤ ਕੁਮਾਰ)**-ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਤ ਪਿੰਡਾਂ ਦੇ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਮੰਡੀ ਲਾਧੂਕਾ ਦੀ ਦਾਣਾ ਮੰਡੀ, ਕਮਿਊਨਿਟੀ ਹਾਲ ਲਾਧੂਕਾ, ਸਰਕਾਰੀ ਪ੍ਰਾਇਮਰੀ ਸਕੂਲ ਚੱਕ ਖੀਵਾ ਤੇ ਬਹਿਕ ਹਸਤਾ ਉਤਾੜ ਦੇ ਸਰਕਾਰੀ ਸਕੂਲ ਵਿੱਚ ਰਿਲੀਫ਼ ਕੈਂਪ ਬਣਾਏ ਗਏ ਹਨ। ਹੜ੍ਹ ਪ੍ਰਭਾਵਤ ਪਿੰਡਾਂ ਦੇ ਲੋਕਾਂ ਦੇ ਰਹਿਣ ਲਈ ਬਣਾਏ ਗਏ ਰਿਲੀਫ਼ ਕੈਂਪਾਂ 'ਚ ਪੀਣ ਵਾਲਾ ਪਾਣੀ ਨਿਰਵਿਘਨ ਮੁਹੱਈਆ ਕਰਾਉਣ ਦੇ ਉਦੇਸ਼ ਨਾਲ ਜਲ ਸਪਲਾਈ ਤੇ ਸੈਨੀਟੇਸ਼ਨ ਮੰਡਲ ਫ਼ਾਜ਼ਿਲਕਾ ਦੇ ਕਾਰਜਕਾਰੀ ਇੰਜੀਨੀਅਰ ਸ਼੍ਰੀ ਚਮਕ ਸਿੰਗਲਾ ਤੇ ਉਪ ਮੰਡਲ ਜਲਾਲਾਬਾਦ ਦੇ ਐਸ.ਡੀ.ਓ. ਪ੍ਰਕਾਸ਼ ਲੋਕੇਸ਼ਵਰ ਵੱਲੋਂ ਫੀਲਡ ਕਰਮਚਾਰੀਆਂ ਦੀ ਡਿਊਟੀ ਲਾਈ ਗਈ ਹੈ, ਜਿਸ ਤਹਿਤ ਇਨ੍ਹਾਂ ਰਿਲੀਫ਼ ਕੈਂਪਾਂ ਵਿੱਚ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨਾਲ ਸਬੰਧਤ ਕੰਮਾਂ ਨੂੰ ਕਰਾਉਣ ਲਈ ਵਿਭਾਗ ਦੇ ਅਧਿਕਾਰੀ ਤੇ ਕ੍ਰਚਾਰੀ ਪੂਰੀ ਲਗਨ ਨਾਲ ਡਿਊਟੀ ਨਿਭਾਅ ਰਹੇ ਹਨ, ਉਥੇ ਇਸ ਦੇ ਨਾਲ ਹੀ ਹੜ੍ਹ ਪ੍ਰਭਾਵਤ ਰਾਹਤ ਕੈਂਪ ਚੱਕ ਖੀਵਾ ਵਿਖੇ ਆਏ ਹੋਏ ਪਿੰਡ ਵਾਸੀਆਂ ਨੂੰ ਡਰ ਦੇ ਮਾਹੌਲ ਵਿੱਚੋਂ ਨਿਕਲ ਕੇ ਤਾਜ਼ਾ ਮਾਹੌਲ ਦਾ ਸਾਹਮਣਾ ਕਰਨ ਲਈ ਮੋਟੀਵੇਟ ਕੀਤਾ ਤੇ ਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਕਿ ਪੇਟ, ਚਮੜੀ ਤੇ ਅੱਖਾਂ ਆਦਿ ਰੋਗਾਂ ਬਾਰੇ ਜਾਗਰੂਕ ਕੀਤਾ।

## ਬੂਟਾ ਸਿੱਧੂ ਨੇ ਪਹਿਲਕਦਮੀ ਕਰਕੇ ਕਰਾਈ ਡਰੇਨ ਦੀ ਸਫਾਈ



**ਬਠਿੰਡਾ (ਰਾਜੀਵ ਗੋਇਲ)**-ਲਗਾਤਾਰ ਮੀਂਹ ਪੈਣ ਕਾਰਨ ਜ਼ਿਲ੍ਹੇ ਦੇ ਕਸਬਾ ਭਗਤਾ ਭਾਈਕਾ ਸ਼ਹਿਰ ਵਿੱਚੋਂ ਦੀ ਗੁਜ਼ਰਦੀ ਡਰੇਨ ਵਿੱਚ ਟੁੱਟ ਕੇ ਡਿੱਗੇ ਦਰੱਖਤਾਂ ਕਾਰਨ ਪਾਣੀ ਸਟਾਕ ਹੋਣਾ ਸ਼ੁਰੂ ਹੋਇਆ ਤਾਂ ਆਮ ਲੋਕਾਂ ਦੇ ਸਾਹ ਸੂਤਣੇ ਸ਼ੁਰੂ ਹੋ ਗਏ ਤੇ ਲੋਕ ਡਰ ਦੇ ਸਾਏ ਹੇਠ ਪ੍ਰਸ਼ਾਸਨ ਅਤੇ ਸਰਕਾਰ ਨੂੰ ਕੋਸਦੇ ਨਜ਼ਰ ਆਏ।ਇਸ ਤੋਂ ਬਾਅਦ ਰਾਜਨੀਤੀ ਤੋਂ ਉੱਪਰ ਉੱਠ ਕੇ ਨਗਰ ਪੰਚਾਇਤ ਦੇ ਪ੍ਰਧਾਨ ਬੂਟਾ ਸਿੰਘ ਸਿੱਧੂ ਵੱਲੋਂ ਆਪਣੇ ਨਿੱਜੀ ਖਰਚੇ 'ਤੇ ਆਮ ਲੋਕਾਂ ਨੂੰ ਪਾਣੀ ਦੇ ਇਸ ਕੁਦਰਤੀ ਕਹਿਰ ਤੋਂ ਬਚਾਉਣ ਲਈ ਉੱਦਮ ਕਰਨੇ ਸ਼ੁਰੂ ਕੀਤੇ ਅਤੇ ਸਪੈਸ਼ਲ ਤੌਰ 'ਤੇ ਜੇ.ਸੀ.ਬੀ ਮਸ਼ੀਨ ਮੰਗਵਾ ਕੇ ਪਹਿਲਾਂ ਤਾਂ ਡਰੇਨ ਵਿੱਚ ਪਾਣੀ ਦੀ ਰੁਕਾਵਟ ਨੂੰ ਲੈ ਕੇ ਫਸੇ ਦਰੱਖਤਾਂ ਨੂੰ ਬਾਹਰ ਕਢਵਾਇਆ ਗਿਆ। ਬੂਟਾ ਸਿੰਘ ਸਿੱਧੂ ਵੱਲੋਂ ਕਿਹਾ ਗਿਆ ਕਿ ਕੋਈ ਵੀ ਸਰਕਾਰੀ ਸਹਾਇਤਾ ਪ੍ਰਸ਼ਾਸਨ ਵੱਲੋਂ ਨਹੀਂ ਕੀਤੀ ਗਈ।ਉਨ੍ਹਾਂ ਵੱਲੋਂ ਆਪਣੇ ਪੱਧਰ 'ਤੇ ਆਪਣੇ ਪਿੰਡ ਦੇ ਲੋਕਾਂ ਨੂੰ ਬਚਾਉਣ ਲਈ ਇਹ ਨਿੱਜੀ ਤੌਰ 'ਤੇ ਕਦਮ ਚੁੱਕਿਆ ਗਿਆ ਹੈ।ਉਨ੍ਹਾਂ ਕਿਹਾ ਕਿ 'ਮੇਰਾ ਪਿੰਡ, ਮੇਰੇ ਆਪਣੇ ਲੋਕ ਹਨ ਅਤੇ ਸੇਵਾ ਕਰਨਾ ਮੇਰਾ ਧਰਮ ਹੈ।' ਇਕੱਤਰ ਲੋਕਾਂ ਵੱਲੋਂ ਬੂਟਾ ਸਿੰਘ ਦੀ ਖੂਬ ਸ਼ਲਾਘਾ ਕੀਤੀ ਗਈ ਤੇ ਕਿਹਾ ਗਿਆ ਕਿ ਜੇਕਰ ਬੂਟਾ ਸਿੰਘ ਇਹ ਉੱਦਮ ਨਾ ਕਰਦਾ ਤਾਂ ਸ਼ਾਇਦ ਇਹ ਡਰੇਨ ਦਾ ਪਾਣੀ ਭਗਤਾ ਸ਼ਹਿਰ ਵਿੱਚ ਮਾੜੇ ਵਾਲੇ ਹਾਲਾਤ ਪੈਦਾ ਕਰ ਸਕਦਾ ਸੀ।

## ਹੜ੍ਹ ਪੀੜਤਾਂ ਲਈ ਸੁੱਕੇ ਰਾਸ਼ਨ, ਸਬਜ਼ੀਆਂ ਤੇ ਪੀਣ ਵਾਲੇ ਪਾਣੀ ਦੀ ਸੇਵਾ



**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਬਰੀਵਾਲਾ ਦੇ ਆਗੂ ਜਸਪਾਲ ਸਿੰਘ ਪਾਲਾ ਕੰਵਰਜੀਤ ਸਿੰਘ, ਰਮਨਦੀਪ ਸਿੰਘ, ਕਰਮਤੇਜ ਸਿੰਘ, ਕੇਵਲ ਸਿੰਘ ਨੌਜਵਾਨ ਭਾਰਤ ਸਭਾ ਦੇ ਜਨਰਲ ਸਕੱਤਰ ਮੰਗਾ ਆਜ਼ਾਦ, ਜ਼ਿਲ੍ਹਾ ਕਮੇਟੀ ਮੈਂਬਰ ਰਾਜਪ੍ਰੀਤ ਸਿੰਘ, ਵਿੱਕੀ ਸਿੰਘ, ਰਵੀ ਸਿੰਘ ਨੇ ਕਿਹਾ ਕਿ ਪੂਰੇ ਪੰਜਾਬ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਹੈ, ਜਿਸ ਨਾਲ ਲੋਕਾਂ ਦੇ ਜਾਨ-ਮਾਲ ਦਾ ਭਾਰੀ ਨੁਕਸਾਨ ਹੋਇਆ ਹੈ। ਮੌਜੂਦਾ ਸਰਕਾਰ ਨੇ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਅਗਾਊਂ ਕੋਈ ਜਾਣਕਾਰੀ ਨਹੀਂ ਦਿੱਤੀ ਤੇ ਨਾ ਹੀ ਕੋਈ ਬਦਲਵੇਂ ਪ੍ਰਬੰਧ ਕੀਤੇ ਹਨ, ਜਿਸ ਕਰਕੇ ਲੱਖਾਂ ਲੋਕ ਬੇਘਰ ਹੋ ਚੁੱਕੇ ਹਨ ਤੇ ਲੱਖਾਂ ਏਕੜ ਫ਼ਸਲ ਦਾ ਨੁਕਸਾਨ ਹੋਇਆ ਹੈ।ਜਗਮੀਤ ਸਿੰਘ ਸੰਧੂ, ਜਗਸੀਰ ਸਿੰਘ ਬੱਗਾ ਨੇ ਕਿਹਾ ਕਿ ਪਿੰਡ ਚੱਕ ਗਾਂਧਾ ਸਿੰਘ ਵਾਲਾ ਦੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਿਰਤੀ ਕਿਸਾਨ ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਦੀਆਂ ਪਿੰਡ ਇਕਾਈਆਂ ਵੱਲੋਂ ਪੂਰੇ ਪਿੰਡ ਵਿੱਚੋਂ ਸੁੱਕਾ ਰਾਸ਼ਨ, ਪੀਣ ਵਾਲਾ ਪਾਣੀ, ਸਬਜ਼ੀਆਂ, ਦਾਲ਼ਾਂ ਲਗਭਗ 150 ਪਰਵਾਰਾਂ ਨੂੰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਤ ਪਿੰਡਾਂ ਵਿੱਚ ਪੁਚਾਇਆ ਗਿਆ।ਉਨ੍ਹਾਂ ਮੰਗ ਕੀਤੀ ਕਿ ਹੜ੍ਹ ਪ੍ਰਭਾਵਤ ਲੋਕਾਂ ਨੂੰ ਮ੍ਰਿਤਕਾਂ ਨੂੰ 10 ਲੱਖ ਰੁਪਏ, ਫਸਲ ਦਾ 70 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ, ਮਾਲ ਡੰਗਰਾਂ ਦੇ ਮਾਰਨ ਦਾ ਇਕ ਲੱਖ ਰੁਪਿਆ ਪ੍ਰਤੀ ਇੱਕ ਜਾਨਵਰ ਮੁਆਵਜ਼ਾ ਦਿੱਤਾ ਜਾਵੇ ਤੇ ਹੜ ਪ੍ਰਭਾਵਤ ਲੋਕਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕੀਤਾ ਜਾਵੇ।

## ਘੁਬਾਇਆ ਵੱਲੋਂ ਹੜ੍ਹ ਪ੍ਰਭਾਵਤ ਲੋਕਾਂ ਦੀਆਂ ਸੁਣੀਆਂ ਮੁਸ਼ਕਲਾਂ



**ਜਲਾਲਾਬਾਦ (ਜੰਗੀਰ ਕੌਰ, ਜੀਤ ਕੁਮਾਰ)**-ਸਤਲੁਜ ਦਰਿਆ ਦੀਆਂ ਫਾਟਾਂ ਵਿੱਚ ਪਾਣੀ ਵਧਣ ਕਾਰਨ ਹਲਕਾ ਜਲਾਲਾਬਾਦ ਦੇ ਸਰਹੱਦੀ ਇਲਾਕੇ ਦੇ ਹੜ੍ਹ ਪ੍ਰਭਾਵਤ ਪਿੰਡ ਗਹਿਣੇਵਾਲਾ, ਢਾਣੀ ਬਚਣ ਸਿੰਘ ਅਤੇ ਜੋਧਾ ਭੈਣੀ ਵਿਖੇ ਫ਼ਿਰੋਜ਼ਪੁਰ ਲੋਕ ਸਭਾ ਹਲਕੇ ਦੇ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਪੁੱਜੇ। ਉਨ੍ਹਾਂ ਨਾਲ ਸੀਨੀਅਰ ਕਾਂਗਰਸੀ ਆਗੂ ਬਲਤੇਜ ਸਿੰਘ ਬਰਾੜ ਵੀ ਹਾਜ਼ਰ ਸਨ। ਸ਼ੇਰ ਸਿੰਘ ਘੁਬਾਇਆ ਨੇ ਹੜ੍ਹ ਪ੍ਰਭਾਵਤ ਖੇਤਰਾਂ ਦੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਨੂੰ ਆ ਰਹੀਆਂ ਸਮੱਸਿਆਵਾਂ ਸੁਣੀਆਂ ਤੇ ਜਲਦ ਹੱਲ ਕਰਾਉਣ ਦਾ ਵਿਸ਼ਵਾਸ ਦੁਵਾਇਆ। ਘੁਬਾਇਆ ਨੇ ਕਿਹਾ ਕਿ ਹੜ੍ਹ ਨਾਲ ਪ੍ਰਭਾਵਤ ਹੋਏ ਲੋਕਾਂ ਦੀ ਅਸੀਂ ਜਿੰਨੀ ਵੀ ਮੱਦਦ ਕਰ ਸਕਦੇ ਹਾਂ, ਚਾਹੇ ਜਿਸ ਵੀ ਪ੍ਰਕਾਰ ਦੀ ਮਦਦ ਹੋਵੇ, ਅਸੀਂ ਉਹ ਜ਼ਰੂਰ ਪੁੱਜਦੀ ਕਰਾਂਗੇ।

## ਨਵੇਂ ਅਹੁਦੇਦਾਰਾਂ ਦਾ ਵਿਧਾਇਕ ਕਾਕਾ ਬਰਾੜ ਨੇ ਕੀਤਾ ਸਨਮਾਨ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਆਮ ਆਦਮੀ ਪਾਰਟੀ ਵੱਲੋਂ ਜਾਰੀ ਹੋਈ ਲਿਸਟ ਵਿੱਚ ਨਵੇਂ ਬਣੇ ਅਹੁਦੇਦਾਰਾਂ ਦਾ ਸਨਮਾਨ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਕੀਤਾ ਗਿਆ।ਅਹੁਦੇਦਾਰਾਂ ਦਾ ਮੂੰਹ ਮਿੱਠਾ ਕਰਾਇਆ ਤੇ ਵਧਾਈ ਦਿੱਤੀ ਗਈ। ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਪਾਰਟੀ ਵੱਲੋਂ ਦੋ ਜੁਝਾਰੂ ਸਾਥੀਆਂ ਤੇਜਿੰਦਰ ਸਿੰਘ ਧੂੜੀਆ ਨੂੰ ਟਰੇਡ ਵਿੰਗ ਤੇ ਪਿੰਡ ਵੱਟੂ ਤੋਂ ਸਰਪੰਚ ਜਸਕਰਨ ਸਿੰਘ ਨੂੰ ਕਿਸਾਨ ਵਿੰਗ ਦਾ ਪ੍ਰਧਾਨ ਬਣਾਇਆ ਗਿਆ, ਜਿਸ ਨਾਲ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਨਵੇਂ ਸਾਥੀਆਂ ਨੂੰ ਮਿਲੀ ਜ਼ਿੰਮੇਵਾਰੀ ਨੂੰ ਉਹ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ।ਨਵਨਿਯੁਕਤ ਅਹੁਦੇਦਾਰ ਤੇਜਿੰਦਰ ਸਿੰਘ ਧੂੜੀਆ ਅਤੇ ਜਸਕਰਨ ਸਿੰਘ ਨੇ ਜਿੱਥੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ, ਉੱਥੇ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੂੰ ਵੀ ਵਿਸ਼ਵਾਸ ਦੁਆਇਆ ਕਿ ਉਹ ਪਾਰਟੀ ਲਈ ਦਿਨ ਰਾਤ ਮਿਹਨਤ ਕਰਦੇ ਸੀ, ਕਰਦੇ ਹਨ ਤੇ ਕਰਦੇ ਰਹਿਣਗੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਸਿੱਕੀ ਦੀ ਅਗਵਾਈ ਹੇਠ ਹੜ੍ਹ ਪੀੜਤਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ : ਰਾਜਬੀਰ ਸਿੰਘ ਪੱਖੋਕੇ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੀ ਅਗਵਾਈ ਹੇਠ ਹੜ੍ਹ ਪੀੜਤਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ।ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਂਗਰਸ ਪਾਰਟੀ ਦੇ ਮੀਤ ਪ੍ਰਧਾਨ ਪੰਜਾਬ ਰਾਜਬੀਰ ਸਿੰਘ ਪੱਖੋਕੇ ਨੇ ਕਿਹਾ ਕਿ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੀ ਅਗਵਾਈ ਹੇਠ ਹੜ੍ਹ ਪੀੜਤਾਂ ਦੇ ਵੱਖ-ਵੱਖ ਪਿੰਡਾਂ ਮੁੰਡਾ ਪਿੰਡ, ਧੂੰਦਾ, ਘੜਕਾ ਗੁੱਜਰਪੁਰਾ ਆਦਿ ਪਿੰਡਾਂ ਦਾ ਦੌਰਾ ਕੀਤਾ ਗਿਆ।ਸਿੱਕੀ ਸਾਹਬ ਨਾਲ ਗੱਲ ਕਰਕੇ ਵੱਧ ਤੋਂ ਵੱਧ ਮਦਦ ਕੀਤੀ ਜਾਵੇਗੀ। ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਦੀ ਮਦਦ ਕੀਤੀ ਜਾਵੇ।ਜੇਕਰ ਨੁਕਸਾਨ ਦੀ ਆਪਾਂ ਗੱਲ ਕਰੀਏ ਤਾਂ ਰਹਿ ਹੀ ਕੁਝ ਨਹੀਂ ਗਿਆ। ਝੋਨਾ ਤੇ ਕਮਾਦ ਬਿਲਕੁਲ ਖਤਮ ਹੋ ਗਿਆ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਪਰ ਏਕੜ 80,000 ਰੁਪਏ ਮੁਆਵਜ਼ੇ ਦੇ ਤੌਰ ਤੇ ਦਿੱਤੇ ਜਾਣ, ਗਾਵਾਂ ਮੱਝਾਂ ਤੇ ਘਰਾਂ ਦਾ ਵੱਖਰੇ ਤੌਰ ਤੇ ਜਲਦੀ ਤੋਂ ਜਲਦੀ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਕੁਲਦੀਪ ਸਿੰਘ ਪੱਖੋਕੇ ਨੰਬਰਦਾਰ, ਧਰਮਿੰਦਰ ਸਿੰਘ ਪੱਖੋਕੇ, ਮਨਜਿੰਦਰ ਸਿੰਘ ਮੱਲ੍ਹੀ, ਕੰਵਰ ਪੱਖੋਕੇ, ਕੇਵਲ ਸਿੰਘ ਬਾਠ, ਯੁਵਰਾਜ ਸਿੰਘ ਬਾਠ, ਪ੍ਰਭਜੀਤ ਸਿੰਘ ਦੁੱਗਲਵਾਲ, ਸ਼ੇਰ ਸਿੰਘ ਸੰਘਾ, ਲਾਲੀ ਮੁਨੀਮ, ਸੁਬੇਗ ਸਿੰਘ ਮਾਲਚੱਕ, ਕਰਤਾਰ ਸਿੰਘ ਕੱਲਾ, ਜਸਬੀਰ ਸਿੰਘ, ਪ੍ਰਮਜੀਤ ਕੌਰ ਧੂੰਦਾ ਆਦਿ ਹਾਜ਼ਰ ਸਨ।

## ਕਲਗ਼ੀਧਰ ਟਰੱਸਟ ਬੜੂ ਸਾਹਿਬ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਦੇ ਪੁਨਰਵਾਸ ਲਈ ਯਤਨ ਕੀਤੇ ਜਾਣਗੇ : ਬਾਬਾ ਜਗਜੀਤ ਸਿੰਘ



**ਗੁਰਦਾਸਪੁਰ (ਦਿਨੇਸ਼ ਕੁਮਾਰ)**- ਜ਼ਿਲ੍ਹਾ ਗੁਰਦਾਸਪੁਰ ਵਿੱਚ ਰਾਵੀ ਦਰਿਆ ਕਾਰਨ ਆਏ ਹੜ੍ਹਾਂ ਦੌਰਾਨ ਬਚਾਅ ਤੇ ਰਾਹਤ ਕਾਰਜਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਕਲਗ਼ੀਧਰ ਟਰੱਸਟ ਬੜੂ ਸਾਹਿਬ ਵੱਲੋਂ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ। ਹੁਣ ਤੱਕ ਕਲਗ਼ੀਧਰ ਟਰੱਸਟ ਬੜੂ ਸਾਹਿਬ ਦੇ ਸੇਵਾਦਾਰਾਂ ਵੱਲੋਂ ਕਈ ਕੀਮਤੀ ਜਾਨਾਂ ਬਚਾਉਣ ਤੋਂ ਇਲਾਵਾ ਹੜ੍ਹ ਪ੍ਰਭਾਵਿਤ ਲੋਕਾਂ ਤੱਕ ਰਾਹਤ ਸਮਗਰੀ ਪਹੁੰਚਾਈ ਜਾ ਰਹੀ ਹੈ।ਟਰੱਸਟ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸੇਵਾ ਦੇ ਇਹ ਕਾਰਜ ਲਗਾਤਾਰ ਜਾਰੀ ਹਨ, ਜਿਸ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਕਲਗ਼ੀਧਰ ਟਰੱਸਟ ਬੜੂ ਸਾਹਿਬ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਹੈ। ਕਲਗ਼ੀਧਰ ਟਰੱਸਟ ਬੜੂ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਜਗਜੀਤ ਸਿੰਘ ਵੱਲੋਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨਾਲ ਮੁਲਾਕਾਤ ਕਰਕੇ ਟਰੱਸਟ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਨਿਭਾਈ ਜਾ ਰਹੀਆਂ ਸੇਵਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਨਾਲ ਹੀ ਕਿਹਾ ਕਿ ਕਲਗ਼ੀਧਰ ਟਰੱਸਟ ਬੜੂ ਸਾਹਿਬ ਵੱਲੋਂ ਹੜ੍ਹ ਪੀੜਤਾਂ ਦੇ ਪੁਨਰਵਾਸ ਵਿੱਚ ਵੀ ਜ਼ਿਲ੍ਹਾ ਪ੍ਰਸ਼ਾਸਨ ਦਾ ਸਹਿਯੋਗ ਕੀਤਾ ਜਾਵੇਗਾ।ਬਾਬਾ ਜਗਜੀਤ ਸਿੰਘ ਨੇ ਦੱਸਿਆ ਕਿ ਜਦੋਂ ਰਾਵੀ, ਬਿਆਸ ਤੇ ਸਤਲੁਜ ਦਰਿਆਵਾਂ ਦੇ ਪਾਣੀ ਕਾਰਨ ਸੂਬੇ ਦੇ ਕੁਝ ਇਲਾਕਿਆਂ ਵਿੱਚ ਹੜ੍ਹ ਆ ਗਏ ਤਾਂ ਕਲਗ਼ੀਧਰ ਟਰੱਸਟ ਬੜੂ ਸਾਹਿਬ ਨੇ ਬਿਨਾਂ ਕਿਸੇ ਦੇਰੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਸਨ।ਉਨ੍ਹਾਂ ਦੱਸਿਆ ਕਿ ਰਾਵੀ ਦਰਿਆ ਦੇ ਹੜ੍ਹ ਤੋਂ ਲੋਕਾਂ ਨੂੰ ਬਚਾਉਣ ਲਈ ਕਲਗ਼ੀਧਰ ਟਰੱਸਟ ਬੜੂ ਸਾਹਿਬ ਦੇ ਵਲੰਟੀਅਰ ਪਹਿਲੇ ਦਿਨ ਤੋਂ ਹੀ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਨਾਲ ਸਹਿਯੋਗ ਕਰਦੇ ਹੋਏ ਲੋਕਾਂ ਦੀਆਂ ਜਾਨਾਂ ਬਚਾਉਣ ਵਿੱਚ ਲੱਗੇ ਹੋਏ ਸਨ। ਉਨ੍ਹਾਂ ਦੱਸਿਆ ਕਿ ਟਰੱਸਟ ਵੱਲੋਂ ਮਕੌੜਾ, ਕਲਾਨੌਰ ਅਤੇ ਡੇਰਾ ਬਾਬਾ ਨਾਨਕ ਇਲਾਕੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਕਿਸ਼ਤੀਆਂ ਰਾਹੀਂ ਪਹੁੰਚ ਕਰਕੇ ਲੋਕਾਂ ਨੂੰ ਹੜ੍ਹਾਂ ਦੇ ਪਾਣੀ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ। ਉਨ੍ਹਾਂ ਦੱਸਿਆ ਕਿ ਟਰੱਸਟ ਦੇ ਵਲੰਟੀਅਰ ਹਰ ਉਸ ਲੋੜਵੰਦ ਤੱਕ ਪਹੁੰਚ ਕਰਕੇ ਰਾਹਤ ਪਹੁੰਚਾਅ ਰਹੇ ਹਨ ਜਿੱਥੇ ਕਿਸ਼ਤੀ ਤੋਂ ਬਿਨਾਂ ਪਹੁੰਚ ਨਹੀਂ ਹੋ ਸਕਦੀ ਸੀ।ਬਾਬਾ ਜਗਜੀਤ ਸਿੰਘ ਨੇ ਕਿਹਾ ਕਿ ਜੇਕਰ ਕਿਸੇ ਦਾ ਘਰ ਢਹਿ ਗਿਆ ਹੈ ਤਾਂ ਉਸ ਨੂੰ ਵੀ ਟਰੱਸਟ ਵੱਲੋਂ ਠੀਕ ਕੀਤਾ ਜਾਵੇਗਾ।

- ਡੀਸੀ ਨੇ ਟਰੱਸਟ ਦੇ ਪ੍ਰਬੰਧਕਾਂ ਤੇ ਸਮੂਹ ਸੇਵਾਦਾਰਾਂ ਦਾ ਰਾਹਤ ਕਾਰਜਾਂ ਲਈ ਕੀਤਾ ਧੰਨਵਾਦ

## ਆਰ ਬੀ ਡੀ ਸੀ ਐੱਚ ਵਿਖੇ ਖ਼ੂਨਦਾਨ ਕੈਂਪ ਲਗਾਇਆ



**ਚੰਡੀਗੜ੍ਹ, ਕੁਰਾਲੀ (ਗੁਰਜੀਤ ਬਿੱਲਾ, ਮੋਹਨ ਅਗਰਵਾਲ)**- ਰਿਆਤ ਬਾਹਰਾ ਡੈਂਟਲ ਕਾਲਜ ਅਤੇ ਹਸਪਤਾਲ (ਆਰ ਬੀ ਡੀ ਸੀ ਐਚ) ਤੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਐਨ ਐਸ ਐਸ ਕਲੱਬ ਵੱਲੋਂ ਰੋਟਰੀ ਕਲੱਬ, ਚੰਡੀਗੜ੍ਹ ਦੇ ਸਹਿਯੋਗ ਨਾਲ ਇੱਕ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਵਿੱਚ ਯੂਨੀਵਰਸਿਟੀ ਅਤੇ ਆਰ ਬੀ ਡੀ ਸੀ ਐਚ ਦੇ ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ ਸਮੇਤ 80 ਤੋਂ ਵੱਧ ਦਾਨੀਆਂ ਨੇ ਖ਼ੂਨਦਾਨ ਕਰਕੇ ਮਾਨਵਤਾ ਪ੍ਰਤੀ ਆਪਣੀ ਸੇਵਾ ਭਾਵਨਾ ਪ੍ਰਗਟ ਕੀਤੀ। ਇਹ ਕੈਂਪ ਰਿਆਤ ਬਾਹਰਾ ਗਰੁੱਪ ਆਫ਼ ਇੰਸਟੀਚਿਊਸ਼ਨਜ਼ (ਆਰ ਬੀ ਜੀ ਆਈ) ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਦੀ ਸਰਪ੍ਰਸਤੀ ਹੇਠ ਲਗਾਇਆ ਗਿਆ। ਕੈਂਪ ਦਾ ਉਦਘਾਟਨ ਗਰੁੱਪ ਵਾਈਸ-ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ ਨੇ ਕੀਤਾ। ਉਨ੍ਹਾਂ ਨੇ ਕੈਂਪ ਖੇਤਰ ਦਾ ਦੌਰਾ ਕਰਦਿਆਂ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ, ਦਾਨੀਆਂ ਦਾ ਧੰਨਵਾਦ ਕੀਤਾ ਅਤੇ ਡਾਕਟਰਾਂ ਦੀ ਟੀਮ ਨੂੰ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਨੇ ਰੋਟਰੀ ਕਲੱਬ ਬਲੱਡ ਬੈਂਕ ਟੀਮ ਦੇ ਹੈੱਡ ਡਾਕਟਰ ਤੇ ਹੋਰ ਮੈਂਬਰਾਂ ਨੂੰ ਸਨਮਾਨਤ ਵੀ ਕੀਤਾ। ਡਾ. ਅਕਸ਼ੈ ਕੁਮਾਰ ਸ਼ਰਮਾ, ਪ੍ਰਿੰਸੀਪਲ ਆਰ ਬੀ ਡੀ ਸੀ ਐਚ ਅਤੇ ਡਾ. ਨੀਨਾ ਮਹਿਤਾ, ਡੀਨ ਅਕਾਦਮਿਕ ਨੇ ਕਿਹਾ ਕਿ ਆਰ ਬੀ ਡੀ ਸੀ ਐਚ ਲਗਾਤਾਰ ਸੁਚੱਜੇ ਢੰਗ ਨਾਲ ਆਯੋਜਿਤ ਪ੍ਰਭਾਵਸ਼ਾਲੀ ਸਮਾਗਮਾਂ ਰਾਹੀਂ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਗਟਾਵਾ ਕਰਦਾ ਆ ਰਿਹਾ ਹੈ।

## ਸਿਆਸੀ ਮੱਤਭੇਦਾਂ ਕਰਕੇ ਜਨਤਕ ਭਲਾਈ ਨੂੰ ਨਹੀਂ ਰੋਕਣਾ ਚਾਹੀਦਾ : ਪ੍ਰਭਸ਼ੇਰ ਸਿੰਘ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਰਾਜਨੀਤਿਕ ਪਾਰਟੀਆਂ ਦੇ ਨਿੱਜੀ ਟਕਰਾਅ ਨੇ ਪੇਂਡੂ ਖੇਤਰਾਂ ਵਿੱਚ ਵਿਕਾਸ ਦੀਆਂ ਪਹਿਲਕਦਮੀਆਂ ਵਿੱਚ ਕਾਫ਼ੀ ਰੁਕਾਵਟ ਪਾਈ ਹੈ, ਜਿਸ ਕਾਰਨ ਵਿਆਪਕ ਖੜੋਤ ਆਈ ਹੈ।ਇਨ੍ਹਾਂ ਵਿਚਾਰਾਂ ਦਾ



ਪ੍ਰਗਟਾਵਾ ਸਮਾਜ ਸੇਵੀ ਆਗੂ ਪ੍ਰਭਸ਼ੇਰ ਸਿੰਘ ਫਤਿਹਾਬਾਦ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਪਿੰਡਾਂ ਦੇ ਪੰਚਾਂ ਸਰਪੰਚਾਂ ਅਤੇ ਮੋਹਤਬਰ ਵਿਅਕਤੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਥਾਨਕ ਨੇਤਾਵਾਂ ਨੂੰ ਉਨ੍ਹਾਂ ਦੇ ਰਾਜਨੀਤਿਕ ਸੰਬੰਧਾਂ ਦੀ ਪਰਵਾਹ ਕੀਤੇ ਬਿਨਾਂ ਜਵਾਬਦੇਹ ਬਣਾਓ। ਸਮਝਦਾਰੀ ਨਾਲ ਵੋਟ ਦਿਓ, ਉਮੀਦਵਾਰਾਂ ਦੀ ਚੋਣ ਉਨ੍ਹਾਂ ਦੇ ਕੰਮ ਦੇ ਆਧਾਰ 'ਤੇ ਕਰੋ, ਨਾ ਕਿ ਉਨ੍ਹਾਂ ਦੀ ਪਾਰਟੀ ਦੇ ਆਧਾਰ 'ਤੇ।ਸੜਕਾਂ, ਸਕੂਲ ਅਤੇ ਸਿਹਤ ਸੰਭਾਲ ਵਰਗੀਆਂ ਜ਼ਰੂਰੀ ਸੇਵਾਵਾਂ ਦੀ ਮੰਗ ਕਰਨ ਲਈ ਪਾਰਟੀ ਲਾਈਨਾਂ ਤੋਂ ਪਾਰ ਇੱਕਜੁੱਟ ਹੋਵੋ।ਹਰ ਇੱਕ ਦਾ ਫਰਜ਼ ਹੈ ਪਿੰਡ ਵਿੱਚ ਰਾਜਨੀਤਿਕ ਤਣਾਅ ਘਟਾਉਣ ਲਈ ਨਿਰਪੱਖ ਵਿਚੋਲੇ ਵਜੋਂ ਕੰਮ ਕਰੇ।ਸਾਂਝੀਆਂ ਜ਼ਰੂਰਤਾਂ 'ਤੇ ਕੇਂਦ੍ਰਿਤ ਕਰਨ ਲਈ ਭਾਈਚਾਰਕ ਮੀਟਿੰਗਾਂ ਦੀ ਸਹੂਲਤ ਦਿਓ, ਨਾ ਕਿ ਪਾਰਟੀ ਏਜੰਡਿਆਂ ਦੀ ਪਾਰਟੀ ਵਿਰੋਧੀ ਧਿਰ ਦੀ ਬਜਾਏ ਜਨਤਕ ਭਲਾਈ 'ਤੇ ਧਿਆਨ ਕੇਂਦਰਿਤ ਕਰੋ।ਇਕਸਾਰ ਵਿਕਾਸ ਨੂੰ ਯਕੀਨੀ ਬਣਾਉਣ ਲਈ ਪਾਰਟੀ ਲਾਈਨਾਂ ਤੋਂ ਪਾਰ ਸਹਿਯੋਗ ਕਰੋ।ਉਨ੍ਹਾਂ ਕਿਹਾ ਕਿ ਅਖੀਰ 'ਚ ਇੱਕੋ ਗੱਲ ਕਹਿਣਾ ਚਾਹੁੰਦਾ ਕਿ ਰਾਜਨੀਤਿਕ ਮਤਭੇਦਾਂ ਕਰਕੇ ਜਨਤਕ ਭਲਾਈ ਨੂੰ ਨਹੀਂ ਰੋਕਣਾ ਚਾਹੀਦਾ।ਸਰਪੰਚ ਅਤੇ ਸਾਰੇ ਮੈਂਬਰਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਪਹਿਲਾ ਫਰਜ਼ ਲੋਕਾਂ ਦੀ ਸੇਵਾ ਹੈ, ਨਾ ਕਿ ਰਾਜਨੀਤਿਕ ਪਾਰਟੀਆਂ ਪ੍ਰਤੀ ਵਫ਼ਾਦਾਰੀ।

## ਈਟੀਓ ਵੱਲੋਂ ਰਾਹਤ ਸੱਮਗਰੀ ਦੀਆਂ ਟਰੈਕਟਰ ਟਰਾਲੀਆਂ ਰਵਾਨਾ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਪੰਜਾਬ ਸਰਕਾਰ ਆਮ ਆਦਮੀ ਪਾਰਟੀ ਦੇ ਸਾਰੇ ਮੰਤਰੀ ਅਤੇ ਵਿਧਾਇਕ ਸਾਹਿਬਾਨ ਵੀ ਹੜ੍ਹ ਪੀੜਤਾਂ ਦੀ ਮਦਦ ਲਈ ਦਿਨ ਰਾਤ ਕੰਮ ਕਰ ਰਹੇ ਹਨ।ਇਸਦੇ ਚਲਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਹੜ੍ਹ ਪੀੜਤਾਂ ਦੀ ਸੇਵਾ ਵਿੱਚ ਦਿਨ-ਰਾਤ ਇਕ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਦੇਖਦੇ ਹੋਏ ਪਿੰਡ ਪਿੰਡ ਜਾ ਕੇ ਹਾਲਾਤ ਦਾ ਜਾਇਜ਼ਾ ਲੈ ਰਹੇ ਹਨ ਤੇ ਉਨ੍ਹਾਂ ਦੀ ਹਰ ਮਦਦ ਕਰ ਰਹੇ ਹਨ ।ਅੱਜ ਹਲਕਾ ਜੰਡਿਆਲਾ ਗੁਰੂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਹਰੀਕੇ ਹਲਕੇ ਦੇ ਪਿੰਡਾਂ ਵਿੱਚ ਰਾਹਤ ਸਮੱਗਰੀ ਦੀਆਂ ਟਰਾਲੀਆਂ ਜੰਡਿਆਲਾ ਗੁਰੂ ਤੋਂ ਰਵਾਨਾ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਸਾਨੂੰ ਜਾਣਕਾਰੀ ਮਿਲੀ ਸੀ, ਜਿਸ ਵਿੱਚੋਂ ਪਤਾ ਲੱਗਾ ਸੀ ਕਿ ਹਰੀਕੇ ਦੇ ਪਿੰਡਾਂ ਵਿੱਚ ਫਸੇ ਲੋਕਾਂ ਲਈ ਤੇ ਪਸ਼ੂਆਂ ਲਈ ਫੀਡ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਸਾਡੇ ਵੱਲੋਂ ਲੋੜਵੰਦ ਵੀਰਾਂ ਲਈ ਹਰ ਤਰ੍ਹਾਂ ਦੀ ਸਹਾਇਤਾ ਜਾਰੀ ਰਹੇਗੀ ਅਤੇ ਅਸੀਂ ਸਾਰੇ ਮਿਲ ਕੇ ਇਸ ਹਲਕੇ ਨੂੰ ਮੁੜ ਪੈਰਾਂ ਸਿਰ ਖੜ੍ਹਾ ਕਰਾਂਗੇ।

## ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਐਂਡ ਵੈੱਲਫੇਅਰ ਸੁਸਾਇਟੀ ਦਾ ਸਾਲਾਨਾ ਪ੍ਰੋਗਰਾਮ ਸੰਪੰਨ

### ਗ. ਸਾਹਿਬ ਸਿੰਘ ਮਾਰਕੰਡਾ ਤੇ ਮਾਸਟਰ ਅਵਤਾਰ ਸਿੰਘ ਸੋਹਲ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਤ



**ਪੱਟੀ (ਬਲਦੇਵ ਸਿੰਘ ਸੰਧੂ)**- ਮਨੁੱਖੀ ਅਧਿਕਾਰਾਂ ਦੇ ਰਖਵਾਲੇ ਧਰਮ ਦੀ ਚਾਦਰ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਤੇ ਸ਼ਹੀਦ ਭਾਈ ਤਾਰੂ ਸਿੰਘ ਗੁਰਮਤ ਪ੍ਰਚਾਰ ਸੁਸਾਇਟੀ ਦੇ ਵੱਲੋਂ ਚੌਥਾ ਸਾਲਾਨਾ ਸਮਾਗਮ ਗੁਰਦੁਆਰਾ ਭਾਈ ਝਾੜੂ ਸਾਹਿਬ ਜੀ ਪਿੰਡ ਵਲਟੋਹਾ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਐੱਨ ਆਰ ਆਈ ਵੀਰਾਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤਾ ਗਿਆ ਜਿਸ ਵਿੱਚ ਇਲਾਕੇ ਦੇ 16 ਸਕੂਲਾਂ ਸੰਤ ਸਿਪਾਹੀ ਸੀਨੀਅਰ ਸੈਕੰਡਰੀ ਸਕੂਲ ਘਰਿਆਲਾ, ਸੇਂਟ ਸੋਲਜਰ ਕਾਨਵੈਂਟ ਸਕੂਲ ਪੂਨੀਆ, ਸਰਕਾਰੀ ਹਾਈ ਸਕੂਲ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਸੀਨੀਅਰ ਸੈਕੰਡਰੀ ਸਕੂਲ ਵਰਨਾਲਾ, ਸ਼ਹੀਦ ਭਗਤ ਸਿੰਘ ਸੀਨੀਅਰ ਸੈਕੰਡਰੀ ਸਕੂਲ, ਦਸਮੇਸ਼ ਸੀਨੀਅਰ ਸੈਕੰਡਰੀ ਸਕੂਲ, ਸਰਦਾਰ ਹਰੀ ਸਿੰਘ ਨਲੂਆ ਸੀਨੀਅਰ ਸੈਕੰਡਰੀ ਸਕੂਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਲਟੋਹਾ, ਸੰਤ ਫਰੀਦ ਕਾਨਵੈਂਟ ਸਕੂਲ, ਡਾਕਟਰ ਮਨੋਹਰ ਲਾਲ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ, ਸੈਂਚਰਾ ਇੰਟਰਨੈਸ਼ਨਲ ਸਕੂਲ ਅਮਰਕੋਟ, ਐੱਸਪੀਐੱਸ ਹਵਾਲਦਾਰ ਸ਼ਹੀਦ ਅਜੀਤ ਸਿੰਘ ਸੀਨੀਅਰ ਸੈਕੰਡਰੀ ਸਕੂਲ, ਸਰਕਾਰੀ ਕੰਨਿਆ ਸਕੂਲ ਖੇਮਕਰਨ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਆਸਲ ਉਤਾੜ ਦੇ ਬੱਚਿਆਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ ਪਹਿਲਾ ਸਥਾਨ ਡਾਕਟਰ ਮਨੋਹਰ ਲਾਲ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਅਮਰਕੋਟ, ਸਰਕਾਰੀ ਕੰਨਿਆ ਸਕੂਲ ਵਲਟੋਹਾ ਨੇ ਦੂਸਰਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਰਨਾਲਾ ਨੇ ਤੀਸਰਾ, ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਆਸਲ ਉਤਾੜ ਨੇ ਚੌਥਾ ਅਤੇ ਦਸ਼ਮੇਸ਼ ਸੀਨੀਅਰ ਸੈਕੰਡਰੀ ਸਕੂਲ ਵਲਟੋਹਾ ਨੇ ਪੰਜਵਾਂ ਸਥਾਨ ਹਾਸਿਲ ਕੀਤਾ। ਜੇਤੂ ਟੀਮਾਂ ਨੂੰ ਕ੍ਰਮਵਾਰ 4100, 3100, 2100 ਅਤੇ 1100 ਸੌ ਰੁਪਏ ਅਤੇ ਸ਼ੀਲਡਾਂ ਨਾਲ ਸਨਮਾਨਿਤ ਕੀਤਾ ਗਿਆ।ਇਸ ਦੇ ਨਾਲ ਹੀ ਬੱਚਿਆਂ ਦਾ ਦਸਤਾਰ ਦੁਮਾਲਾ ਮੁਕਾਬਲਾ ਵੀ ਕਰਵਾਇਆ ਗਿਆ ਜਿਸ ਵਿੱਚ ਜੇਤੂ ਬੱਚਿਆਂ ਨੂੰ ਪ੍ਰਭਾਵਸ਼ਾਲੀ ਸ਼ੀਲਡਾਂ, ਦਸਤਾਰਾਂ ਅਤੇ ਧਾਰਮਿਕ ਸਾਹਿਤ ਨਾਲ ਸਨਮਾਨ ਕੀਤਾ ਗਿਆ।ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ, ਪ੍ਰਧਾਨ ਭਾਈ ਸੰਤੋਖ ਸਿੰਘ, ਮੀਤ ਪ੍ਰਧਾਨ ਭਾਈ ਹੀਰਾ ਸਿੰਘ ਸੋਹਲ, ਸਕੱਤਰ ਭਾਈ ਨਿਰਮਲ ਸਿੰਘ ਸੁਰ ਸਿੰਘ, ਮੀਤ ਸਕੱਤਰ ਭਾਈ ਹਰਚਰਨ ਸਿੰਘ ਉਬੋਕੇ, ਖਜਾਨਚੀ ਭਾਈ ਗੁਰਜੰਟ ਸਿੰਘ ਭਿੱਖੀਵਿੰਡ, ਅਤੇ ਸਿੱਖ ਪ੍ਰਚਾਰਕ ਭਾਈ ਜਗਜੀਤ ਸਿੰਘ ਅਹਿਮਦਪੁਰ ਨੇ ਪ੍ਰੈਸ ਨਾਲ ਗੱਲਬਾਤ ਦੌਰਾਨ ਕੀਤਾ। ਉਹਨਾਂ ਕਿਹਾ ਕਿ ਜਮੀਨੀ ਪੱਧਰ ਤੇ ਬੱਚਿਆਂ ਨੂੰ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਸਿੱਖ ਰਹਿਤ ਮਰਿਆਦਾ ਅਤੇ ਸਿੱਖ ਸਭਿਆਚਾਰ ਦੇ ਨਾਲ ਜੋੜਨ ਵਾਲੀਆਂ ਮਾਇਨਾਜ਼ ਸ਼ਖ਼ਸੀਅਤਾਂ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ ਸ਼ਾਹਬਾਦ ਮਾਰਕੰਡਾ ਅਤੇ ਮਾਸਟਰ ਅਵਤਾਰ ਸਿੰਘ ਸੋਹਲ ਨੂੰ ਉਮਰ ਭਰ ਦੀਆਂ ਪ੍ਰਾਪਤੀਆਂ ਲਈ ਲਾਈਫ ਟਾਈਮ ਅਚੀਵਮੈਂਟ ਅਵਾਰਡ ਨਾਲ ਨਿਵਾਜਿਆ ਗਿਆ।ਸੋਸਾਇਟੀ ਵੱਲੋਂ ਤਨ ਮਨ ਤਨ ਨਾਲ ਸਹਿਯੋਗ ਕਰਨ ਵਾਲੇ ਸਕੂਲਾਂ ਅਤੇ ਸਹਿਯੋਗੀ ਸੱਜਣਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਬਾਬਾ ਜਸਵੰਤ ਸਿੰਘ ਸੋਢੀ ਆਸਲ ਉਤਾੜ ਵਾਲਿਆਂ ਨੇ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ ਅਤੇ ਦਸਤਾਰ ਦੁਮਾਲਾ ਮੁਕਾਬਲੇ ਵਿੱਚ ਜੇਤੂ ਬੱਚਿਆਂ ਨੂੰ ਦਸਤਾਰਾਂ ਦੇ ਨਾਲ ਸਨਮਾਨਿਤ ਕੀਤਾ।ਇਸ ਮੌਕੇ ਭਾਈ ਗੁਰਪ੍ਰੀਤ ਸਿੰਘ ਸੈਂਡੀ, ਦਸਤਾਰ ਕੋਚ ਹਰਜੀਤ ਸਿੰਘ ਲਹਿਰੀ, ਹਰਪ੍ਰੀਤ ਸਿੰਘ ਪੱਟੀ, ਆਕਾਸ਼ਦੀਪ ਸਿੰਘ ਪੱਟੀ, ਵਜੀਰ ਸਿੰਘ ਆਸਲ, ਜਗਦੀਸ਼ ਸਿੰਘ ਭਿੱਖੀਵਿੰਡ, ਸਾਜਨਪ੍ਰੀਤ ਸਿੰਘ, ਸੁਖਵਿੰਦਰ ਸਿੰਘ ਖਾਲੜਾ, ਗੁਰਮੀਤ ਸਿੰਘ ਮਾਲੂਵਾਲ, ਹਰਮਨਦੀਪ ਸਿੰਘ ਸੁਖਮਨਦੀਪ ਸਿੰਘ ਗਗਨਦੀਪ ਸਿੰਘ ਭਿੱਖੀਵਿੰਡ, ਰਣਬੀਰ ਸਿੰਘ ਵੀਰਮ, ਹਰਪ੍ਰੀਤ ਸਿੰਘ ਮਨਿਆਰੀ ਵਾਲੇ, ਦਿਲਬਾਗ ਸਿੰਘ ਡੱਲ, ਭਾਈ ਦਵਿੰਦਰ ਸਿੰਘ ਕੈਰੋਂ ਤੋਂ ਇਲਾਵਾ ਹੋਰ ਵੀ ਲੋਕ ਹਾਜ਼ਰ ਸਨ।

## ਹੜ੍ਹ ਪੀੜਤਾਂ ਦੀ ਹਰ ਸੰਭਵ ਮਦਦ ਕਰਨਾ ਸਾਡਾ ਨੈਤਿਕ ਫਰਜ਼ : ਅਮਰੀਕ ਸਿੰਘ ਵਰਪਾਲ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਹੜ੍ਹ ਪੀੜਤਾਂ ਦੀ ਹਰ ਸੰਭਵ ਮਦਦ ਕਰਨਾ ਸਾਡਾ ਨੈਤਿਕ ਫਰਜ਼ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਤਰਨਤਾਰਨ ਦੇ ਉੱਘੇ ਸਿਆਸਤਦਾਨ ਤੇ ਨਾਮਵਰ ਸਮਾਜ ਸੇਵਕ ਅਮਰੀਕ ਸਿੰਘ ਵਰਪਾਲ ਨੇ ਅੱਜ ਗੱਲਬਾਤ ਦੌਰਾਨ ਦੱਸਿਆ ਕਿ ਉਨ੍ਹਾਂ ਵੱਲੋਂ ਆਪਣੇ ਸਾਥੀਆਂ ਨਾਲ ਸਤਲੁਜ, ਰਾਵੀ ਤੇ ਬਿਆਸ ਦਰਿਆਵਾਂ ਦੇ ਨਜ਼ਦੀਕ ਵੱਸਦੇ ਜੋ ਇਸ ਵੇਲੇ ਹੜ ਪ੍ਰਭਾਵਿਤ ਖੇਤਰਾਂ ਦਾ ਜਾਇਜ਼ਾ ਲਿਆ ਗਿਆ ਤੇ ਵੇਖਿਆ ਗਿਆ ਕਿ ਪਿੰਡਾਂ ਦੇ ਪਿੰਡ ਪਾਣੀ ਨਾਲ ਡੁੱਬੇ ਹਨ।ਹਜ਼ਾਰਾਂ ਲੋਕ ਬੇਘਰ ਤੇ ਝੋਨੇ ਦੀ ਫ਼ਸਲ ਬਰਬਾਦ ਹੋਣ ਦੇ ਨਾਲ ਨਾਲ ਅਨੇਕਾਂ ਵਿਆਕਤੀ ਤੇ ਪਸ਼ੂ ਮਰ ਚੁੱਕੇ ਤੇ ਲਾਪਤਾ ਹੋਣ ਦੀ ਕੋਈ ਵੀ ਗਿਣਤੀ ਨਹੀਂ ਹੈ, ਜਿਸ ਨੂੰ ਵੇਖਦਿਆਂ ਮਨ ਭਰ ਆਇਆ ਕਿ ਕਿਵੇਂ ਲੋਕ ਪਾਣੀ ਨਾਲ ਡੁੱਬੇ ਤੇ ਢਹਿ ਚੁੱਕੇ ਘਰ ਦੇ ਨਿੱਕੇ ਨਿੱਕੇ ਬੱਚੇ, ਔਰਤਾਂ ਤੇ ਬਜ਼ੁਰਗ ਉੱਚੀਆਂ ਥਾਵਾਂ ਤੇ ਬੈਠ ਕੇ ਸਹਾਰਾ ਲੱਭ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮਾਝੇ ਲੋਕ ਬਹੁਤ ਬਹਾਦਰ ਹਨ।ਜੋ ਹਰ ਮੁਸੀਬਤਾਂ ਤੇ ਕੁਦਰਤੀ ਕਰੋਪੀ ਨੂੰ ਆਪਣੇ ਪਿੰਡੇ ਤੇ ਹੰਢਾਉਂਦੇ ਹਨ।ਤੇ ਉਸ ਤੋਂ ਨਿਜਾਤ ਵੀ ਪਾਉਂਦੇ ਹਨ।ਪਰ ਇਸ ਮੌਕੇ ਹੜ ਪ੍ਰਭਾਵਿਤ ਲੋਕਾਂ ਲਈ ਖਾਣ ਪੀਣ ਦਾ ਸਾਮਾਨ, ਪੀਣ ਵਾਲੇ ਪਾਣੀ, ਪਸ਼ੂਆ ਲਈ ਚਾਰੇ ਸਮੇਤ ਹਰ ਲੋੜੀਂਦੀ ਸਹਾਇਤਾ ਪਹੁੰਚਾਉਣ ਲਈ ਹਰ ਹੀਲਾ ਵਰਤਣਾ ਚਾਹੀਦਾ ਹੈ ਤਾਂ ਜੋ ਕੁਦਰਤੀ ਆਫ਼ਤ ਤੋਂ ਬਚਾਇਆ ਜਾ ਸਕੇ।

## ਬਮਿਆਲ ਤੇ ਨਰੋਟ ਜੈਮਲ ਸਿੰਘ ਖੇਤਰ ਦੇ ਕਈ ਪਿੰਡ ਆਏ ਹੜ੍ਹਾਂ ਦੀ ਮਾਰ ਹੇਠ

**ਪਠਾਨਕੋਟ, (ਦਵਿੰਦਰ ਸਿੰਘ)** ਜ਼ਿਲ੍ਹਾ ਪਠਾਨਕੋਟ ਦੇ ਖੇਤਰ ਦੇ ਕਈ ਪਿੰਡਾਂ ਦਾ ਹੜ੍ਹਾਂ ਦੇ ਕਾਰਨ ਜਨਜੀਵਨ ਪ੍ਰਭਾਵਿੱਤ ਹੋਇਆ ਹੈ ਅਤੇ ਦਰਿਆ ਦੇ ਨਾਲ ਲਗਦੇ ਪਿੰਡਾਂ ਅੰਦਰ ਲੋਕਾਂ ਦੇ ਪਸ਼ੂਆਂ ਦਾ ਨੁਕਸਾਨ ਹੋਇਆ, ਘਰਾਂ ਦਾ ਨੁਕਸਾਨ ਹੋਇਆ ਅਤੇ ਫਸਲਾਂ ਵੀ ਪ੍ਰਭਾਵਿਤ ਹੋਈਆਂ, ਬਮਿਆਲ ਦੇ ਪਿੰਡ ਤਾਸ ਦੇ ਨਾਲ ਲਗਦੇ ਮੋਗੇ ਵਾਲਿਆਂ ਦੇ ਡੇਰਿਆਂ ਦੇ ਲਈ ਲਾਲ ਚੰਦ ਕਟਾਰੂਚੱਕ ਮਸੀਹਾ ਬਨ ਕੇ ਆਏ ਤੇ ਉਨ੍ਹਾ ਲੋਕਾਂ ਦੀ ਸਮੱਸਿਆਵਾਂ ਦਾ ਹੱਲ ਕੀਤਾ।



ਜ਼ਿਕਰਯੋਗ ਹੈ ਕਿ ਜਿਸ ਦਿਨ ਤੋਂ ਬਮਿਆਲ ਅਤੇ ਨਰੋਟ ਜੈਮਲ ਸਿੰਘ ਦੇ ਖੇਤਰ ਅੰਦਰ ਹੜ੍ਹ ਆਏ ਉਸ ਦਿਨ ਤੋਂ ਹੀ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਲੋਕਾਂ ਦੇ ਘਰ੍ਹਾਂ ਘਰ੍ਹਾਂ ਤੱਕ ਪਹੁੰਚ ਕਰ ਰਹੇ ਹਨ।ਕੈਬਨਿਟ ਮੰਤਰੀ ਪੰਜਾਬ ਲੋਕਾਂ ਨੂੰ ਰਾਹਤ ਸਮੱਗਰੀ ਦੀ ਵੰਡ ਕਰਦੇ ਹੋਏ ਪਿੰਡ ਤਾਸ ਦੇ ਨਜ਼ਦੀਕ ਸਥਿਤ ਮੋਗੇ ਵਾਲਿਆਂ ਦੇ ਡੇਰਿਆਂ ਤੱਕ ਪਹੁੰਚੇ, ਜਿੱਥੇ ਲੋਕਾਂ ਨੇ ਅਪਣੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ।ਲੋਕਾਂ ਦਾ ਕਹਿਣਾ ਸੀ ਕਿ ਅਸੀਂ 50-50 ਹਜ਼ਾਰ ਰੁਪਏ ਦਾ ਕਰਜ਼ਾ ਚੁੱਕ ਕੇ ਫਸਲਾਂ ਬੀਜੀਆਂ ਸਨ ਅਤੇ ਇਸ ਵਾਰ ਉਮੀਦ ਸੀ ਕਿ ਫਸਲਾਂ ਦੇ ਪੱਕੇ ਜਾਣ 'ਤੇ ਸਾਰਾ ਕਰਜ਼ਾ ਉਤਾਰ ਦੇਵਾਂਗੇ, ਪਰ ਕੁਦਰਤ ਦੀ ਮਾਰ ਨੇ ਉਨ੍ਹਾਂ ਨੂੰ ਬਹੁਤ ਵੱਡਾ ਧੱਕਾ ਮਾਰਿਆ। ਜ਼ਿਕਰਯੋਗ ਹੈ ਕਿ ਲੋਕਾਂ ਦੀ ਸਮੱਸਿਆਵਾਂ ਨੂੰ ਸੁਣਨ ਤੋਂ ਬਾਅਦ ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਜਿਨ੍ਹਾਂ ਚਾਰ ਪਰਿਵਾਰਾਂ ਨੇ 50-50 ਹਜ਼ਾਰ ਦਾ ਕਰਜਾ ਚੁੱਕਿਆ ਹੈ ਉਨ੍ਹਾਂ ਦਾ ਕਰਜ਼ਾ ਉਹ ਆਪ ਉਤਾਰਨਗੇ ਅਤੇ ਉਨ੍ਹਾਂ ਮੌਕੇ ਹੀ ਚਾਰ ਪਰਿਵਾਰਾਂ ਨੂੰ 50-50 ਹਜ਼ਾਰ ਰੁਪਏ ਦੀ ਰਾਸੀ ਭੇਟ ਕੀਤੀ।ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਕੁਦਰਤ ਦੀ ਮਾਰ ਹੈ, ਇਸ ਵਿੱਚ ਕਿਸੇ ਦਾ ਕੋਈ ਦੋਸ਼ ਨਹੀਂ ਅਤੇ ਪੰਜਾਬ ਸਰਕਾਰ ਹਰੇਕ ਹੜ੍ਹ ਪੀੜਿਤ ਦੇ ਨਾਲ ਹੈ।ਇੱਕ ਸੰਕਟ ਦੀ ਘੜ੍ਹੀ ਵਿੱਚ ਕੱਢਣਾ ਸਾਡਾ ਪਹਿਲਾ ਕਾਰਜ਼ ਹੈ।ਇਸ ਮੌਕੇ ਉਨ੍ਹਾਂ ਪਾਵਰਕਾਮ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਮੋਗੇ ਵਾਲਿਆਂ ਦੇ ਡੇਰੇ ਜੋ ਕਿ ਹੜ੍ਹਾਂ ਤੋਂ ਬਾਅਦ ਹਨੇਰੇ ਵਿੱਚ ਬੈਠੇ ਹਨ ਅਤੇ ਅੱਜ ਤੱਕ ਬਿਜਲੀ ਸਪਲਾਈ ਬਹਾਲ ਨਹੀਂ ਹੋਈ, ਉਨ੍ਹਾਂ ਕਿਹਾ ਕਿ ਅੱਜ ਹੀ ਇਨ੍ਹਾਂ ਚਾਰ ਡੇਰਿਆਂ ਦੀ ਬਿਜਲੀ ਸਪਲਾਈ ਬਹਾਲ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਕਿਸੇ ਕਿਸਮ ਦੀ ਲੋਕਾਂ ਨੂੰ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।

- ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤਾਂ ਨੂੰ ਹਰ ਤਰ੍ਹਾਂ ਦੀ ਸੰਭਵ ਸਹਾਇਤਾ ਦਿੱਤੀ ਜਾਵੇਗੀ : ਕਟਾਰੂਚੱਕ

## ਖ਼ਾਲਸਾ ਕਾਲਜ 'ਚ ਬੜੇ ਜੋਸ਼ੋ-ਖਰੋਸ਼ ਨਾਲ ਮਨਾਇਆ ਰਾਸ਼ਟਰੀ ਖੇਡ ਦਿਹਾੜਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖ਼ਾਲਸਾ ਕਾਲਜ ਦੇ ਸਪੋਰਟਸ ਵਿਭਾਗ ਵੱਲੋਂ ਰਾਸ਼ਟਰੀ ਖੇਡ ਦਿਵਸ ਮਨਾਇਆ ਗਿਆ।ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਗਏ ਉਕਤ ਸਮਾਗਮ ਦੋ ਪੜ੍ਹਾਵਾਂ 'ਚ ਆਯੋਜਿਤ ਕੀਤਾ ਗਿਆ, ਜਿਸ 'ਚ ਸਵੇਰ ਸਮੇਂ ਲੜਕੀਆਂ ਦਾ ਫ਼ਰੈਂਡਲੀ ਹਾਕੀ ਮੈਚ ਹੋਇਆ।ਸਮਾਗਮ ਦੇ ਦੂਸਰੇ ਪੜਾਅ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਯੂਥ ਵੈਲਫੇਅਰ ਅਤੇ ਮੁਖੀ ਸਪੋਰਟਸ ਵਿਭਾਗ ਡਾਇਰੈਕਟਰ ਡਾ. ਅਮਨਦੀਪ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਸ੍ਰੀ ਧਿਆਨ ਚੰਦ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਖਿਡਾਰੀਆਂ ਨੂੰ ਕਿਹਾ ਕਿ ਭਾਰਤ ਸਰਕਾਰ ਹਰ ਸਾਲ ਮੇਜਰ ਧਿਆਨ ਚੰਦ ਦੇ ਜਨਮ-ਦਿਨ 'ਤੇ ਰਾਸ਼ਟਰੀ ਖੇਡ ਦਿਵਸ ਮਨਾਉਂਦੀ ਹੈ।ਉਨ੍ਹਾਂ ਕਿਹਾ ਕਿ ਮੇਜਰ ਧਿਆਨ ਚੰਦ ਨੇ ਸਾਲ 1928, 32 ਅਤੇ 36 ਦੀਆਂ ਤਿੰਨ ਉਲੰਪਿਕ ਖੇਡਾਂ 'ਚ ਗੋਲਡ ਮੈਡਲ ਜਿੱਤ ਕੇ ਭਾਰਤ ਦਾ ਨਾਮ ਰੌਸ਼ਨ ਕੀਤਾ। ਉਨ੍ਹਾਂ ਕਿਹਾ ਕਿ ਭਾਰਤ ਰਤਨ ਦੀ ਚੋਣ ਲਈ ਪਹਿਲਾਂ ਖੇਡਾਂ ਨੂੰ ਬਾਹਰ ਰੱਖਿਆ ਜਾਂਦਾ ਸੀ, ਪਰ ਜਦੋਂ ਤੋਂ ਖੇਡਾਂ ਨੂੰ ਸ਼ਾਮਿਲ ਕੀਤਾ ਹੈ ਉਸ ਤੋਂ ਬਾਅਦ ਵੀ ਧਿਆਨ ਚੰਦ ਨੂੰ



ਭਾਰਤ ਰਤਨ ਨਹੀਂ ਦਿੱਤਾ ਗਿਆ, ਹਾਲਾਂਕਿ ਖੇਡ ਜਗਤ ਵੱਲੋਂ ਇਹ ਸ਼ਿਫਾਰਿਸ਼ ਕੀਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਇਸ ਦੇ ਉਲਟ ਧਿਆਨ ਚੰਦ ਦੀ ਖੇਡ ਵੇਖ ਕੇ ਉਸ ਸਮੇਂ ਦੇ ਜਰਮਨੀ ਦੇ ਹਾਕਮ ਹਿਟਲਰ ਨੇ ਉਨ੍ਹਾਂ ਨੂੰ ਕਰਨਲ ਦੀ ਉਪਾਧੀ ਅਤੇ ਜਰਮਨੀ ਦੀ ਨਾਗਰਿਕਤਾ ਦੇ ਨਾਲ ਹੋਰ ਵੀ ਲਾਲਚ ਦਿੱਤੇ ਪਰ ਧਿਆਨ ਚੰਦ ਨੇ ਭਾਰਤ ਲਈ ਹੀ ਖੇਡਣਾ ਚੁਣਿਆ। ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਆਏ ਹੋਏ ਡਾ. ਅਮਨਦੀਪ ਸਿੰਘ ਦਾ ਕਾਲਜ ਕੌਫੀ ਟੇਬਲ ਬੁੱਕ ਅਤੇ ਫੁੱਲਾਂ ਦੇ ਗੁਲਦਸਤੇ ਨਾਲ ਸਵਾਗਤ ਕੀਤਾ। ਇਸ ਮੌਕੇ ਵਿਭਾਗ ਮੁੱਖੀ ਡਾ. ਦਲਜੀਤ ਸਿੰਘ ਨੇ ਉਕਤ ਦਿਨ ਦੀ ਖਿਡਾਰੀਆਂ ਦੇ ਜੀਵਨ 'ਚ ਮਹੱਤਤਾ ਬਾਰੇ ਰੌਸ਼ਨੀ ਪਾਈ ਅਤੇ ਅਕਾਦਮਿਕ ਮਾਮਲੇ ਡੀਨ ਡਾ. ਤਮਿੰਦਰ ਸਿੰਘ ਭਾਟੀਆ ਨੇ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ।ਇਸ ਮੌਕੇ ਡਾ. ਜਸਵਿੰਦਰ ਸਿੰਘ, ਡਾ. ਹਰਵਿੰਦਰ ਕੌਰ, ਡਾ. ਸਵਰਾਜ ਕੌਰ, ਪ੍ਰੋ. ਮਨਜੋਤ ਕੌਰ ਤੋਂ ਇਲਾਵਾ ਹੋਰ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

## ਸਰਬੱਤ ਦਾ ਭਲਾ ਟਰੱਸਟ ਨੇ ਅਜਨਾਲਾ ਦੇ ਹੜ੍ਹ ਪੀੜਤਾਂ ਨੂੰ 20 ਟਨ ਪਸ਼ੂ ਚਾਰਾ ਵੰਡਿਆ

- ਐੱਨਆਰਆਈ ਭਰਾਵਾਂ ਨੂੰ ਪੰਜਾਬ ਦੇ ਲੋਕਾਂ ਦੀ ਮਦਦ ਲਈ ਅੱਗੇ ਆਉਣ ਦਾ ਸੱਦਾ

**ਅਜਨਾਲਾ/ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ, ਸੁਖਤਿੰਦਰ ਸਿੰਘ)**- ਪਿਛਲੇ ਕਈ ਦਿਨਾਂ ਤੋਂ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਲਈ ਨਿਰੰਤਰ ਸੇਵਾ ਕਾਰਜ ਨਿਭਾ ਰਹੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐਸ.ਪੀ.ਸਿੰਘ ਓਬਰਾਏ ਵੱਲੋਂ ਭੇਜਿਆ ਗਿਆ 20 ਟਨ ਪਸ਼ੂ-ਚਾਰਾ ਅਜਨਾਲਾ ਖੇਤਰ ਦੇ ਹੜ੍ਹ ਪੀੜਤ ਪਸ਼ੂ ਪਾਲਕਾਂ ਨੂੰ ਵੰਡਿਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਐੱਸ. ਪੀ. ਓਬਰਾਏ ਨੇ ਕਿਹਾ ਕਿ ਪੰਜਾਬ ਇਸ ਵੇਲੇ ਬਹੁਤ ਹੀ ਮੁਸ਼ਕਿਲ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਇਸ ਲਈ ਸਾਡਾ ਸਾਰਿਆਂ ਦਾ ਖਾਸ ਕਰਕੇ ਐੱਨਆਰਆਈ ਭਰਾਵਾਂ ਦਾ ਵੱਡਾ ਫਰਜ਼ ਬਣਦਾ ਹੈ ਕਿ ਅਸੀਂ ਹੜ੍ਹ ਤੋਂ ਪ੍ਰਭਾਵਿਤ ਆਪਣੇ ਲੋਕਾਂ ਦੀ ਮਦਦ ਲਈ ਅੱਗੇ ਆਈਏ।ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਪੰਜਾਬ ਦੇ ਸਮੁੱਚੇ ਹੜ੍ਹ ਪ੍ਰਭਾਵਿਤ ਇਲਾਕਿਆਂ ਅੰਦਰ ਆਪਣੀਆਂ ਸੇਵਾ ਕਾਰਜ ਨਿਰੰਤਰ ਚਲਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਇਸ ਤਹਿਤ ਹੀ ਅੱਜ



ਉਨ੍ਹਾਂ ਦੀ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਜਨਰਲ ਸਕੱਤਰ ਮਨਪ੍ਰੀਤ ਸਿੰਘ ਸੰਧੂ ਚਮਿਆਰੀ ਦੀ ਮੌਜੂਦਗੀ ਵਿਚ ਰਮਦਾਸ, ਚਮਿਆਰੀ, ਜੱਸੜ, ਗੱਗੋਮਾਹਲ, ਮੰਦਰਾਂਵਾਲੀ, ਧੰਗਈ, ਸਿੰਘੋਕੇ, ਨਵਾਂ ਪਿੰਡ, ਹਰੜ ਕਲਾਂ, ਹਰੜ ਖੁਰਦ ਤੇ ਅਜਨਾਲਾ ਆਦਿ ਸਮੇਤ ਹੋਰਨਾਂ ਪਿੰਡਾਂ ਦੇ ਪ੍ਰਭਾਵਿਤ ਪਸ਼ੂ ਪਾਲਕਾਂ ਨੂੰ 20 ਟਨ ਸੁੱਕਾ ਚਾਰਾ ਵਰ੍ਹਦੇ ਮੀਂਹ ਵਿੱਚ ਵੰਡਿਆ ਗਿਆ ਹੈ। ਉਨ੍ਹਾਂ ਕਿਹਾ ਕਿ ਹਾਲਾਤ ਬਿਹਤਰ ਹੋਣ ਤੱਕ ਉਹ ਪ੍ਰਸ਼ਾਸਨ ਤੇ ਲੋਕਾਂ ਨੂੰ ਹਰ ਪੱਖ ਤੋਂ ਸਹਿਯੋਗ ਦੇਣਗੇ।ਇਸ ਦੌਰਾਨ ਵੱਖ-ਵੱਖ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਸਰਪੰਚਾਂ ਤੋਂ ਇਲਾਵਾ ਪਸ਼ੂਆਂ ਚਾਰਾ ਪ੍ਰਾਪਤ ਕਰਨ ਵਾਲੇ ਕਿਸਾਨਾਂ ਵੱਲੋਂ ਡਾ. ਓਬਰਾਏ ਦਾ ਇਸ ਔਖੀ ਘੜੀ ਵੇਲੇ ਉਨ੍ਹਾਂ ਦੀ ਮਦਦ ਕਰਨ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ ਗਿਆ।ਇਸ ਮੌਕੇ ਪ੍ਰਧਾਨ ਸਿਸ਼ਪਾਲ ਸਿੰਘ ਲਾਡੀ, ਸਲਾਹਕਾਰ ਸੁਖਦੀਪ ਸਿੱਧੂ, ਨਵਜੀਤ ਸਿੰਘ ਘਈ, ਜਗਦੇਵ ਸਿੰਘ ਤੋਂ ਇਲਾਵਾ ਕਸਬਾ ਚਮਿਆਰੀ ਦੇ ਸਾਬਕਾ ਸਰਪੰਚ ਜਰਨੈਲ ਸਿੰਘ ਵੜੈਚ, ਗੁਰਵਿੰਦਰ ਸਿੰਘ ਕਾਹਲੋਂ, ਪ੍ਰਭਦੀਪ ਸਿੰਘ ਸੋਹਲ, ਸਾਬਕਾ ਸਰਪੰਚ ਸੁਖਰਾਜ ਸਿੰਘ ਹਰੜ ਕਲਾਂ, ਸਰਪੰਚ ਹਰਜਿੰਦਰ ਸਿੰਘ ਸਿੰਘੋਕੇ, ਮੈਂਬਰ ਪੰਚਾਇਤ ਜਸਪਾਲ ਸਿੰਘ ਸਿੰਘੋਕੇ, ਹਰਪ੍ਰੀਤ ਸਿੰਘ ਹਰੜ ਖੁਰਦ ਆਦਿ ਮੌਜੂਦ ਸਨ।

## ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ ਅੱਜ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਦੇ ਮਿਸ਼ਨ ਘਰ ਘਰ ਰੋਜ਼ਗਾਰ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਐਸ ਏ ਐਸ ਨਗਰ ਵੱਲੋਂ 3 ਸਤੰਬਰ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਡਾਈਜੀਟੇਚ ਕਾਲ ਸਿਸਟਮ ਪ੍ਰਾਈਵੇਟ ਲਿਮਿਟਡ, ਸੀ-157, ਇੰਡਸਟ੍ਰੀਅਲ ਏਰੀਆ ਫੇਜ਼-7, ਸੈਕਟਰ-73, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਕੀਤਾ ਜਾ ਰਿਹਾ ਹੈ, ਜਿਸ ਦਾ ਸਮਾਂ ਸਵੇਰੇ 10.00 ਵਜੇ ਤੋਂ ਦੁਪਹਿਰ 02.00 ਵਜੇ ਤੱਕ ਹੋਵੇਗਾ। ਡੀ ਬੀ ਈ ਈ ਐਸ ਏ ਐਸ ਨਗਰ ਦੇ ਡਿਪਟੀ ਡਾਇਰੈਕਟਰ, ਹਰਪ੍ਰੀਤ ਸਿੰਘ ਮਾਨਸ਼ਾਹੀਆਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਜਿਸ ਤਹਿਤ ਉਕਤ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾਣਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਉਕਤ ਕੈਂਪ ਵਿੱਚ ਡਾਈਜੀਟੇਚ ਕਾਲ ਸਿਸਟਮ ਪ੍ਰਾਈਵੇਟ ਲਿਮਿਟਡ ਵੱਲੋਂ 10ਵੀਂ, 12ਵੀਂ ਪਾਸ ਅਤੇ ਗਰੈਜੂਏਟ ਤਜਰਬੇਕਾਰ ਪ੍ਰਾਰਥੀਆਂ ਦੀ ਚੋਣ ਇੰਨਬੌਂਡ/ਆਊਟਬੌਂਡ ਟੈਲੀਕਾਲਿੰਗ ਦੀ ਅਸਾਮੀ ਲਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪ੍ਰਾਰਥੀਆਂ ਦੀ ਤਨਖਾਹ ਕੰਪਨੀ ਨੋਰਮਜ਼ ਅਨੁਸਾਰ 13,067/- ਸੀਟੀਸੀ ਤੱਕ ਹੋਵੇਗੀ ਅਤੇ ਕੰਮ ਕਰਨ ਦਾ ਸਥਾਨ ਮੋਹਾਲੀ ਹੋਵੇਗਾ।ਵਧੇਰੇ ਜਾਣਕਾਰੀ ਲਈ 69098-27382 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਸੋਸਾਇਟੀ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਸਮੱਗਰੀ ਤੇ ਦਵਾਈਆਂ ਭੇਟ

**ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)** ਅਜਨਾਲਾ ਅਤੇ ਰਾਮਦਾਸ ਖੇਤਰ ਵਿੱਚ ਆਏ ਭਿਆਨਕ ਹੜ੍ਹਾਂ ਦੇ ਮੌਕੇ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਸੋਸਾਇਟੀ ਨੇ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਲਈ ਵਿਆਪਕ ਰਾਹਤ ਕਾਰਜ ਸ਼ੁਰੂ ਕੀਤੇ ਹਨ।ਸੋਸਾਇਟੀ ਵੱਲੋਂ ਆਪਣੇ ਅਧੀਨ ਚੱਲਦੇ ਕਾਲਜਾਂ ਖ਼ਾਸਕਰ ਨਰਸਿੰਗ ਕਾਲਜ ਦੇ ਵਿਦਿਆਰਥੀਆਂ ਦੇ ਨਾਲ ਪਿੰਡ ਪਿੰਡ ਹੜ੍ਹ ਪ੍ਰਭਾਵਿਤ ਲੋਕਾਂ ਤੱਕ ਪੁੱਜ ਕਿ ਸਹਾਇਤਾ ਦਿੱਤੀ ਜਾ ਰਹੀ ਹੈ।ਪਹਿਲੇ ਦਿਨ ਤੋਂ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਦੀਆਂ ਹਦਾਇਤਾਂ ਅਨੁਸਾਰ ਚੇਅਰਪਰਸਨ ਹਰਜਿੰਦਰਪਾਲ ਕੌਰ ਕੰਗ ਅਤੇ ਡਾ ਗੁਲਵਤਨ ਸਿੰਘ ਕੰਗ ਖੁਦ ਪਿੰਡ-ਪਿੰਡ ਪੁਹੰਚ ਕਰਕੇ ਰਾਸ਼ਨ ਲੰਗਰ ਅਤੇ ਦਵਾਈਆਂ ਵੰਡ ਰਹੇ ਹਨ।ਪਹਿਲੇ ਦਿਨ ਤੋ ਹੀ ਸਿਹਤ ਸੰਭਾਲ ਨੂੰ ਯਕੀਨੀ ਬਣਾਉਣ ਲਈ ਲੰਗਰ ਸੇਵਾ ਦੌਰਾਨ ਦੁੱਧ ਅਤੇ ਮੁਫ਼ਤ ਦਵਾਈਆਂ ਵੰਡੀਆਂ ਗਈਆਂ ਸਨ।ਦੂਸਰੇ ਦਿਨ ਪਿੰਡ ਗੱਗੋਮਾਹਲ ਅਤੇ ਚਮਿਆਰੀ ਵਿੱਚ ਲੰਗਰ, ਦੁੱਧ, ਜ਼ਰੂਰੀ ਘਰੇਲੂ ਵਸਤੂਆਂ ਅਤੇ ਦਵਾਈਆਂ ਵੰਡੀਆ ਗਈਆ।ਤੀਸਰੇ ਦਿਨ ਰਾਮਦਾਸ ਗੁਰਦਵਾਰਾ ਸਮਾਧ ਸਾਹਿਬ ਵਿਖੇ ਤੀਸਰੇ ਦਿਨ ਰਾਹਤ ਗਤੀਵਿਧੀਆਂ ਜਾਰੀ ਰਹੀਆਂ ਲੋੜਵੰਦ ਮਰੀਜ਼ਾਂ ਲਈ ਡਾਕਟਰੀ ਸਹਾਇਤਾ ਅਤੇ ਦਵਾਈਆਂ



ਵੰਡਿਆਂ ਗਈਆਂ ਸਨ। ਚੌਥੇ ਦਿਨ ਰਾਮਦਾਸ ਅਤੇ ਆਸ ਪਾਸ ਦੇ ਪਿੰਡਾਂ ਵਿੱਚ ਫ੍ਰੀ ਮੈਡੀਕਲ ਕੈਂਪ ਦਾ ਪ੍ਰਬੰਧ ਕੀਤਾ ਗਿਆ ਜਿਥੋਂ ਹੜ੍ਹਾਂ ਪ੍ਰਭਾਵਿਤ ਲੋਕਾਂ ਨੇ ਦਵਾਈਆਂ ਪ੍ਰਾਪਤ ਕੀਤੀਆਂ।ਪੰਜਵੇ ਦਿਨ ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਮੁਫ਼ਤ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਜਿਸ ਵਿੱਚ ਸਾਰੀਆਂ ਆਮ ਬਿਮਾਰੀਆਂ ਲਈ ਦਵਾਈਆਂ ਦੇ ਨਾਲ-ਨਾਲ ਸ਼ੂਗਰ ਅਤੇ ਬੀ. ਪੀ. ਚੈੱਕਅੱਪ ਕੀਤਾ ਗਿਆ।ਇਸ ਮੌਕੇ ਹੜ੍ਹਾਂ ਕਾਰਨ ਜਖਮੀ ਹੋਏ ਲੋਕਾਂ ਦੇ ਪੱਟੀਆਂ ਕਰਕੇ ਉਹਨਾਂ ਨੂੰ ਦਵਾਈਆਂ ਦਿੱਤੀਆਂ ਗਈਆਂ ਅਤੇ ਰੋਜ਼ਾਨਾ ਇਹ ਕੈਂਪ ਰਾਮਦਾਸ ਅਤੇ ਆਸ ਪਾਸ ਦੇ ਪਿੰਡਾਂ ਵਿੱਚ ਜਾਰੀ ਰਹਿਣਗੇ ਜਿਸ ਤੋ ਲੋਕ ਆਪਣਾ ਇਲਾਜ਼ ਕਰਵਾ ਸਕਦੇ ਹਨ। ਸਟਾਫ ਅਤੇ ਡਾਕਟਰ ਪਾਣੀ ਵਾਲੇ ਪਿੰਡਾਂ ਵਿੱਚ ਘਰ ਘਰ ਜਾ ਕਿ ਡਾਕਟਰੀ ਸਹਾਇਤਾ ਅਤੇ ਦਵਾਈਆਂ ਦੇਣਗੇ।ਇਸ ਤੋਂ ਇਲਾਵਾ ਹੜ੍ਹਾਂ ਵਿੱਚ ਸੱਪ ਦੇ ਕੱਟਣ ਦੀਆ ਘਟਨਾਵਾਂ ਸਾਮ੍ਹਣੇ ਆਉਣ ਤੋ ਬਾਅਦ ਸੋਸਾਇਟੀ ਵਲੋਂ ਐੱਸ. ਜੀ. ਐੱਚ. ਹਸਪਤਾਲ ਐੱਸ. ਜੀ. ਐੱਚ. ਡਿਜ਼ਾਜ਼ਸਟਰ ਹੈਲਥ ਸੈਂਟਰ ਵਿੱਚ ਸੱਪ ਦੇ ਡੰਗਣ ਇਲਾਜ ਕੇਂਦਰ ਸਥਾਪਤ ਕੀਤਾ ਗਿਆ ਹੈ, ਜੋ ਪੇਂਡੂ ਭਾਈਚਾਰਿਆਂ ਲਈ ਸਮੇਂ ਸਿਰ ਅਤੇ ਜੀਵਨ-ਰਖਿਅਕ ਸਹਾਇਤਾ ਨੂੰ ਯਕੀਨੀ ਬਣਾਇਆ ਜਾ ਸਕੇ।ਪੰਜਾਬ ਸਰਕਾਰ ਦੇ ਸਹਿਯੋਗ ਨਾਲ ਸ਼ੁਰੂ ਕੀਤੇ ਗਏ ਡਿਜ਼ਾਜ਼ਸਟਰ ਹੈਲਥ ਸੈਂਟਰ ਤੋਂ ਕੋਈ ਵੀ ਹੜ੍ਹ ਤੋਂ ਪ੍ਰਭਾਵਿਤ ਵਿਅਕਤੀ ਇਸਦਾ ਇਲਾਜ ਕਰਵਾ ਸਕਦਾ ਹੈ।



## ਮੋਹਾਲੀ ਦੇ ਵਿਧਾਇਕ ਕੁਲਵੰਤ ਸਿੰਘ ਨੇ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਦਾ ਟਰੱਕ ਭੇਜਿਆ

**ਗੁਰਦਾਸਪੁਰ (ਜਨਕ ਮਹਾਜਨ)**- ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੇ ਵਿਧਾਇਕ ਸ. ਕੁਲਵੰਤ ਸਿੰਘ ਵੀ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਅੱਗੇ ਆਏ ਹਨ। ਸ. ਕੁਲਵੰਤ ਸਿੰਘ ਵਲੋਂ ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਮੁਹਾਲੀ ਤੋਂ ਵਿਸ਼ੇਸ਼ ਤੌਰ 'ਤੇ ਟਰੱਕ ਰਾਹੀਂ 750 ਪਾਣੀ ਦੀਆਂ ਬੋਤਲਾਂ ਦੀਆਂ ਪੇਟੀਆਂ ਅਤੇ 200 ਕਿੱਟਾਂ ਕੈਟਲ ਫੀਡ ਦੀਆਂ ਭੇਜੀਆਂ ਗਈਆਂ ਹਨ। ਵਿਧਾਇਕ ਸ. ਕੁਲਵੰਤ ਸਿੰਘ ਵਲੋਂ ਭੇਜੀ ਗਈ ਇਹ ਰਾਹਤ ਸਮਗਰੀ ਲੋਕ ਨਿਰਮਾਣ ਦੇ ਐੱਸਈ ਹਰਜੋਤ ਸਿੰਘ ਅਤੇ ਐੱਸਡੀਓ ਨਿਰਮਲ ਸਿੰਘ ਵਲੋਂ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਦੇ ਹਵਾਲੇ ਕੀਤੀ ਗਈ। ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਇਸ ਰਾਹਤ ਸਮਗਰੀ ਲਈ ਵਿਧਾਇਕ ਕੁਲਵੰਤ ਸਿੰਘ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਰਾਹਤ ਸਮਗਰੀ ਹੜ੍ਹ ਪ੍ਰਭਾਵਿਤ ਪਿੰਡਾਂ ਵਿਚ ਵੰਡੀ ਜਾਵੇਗੀ। ਇਸ ਮੌਕੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਗੁਰਦਾਸਪੁਰ ਇੰਦਰਜੀਤ ਸਿੰਘ, ਸੀਨੀਅਰ ਆਪ ਆਗੂ ਅਰਸ਼ਦੀਪ ਸਿੰਘ, ਰਜਤ ਮਰਵਾਹਾ ਵੀ ਹਾਜ਼ਰ ਸਨ।

## ਜੀਐੱਨਡੀਯੂ ਨੇ ਓਪਨ ਐਂਡ ਡਿਸਟੈਂਸ ਲਰਨਿੰਗ/ਆਨਲਾਈਨ ਕੋਰਸਾਂ 'ਚ ਦਾਖਲੇ ਦੀ ਤਰੀਕ 15 ਅਕਤੂਬਰ ਤੱਕ ਵਧਾਈ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ-ਡਿਸਟੈਂਸ ਐਜੂਕੇਸ਼ਨ ਬਿਊਰੋ (ਯੂਜੀਸੀ-ਡੀਈਬੀ) ਦੀਆਂ ਹਦਾਇਤਾਂ ਅਨੁਸਾਰ ਓਪਨ ਐਂਡ ਡਿਸਟੈਂਸ ਲਰਨਿੰਗ (ਓਡੀਐੱਲ) ਅਤੇ ਆਨਲਾਈਨ ਪ੍ਰੋਗਰਾਮਾਂ ਵਿੱਚ ਦਾਖਲੇ ਦੀ ਆਖਰੀ ਮਿਤੀ ਨੂੰ ਮੌਜੂਦਾ ਅਕਾਦਮਿਕ ਸੈਸ਼ਨ ਲਈ 15 ਅਕਤੂਬਰ 2025 ਤੱਕ ਵਧਾ ਦਿੱਤਾ ਹੈ।ਵਾਈਸ-ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਦੀ ਅਗਵਾਈ ਹੇਠ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਇਸ ਸੈਸ਼ਨ ਵਿੱਚ 53 ਨਵੇਂ ਡਿਪਲੋਮਾ ਅਤੇ ਸਰਟੀਫਿਕੇਟ ਕੋਰਸ ਸ਼ੁਰੂ ਕਰਕੇ ਆਪਣੇ ਅਕਾਦਮਿਕ ਪੋਰਟਫੋਲੀਓ ਨੂੰ ਵਧਾਇਆ ਹੈ, ਜਿਨ੍ਹਾਂ ਵਿੱਚ ਹੁਨਰ-ਅਧਾਰਤ ਸਿੱਖਿਆ ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਵਰਤਮਾਨ ਵਿੱਚ, ਯੂਨੀਵਰਸਿਟੀ 10 ਓਡੀਐੱਲ ਡਿਗਰੀ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰ ਰਹੀ ਹੈ, ਜਿਨ੍ਹਾਂ ਵਿੱਚ ਬੀਏ, ਬੀਬੀਏ, ਬੀ.ਲਿਬ, ਬੀਸੀਏ, ਬੀ.ਕਾਮ, ਐੱਮਬੀਏ, ਐੱਮਸੀਏ, ਐੱਮਏ (ਪੰਜਾਬੀ), ਐੱਮਏ (ਅੰਗਰੇਜ਼ੀ) ਅਤੇ ਐੱਮ.ਕਾਮ ਸ਼ਾਮਲ ਹਨ।ਇਸ ਦੇ ਨਾਲ ਹੀ 11 ਆਨਲਾਈਨ ਪ੍ਰੋਗਰਾਮ ਵੀ ਪੇਸ਼ ਕੀਤੇ ਜਾ ਰਹੇ ਹਨ, ਜਿਵੇਂ ਕਿ ਬੀਏ, ਬੀ.ਕਾਮ, ਬੀਸੀਏ, ਐੱਮਬੀਏ (ਜਨਰਲ), ਐੱਮਬੀਏ (ਫਾਈਨਾਂਸ), ਐੱਮਬੀਏ (ਐੱਚਆਰਐੱਮ), ਐੱਮਬੀਏ (ਮਾਰਕੀਟਿੰਗ ਮੈਨੇਜਮੈਂਟ), ਐੱਮਸੀਏ, ਐੱਮਏ (ਅੰਗਰੇਜ਼ੀ) ਅਤੇ ਐੱਮਏ (ਪੰਜਾਬੀ)।ਇਹ ਸਾਰੇ ਪ੍ਰੋਗਰਾਮ ਯੂਜੀਸੀ-ਡੀਈਬੀ ਦੀ ਕੈਟੇਗਰੀ-1 ਸਥਿਤੀ ਅਧੀਨ ਮਾਨਤਾ ਪ੍ਰਾਪਤ ਹਨ।ਯੂਜੀਸੀ ਦੀਆਂ ਹਦਾਇਤਾਂ ਦੇ ਅਨੁਸਾਰ ਵਿਦਿਆਰਥੀਆਂ ਨੂੰ ਹੁਣ ਇੱਕ ਸਮੇਂ ਦੋ ਪ੍ਰੋਗਰਾਮ ਪੜ੍ਹਨ ਦੀ ਇਜਾਜ਼ਤ ਹੈ—ਇੱਕ ਰੈਗੂਲਰ ਮੋਡ ਵਿੱਚ ਅਤੇ ਦੂਜਾ ਓਡੀਐੱਲ ਜਾਂ ਆਨਲਾਈਨ ਮੋਡ ਵਿੱਚ। ਇਹ ਸੁਵਿਧਾ ਰੈਗੂਲਰ ਵਿਦਿਆਰਥੀਆਂ ਨੂੰ ਇੱਕੋ ਅਕਾਦਮਿਕ ਸਾਲ ਵਿੱਚ ਵਾਧੂ ਡਿਗਰੀ ਜਾਂ ਸਰਟੀਫਿਕੇਟ ਪ੍ਰਾਪਤ ਕਰਕੇ ਆਪਣੀ ਯੋਗਤਾ ਵਧਾਉਣ ਦਾ ਸੁਨਹਿਰੀ ਮੌਕਾ ਪ੍ਰਦਾਨ ਕਰਦੀ ਹੈ।



## ਭਾਰਤੀ ਫ਼ੌਜ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਮੁਫ਼ਤ ਮੈਡੀਕਲ ਕੈਂਪ ਤੇ ਰਾਹਤ ਕਾਰਜ ਜਾਰੀ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਭਾਰਤੀ ਫ਼ੌਜ ਵੱਲੋਂ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਲੋਕਾਂ ਦੀ ਸਹਾਇਤਾ ਲਈ ਰਾਹਤ ਕਾਰਜ ਲਗਾਤਾਰ ਜਾਰੀ ਹਨ।ਭਾਰਤੀ ਫ਼ੌਜ ਵੱਲੋਂ ਹੜ੍ਹ ਪ੍ਰਭਾਵਿਤ ਵੱਖ-ਵੱਖ ਪਿੰਡਾਂ ਅਤੇ ਇਲਾਕਿਆਂ ਵਿੱਚ ਮੁਫ਼ਤ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ, ਜਿੱਥੇ ਡਾਕਟਰੀ ਟੀਮਾਂ ਵੱਲੋਂ ਮਰੀਜ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜ਼ਰੂਰੀ ਦਵਾਈਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਇਨ੍ਹਾਂ ਕੈਂਪਾਂ ਦਾ ਮੁੱਖ ਉਦੇਸ਼ ਹੜ੍ਹ ਕਾਰਨ ਪੈਦਾ ਹੋਈਆਂ ਬਿਮਾਰੀਆਂ ਨੂੰ ਰੋਕਣਾ ਅਤੇ ਪੀੜਤ ਲੋਕਾਂ ਨੂੰ ਤੁਰੰਤ ਚਿਕਿਤਸਾ ਸਹਾਇਤਾ ਪ੍ਰਦਾਨ ਕਰਨਾ ਹੈ।ਇਸ ਦੇ ਨਾਲ ਹੀ ਫ਼ੌਜ ਵੱਲੋਂ ਰਾਹਤ ਕਾਰਜ ਜਾਰੀ ਹਨ, ਜਿਸ ਵਿੱਚ ਪ੍ਰਭਾਵਿਤ ਲੋਕਾਂ ਨੂੰ ਰਾਹਤ ਸਮਗਰੀ, ਖਾਣ-ਪੀਣ ਦੀਆਂ ਵਸਤਾਂ ਅਤੇ ਪੀਣ ਵਾਲਾ ਸਾਫ਼ ਪਾਣੀ ਪਹੁੰਚਾਇਆ ਜਾ ਰਿਹਾ ਹੈ।ਇਸ ਮੌਕੇ ਹੜ੍ਹ ਨਾਲ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਨੇ ਭਾਰਤੀ ਫ਼ੌਜ ਦੇ ਅਧਿਕਾਰੀਆਂ ਤੇ ਜਵਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੜ੍ਹਾਂ ਦੌਰਾਨ ਡੇਰਾ ਬਾਬਾ ਨਾਨਕ ਦੇ ਨਾਲ ਲੱਗਦੇ ਪਿੰਡਾਂ ਵਿੱਚ ਭਾਰਤੀ ਫ਼ੌਜ ਦੀਆਂ ਟੀਮਾਂ ਵੱਲੋਂ ਬੜੀ ਬਹਾਦਰੀ ਨਾਲ ਬਚਾਅ ਤੇ ਰਾਹਤ ਕਾਰਜ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਫ਼ੌਜ ਦਾ ਸਾਥ ਮਿਲਣ ਨਾਲ ਸਬ ਡਵੀਜ਼ਨ ਪ੍ਰਸ਼ਾਸਨ ਨੂੰ ਰਾਹਤ ਕਾਰਜ ਚਲਾਉਣ ਵਿੱਚ ਵੱਡੀ ਸਹੂਲਤ ਮਿਲੀ ਹੈ।ਫ਼ੌਜੀ ਅਧਿਕਾਰੀ ਨੇ ਕਿਹਾ ਕਿ ਹੜ੍ਹ ਦੇ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ ਅਤੇ ਰਾਹਤ ਕਾਰਜ ਲਗਾਤਾਰ ਜਾਰੀ ਰਹਿਣਗੇ।ਓਧਰ ਸਥਾਨਕ ਵਸਨੀਕਾਂ ਨੇ ਭਾਰਤੀ ਫ਼ੌਜ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਮੁਸ਼ਕਲ ਵੇਲੇ ਵਿੱਚ ਉਨ੍ਹਾਂ ਦੀ ਮਦਦ ਬਹੁਤ ਸਹਾਈ ਹੋਈ ਹੈ।



3-Sep-PAGE-4.qxd 9/2/2025 9:54 PM Page 1

ਨਵਾਂ ਜ਼ਮਾਨਾ
ਬੁੱਧਵਾਰ 3 ਸਤੰਬਰ 2025

# ਜਾਵੇਦ ਅਖਤਰ ਦਾ ਅਪਮਾਨ

*ਪੱਛਮੀ ਬੰਗਾਲ ਉਰਦੂ ਅਕਾਦਮੀ ਨੇ ਕੋਲਕਾਤਾ ਵਿੱਚ 31 ਅਗਸਤ ਤੋਂ 3 ਸਤੰਬਰ ਤੱਕ ਇੱਕ ਸਾਹਿਤਕ ਸਮਾਗਮ ਰੱਖਿਆ ਸੀ, ਜਿਸ ਵਿੱਚ ਉੱਘੇ ਸ਼ਾਇਰ ਜਾਵੇਦ ਅਖਤਰ ਨੂੰ 'ਹਿੰਦੀ ਸਿਨੇਮਾ ਵਿੱਚ ਉਰਦੂ' ਵਿਸ਼ੇ 'ਤੇ ਚਰਚਾ 'ਚ ਮੁੱਖ ਮਹਿਮਾਨ ਵਜੋਂ ਸੱਦਿਆ ਗਿਆ ਸੀ। ਜਮੀਅਤ ਉਲੇਮਾ-ਇ-ਹਿੰਦ ਕੋਲਕਾਤਾ ਤੇ ਮਰਕਜ਼-ਅਲ-ਵਹਾਯਨ ਦੇ ਜਾਵੇਦ ਅਖਤਰ ਦਾ ਕਰੜਾ ਵਿਰੋਧ ਕਰਨ ਕਰਕੇ ਸਮਾਗਮ ਹੀ ਰੱਦ ਕਰ ਦਿੱਤਾ ਗਿਆ, ਹਾਲਾਂਕਿ ਪ੍ਰਬੰਧਕਾਂ ਨੇ ਕਿਹਾ ਕਿ ਸਮਾਗਮ ਨਾ ਟਾਲੇ ਜਾ ਸਕਣ ਵਾਲੇ ਕਾਰਨਾਂ ਕਰਕੇ ਰੱਦ ਕੀਤਾ ਗਿਆ। ਦੋਹਾਂ ਮੁਸਲਮ ਜਥੇਬੰਦੀਆਂ ਨੇ ਸਮਾਗਮ ਦਾ ਇਹ ਕਹਿ ਕੇ ਵਿਰੋਧ ਕੀਤਾ ਕਿ ਜਾਵੇਦ ਅਖਤਰ ਇਸਲਾਮ ਦੀ ਤੌਹੀਨ ਕਰਦੇ ਹਨ। ਜਮਾਤ ਦੇ ਜਨਰਲ ਸਕੱਤਰ ਜ਼ਿਲੁਰ ਰਹਿਮਾਨ ਆਰਿਫ ਨੇ ਕਿਹਾ ਕਿ ਜਾਵੇਦ ਅਖਤਰ 'ਸ਼ੈਤਾਨ' ਹਨ ਤੇ ਉਨ੍ਹਾ ਦੀ ਥਾਂ ਕਿਸੇ ਹੋਰ 'ਕਾਬਲ ਤੇ ਸਤਿਕਾਰਤ ਸੱਜਣ' ਨੂੰ ਸੱਦਿਆ ਜਾਣਾ ਚਾਹੀਦਾ ਸੀ। ਜਮੀਅਤ ਉਲੇਮਾ-ਇ-ਹਿੰਦ ਦੇ ਮੁਖੀ ਤ੍ਰਿਣਮੂਲ ਕਾਂਗਰਸ ਦੇ ਆਗੂ ਸਿੱਦੀਕ ਉਲ੍ਹਾ ਚੌਧਰੀ ਹਨ, ਜਿਹੜੇ ਕਿ ਸੂਬੇ ਦੇ ਮੰਤਰੀ ਵੀ ਹਨ।*

*ਪੱਛਮੀ ਬੰਗਾਲ ਉਰਦੂ ਅਕਾਦਮੀ, ਜਿਹੜੀ ਸਰਕਾਰੀ ਫੰਡ ਨਾਲ ਚੱਲਦੀ ਹੈ, ਵੱਲੋਂ ਕੱਟੜਪੰਥੀਆਂ ਦੇ ਅੱਗੇ ਗੋਡੇ ਟੇਕਣ ਦਾ ਵਿਦਵਾਨਾਂ ਨੇ ਬਹੁਤ ਬੁਰਾ ਮਨਾਇਆ ਹੈ। ਕੋਲਕਾਤਾ ਅਧਾਰਤ ਰਿਸਰਚਰ ਸਾਬਿਰ ਅਹਿਮਦ ਨੇ ਕਿਹਾ, 'ਅਸੀਂ ਕਿੰਨੇ ਅਸਹਿਣਸ਼ੀਲ ਬਣ ਗਏ ਹਾਂ। ਸਾਨੂੰ ਵੱਖ-ਵੱਖ ਵਿਚਾਰਾਂ ਨੂੰ ਸੁਣਨ ਦਾ ਮਾਦਾ ਰੱਖਣਾ ਚਾਹੀਦਾ ਹੈ।' ਸ਼ਾਇਰ ਤੇ ਫਿਲਮਸਾਜ਼ ਗੌਹਰ ਰਜ਼ਾ ਨੇ ਕਿਹਾ ਹੈ ਕਿ ਹਿੰਦੂ ਕੱਟੜਪੰਥੀਆਂ ਦੇ ਨਾਲ-ਨਾਲ ਮੁਸਲਮ ਕੱਟੜਪੰਥੀ ਵੀ ਤਰਕਸੰਗਤ ਵਿਚਾਰਾਂ ਨੂੰ ਸੁਣਨ ਲਈ ਤਿਆਰ ਨਹੀਂ। ਸਮਾਜੀ ਕਾਰਕੁਨ ਮੰਜ਼ਰ ਜਮੀਲ ਨੇ ਕਿਹਾ ਕਿ ਉਰਦੂ ਅਕਾਦਮੀ ਸਾਹਿਤਕ ਸੰਸਥਾ ਹੈ, ਪਰ ਉਸ ਨੇ ਜੋ ਕੀਤਾ, ਉਸ ਤੋਂ ਲਗਦਾ ਹੈ ਕਿ ਜਿਵੇਂ ਉਹ ਮਦਰੱਸਾ ਬਣ ਗਈ ਹੈ।*

*ਇਸ ਵਿਵਾਦ ਨੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਵਧ ਰਹੇ ਹਮਲਿਆਂ ਅਤੇ ਸੱਭਿਆਚਾਰਕ ਮੰਚਾਂ 'ਤੇ ਧਾਰਮਕ ਗਰੁੱਪਾਂ ਦੇ ਵਧ ਰਹੇ ਪ੍ਰਭਾਵ ਬਾਰੇ ਚਿੰਤਾ ਨੂੰ ਵਧਾਇਆ ਹੈ। ਵਧੇਰੇ ਚਿੰਤਾ ਦੀ ਗੱਲ ਇਸ ਕਰਕੇ ਹੈ ਕਿ ਇਹ ਘਟਨਾ ਪੱਛਮੀ ਬੰਗਾਲ ਵਿੱਚ ਵਾਪਰੀ ਹੈ, ਜਿਸ ਨੇ ਰਵਿੰਦਰ ਨਾਥ ਟੈਗੋਰ, ਵਿਵੇਕਾਨੰਦ ਤੇ ਨੂਰੁਲ ਇਸਲਾਮ ਵਰਗੇ ਵਿਦਵਾਨ ਦਿੱਤੇ। ਅਕਾਦਮੀ ਦੇ ਫੈਸਲੇ ਨੇ ਦਰਸਾਇਆ ਹੈ ਕਿ ਮੁਸਲਮਾਨਾਂ ਦੀਆਂ ਵੋਟਾਂ ਖਾਤਰ ਮਮਤਾ ਬੈਨਰਜੀ ਦੀ ਸਰਕਾਰ ਨੇ ਸਾਹਿਤਕ ਸਮਾਗਮ 'ਤੇ ਹੀ ਸੈਂਸਰਸ਼ਿਪ ਲਾ ਦਿੱਤੀ ਹੈ। ਇਸ ਤੋਂ ਇਹ ਵੀ ਸਾਫ ਹੋ ਗਿਆ ਹੈ ਕਿ ਮਮਤਾ ਉਦਾਰਵਾਦੀ ਹੋਣ ਦਾ ਖੇਖਣ ਕਰਦੀ ਹੈ। ਉਹ ਹਿੰਦੂ ਕੱਟੜਪੰਥੀਆਂ ਦਾ ਵਿਰੋਧ ਤਾਂ ਕਰਦੀ ਹੈ, ਪਰ ਖੁਦ ਮੁਸਲਮ ਕੱਟੜਪੰਥੀਆਂ ਨਾਲ ਹਮਦਰਦੀ ਰੱਖਦੀ ਹੈ।*

# ਪੰਜਾਬ ਹੈਰਾਨ-ਪਰੇਸ਼ਾਨ ਹੈ ਭਾਈ !



ਗੁਰਮੀਤ ਸਿੰਘ ਪਲਾਹੀ

ਪਰਵਾਸ, ਲੋੜਾਂ - ਥੋੜਾਂ, ਖਰਾਬ ਬੁਨਿਆਦੀ ਢਾਂਚੇ, ਵਿਆਪਕ ਬੇਰੁਜ਼ਗਾਰੀ, ਖੇਤੀ ਸੰਕਟ, ਸਿਹਤ ਅਤੇ ਸਿੱਖਿਆ ਦੇ ਉਥਲ-ਪੁਥਲ ਹੋਏ ਢਾਂਚੇ ਨਾਲ ਝੰਬੇ ਪਏ ਪੰਜਾਬ ਲਈ ਆਈ ਇੱਕ ਹੋਰ ਆਫ਼ਤ ਮੌਕੇ ਪੰਜਾਬ ਢਹਿ-ਢੇਰੀ ਹੋਇਆ ਜਾਪਦਾ ਹੈ। ਪੰਜਾਬ ਸਰਕਾਰ ਬੇਵੱਸ ਹੈ। ਅੱਧਾ ਪੰਜਾਬ ਹੜ੍ਹਾਂ ਦੀ ਮਾਰ ਹੇਠ ਹੈ। ਕੇਂਦਰ ਸਰਕਾਰ ਚੁੱਪ ਹੈ। ਪੰਜਾਬ ਦੇ ਹੜ੍ਹਾਂ ਵੇਲੇ ਪੰਜਾਬ ਨੂੰ ਕੌਮੀ ਆਫ਼ਤ ਕਿਉਂ ਨਹੀਂ ਐਲਾਨਿਆ ਗਿਆ, ਲੋਕ ਪੁੱਛਦੇ ਹਨ।

ਅਧਿਕਾਰੀਆਂ ਦਾ ਅੰਦਾਜ਼ਾ ਹੈ ਕਿ ਡੇਢ ਲੱਖ ਏਕੜ ਖੜ੍ਹੀ ਫ਼ਸਲ ਗੰਨਾ, ਝੋਨਾ, ਮੱਕੀ ਪਾਣੀ 'ਚ ਡੁੱਬ ਗਈ ਹੈ। ਅਸਲ ਅੰਕੜੇ ਇਸ ਤੋਂ ਵੀ ਵੱਧ ਹਨ। ਲਗਭਗ ਅੱਧਾ ਪੰਜਾਬ ਪਾਣੀ 'ਚ ਡੁੱਬਿਆ ਪਿਆ ਹੈ। ਭਾਖੜਾ ਡੈਮ ਆਫਰਿਆ ਪਿਆ ਹੈ। ਰਣਜੀਤ ਸਾਗਰ ਡੈਮ ਦੇ ਖੋਲ੍ਹੇ ਫਲੱਡ ਗੇਟਾਂ ਕਾਰਨ ਪਾਣੀ ਦਾ ਪੱਧਰ ਵਧਣ ਨਾਲ ਪਿੰਡਾਂ ਦੇ ਪਿੰਡ ਡੁੱਬ ਰਹੇ ਹਨ। ਮਾਲ- ਡੰਗਰ, ਪਸ਼ੂ-ਪੰਛੀ, ਮਾਲ-ਅਸਬਾਬ, ਮਰਦ-ਔਰਤਾਂ, ਬੱਚੇ-ਬਜ਼ੁਰਗ ਪੰਜਾਬ ਵਿੱਚ ਪਿਛਲੇ 37 ਸਾਲਾਂ 'ਚ ਆਏ ਸਭ ਤੋਂ ਭਿਆਨਕ ਹੜ੍ਹਾਂ ਨਾਲ ਜੂਝ ਰਹੇ ਹਨ। ਪੰਜਾਬ ਦੇ ਮਾਲ-ਅਸਬਾਬ ਦਾ ਅਰਬਾਂ-ਖ਼ਰਬਾਂ ਦਾ ਨੁਕਸਾਨ ਹੋ ਗਿਆ ਹੈ। ਸੈਂਕੜੇ ਮੌਤਾਂ ਹੋ ਗਈਆਂ ਹਨ ।

ਜਿੱਥੇ ਕੱਲ੍ਹ ਖ਼ੁਸ਼ੀਆਂ ਸਨ, ਜ਼ਿੰਦਗੀ ਹੱਸਦੀ-ਮੁਸਕਰਾਉਂਦੀ ਸੀ, ਅੱਜ ਜ਼ਿੰਦਗੀ ਹੜ੍ਹਾਂ ਦੀ ਮਾਰ ਹੇਠ ਹੈ। ਲੋਕ ਦਰਦ, ਹੰਝੂਆਂ, ਸੰਘਰਸ਼ ਤੇ ਗੁੱਸੇ ਨਾਲ ਭਰੇ ਪਏ ਹਨ। ਫ਼ਿਕਰ ਇਸ ਗੱਲ ਦਾ ਹੈ ਕਿ ਪਾਣੀ ਘਟਣ ਉਪਰੰਤ ਜਦੋਂ ਉਹ ਮੁੜ ਘਰਾਂ ਨੂੰ ਵਾਪਸ ਆਉਣਗੇ, ਤਾਂ ਜ਼ਿੰਦਗੀ ਫਿਰ ਕਿਵੇਂ ਸ਼ੁਰੂ ਕਰਨਗੇ? ਉਹਨਾਂ ਦਾ ਗੁੱਸਾ ਸਰਕਾਰ ਅਤੇ ਪ੍ਰਸ਼ਾਸਨ ਦੇ ਖਿਲਾਫ਼ ਹੈ ਕਿ ਉਹਨਾਂ ਸਮੇਂ ਸਿਰ ਬਚਾਅ ਕਾਰਜ ਕਿਉਂ ਨਹੀਂ ਸ਼ੁਰੂ ਕੀਤੇ?

ਸਰਕਾਰ ਆਖਦੀ ਤਾਂ ਇਹ ਹੈ ਕਿ ਉਸ ਦੇ ਖ਼ਜ਼ਾਨੇ ਮਾਲੋ-ਮਾਲ ਹਨ, ਭਰੇ ਪਏ ਹਨ, ਤਾਂ ਕਦੇ ਸ਼ਹਿਰਾਂ-ਪਿੰਡਾਂ ਦੀਆਂ ਸੜਕਾਂ ਦਾ ਹਾਲ ਕਿਉਂ ਨਹੀਂ ਵੇਖਦੀ? ਮੇਨ ਹਾਈਵੇ ਤੋਂ ਬਿਨਾਂ ਪਿੰਡਾਂ ਦੀਆਂ ਲਿੰਕ ਸੜਕਾਂ ਦਾ ਬੁਰਾ ਹਾਲ ਹੈ। ਸ਼ਹਿਰਾਂ ਦੀਆਂ ਸੜਕਾਂ 'ਚ ਟੋਏ ਹਨ। ਮੀਂਹ ਪੈਂਦਾ ਹੈ ਤਾਂ ਸੜਕਾਂ ਭਰ ਜਾਂਦੀਆਂ ਹਨ, ਨਿਕਾਸੀ ਦਾ ਸਹੀ ਪ੍ਰਬੰਧ ਨਹੀਂ । ਆਖਰ ਪੰਜਾਬੀਆਂ ਦਾ ਕਸੂਰ ਕੀ ਹੈ, ਜੋ ਉਹਨਾਂ ਨੂੰ ਸਰਕਾਰਾਂ ਨੇ ਆਪਣੇ ਹਾਲ 'ਤੇ ਛੱਡ ਦਿੱਤਾ ਹੈ?

ਦਰਿਆਈ ਪਾਣੀ ਦੀ ਵੰਡ ਦਾ ਮਸਲਾ ਆਉਂਦਾ ਹੈ ਤਾਂ ਦੂਜੇ ਰਾਜਾਂ ਲਈ ਵੱਧ ਪਾਣੀ ਦੀ ਹਾਲ-ਦੁਹਾਈ ਸੁਣਾਈ ਦਿੰਦੀ ਹੈ। ਭਾਖੜਾ ਮੈਨੇਜਮੈਂਟ ਬੋਰਡ ਦੀ ਗੱਲ ਆਉਂਦੀ ਹੈ ਤਾਂ ਕੇਂਦਰ ਉਸ ਉੱਤੇ ਪੂਰਾ ਕਬਜ਼ਾ ਚਾਹੁੰਦਾ ਹੈ, ਪਰ ਹੜ੍ਹਾਂ-ਮੀਂਹਾਂ ਵੇਲੇ ਛੱਡੇ ਪਾਣੀ ਨਾਲ ਖਮਿਆਜ਼ਾ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਨਿੱਤ ਨਵੀਂਆਂ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਲੋਕ ਅੱਜ ਅਤਿ ਦੇ ਪਰੇਸ਼ਾਨ ਹਨ।

ਸਰਕਾਰ ਕਹਿੰਦੀ ਹੈ ਕਿ ਉਹ 'ਹੜ੍ਹ ਰਿਲੀਫ਼' ਦੇਣ ਲਈ ਪੱਬਾਂ ਭਾਰ ਹੈ, ਪਰ ਉਸ ਦੇ ਪੱਬ ਭਾਰ ਨਹੀਂ ਝੱਲ ਰਹੇ। ਲੋਕ ਹੀ ਲੋਕਾਂ ਦੀ ਮਦਦ ਕਰ ਰਹੇ ਹਨ, ਪਰ ਮੁਸੀਬਤ ਐਡੀ ਵੱਡੀ ਹੈ ਕਿ ਇਸ ਦਾ ਟਾਕਰਾ ਕਰਨਾ ਦਿਲ-ਗੁਰਦੇ ਦਾ ਹੀ ਕੰਮ ਨਹੀਂ ; ਸਹੀ ਵਿਉਂਤਬੰਦੀ, ਸਾਜ਼ੋ-ਸਮਾਨ ਅਤੇ ਮਨੁੱਖੀ ਸਿਰਾਂ ਦੀ ਅਤਿਅੰਤ ਲੋੜ ਹੈ । ਲੋਕ ਘਰਾਂ 'ਚ ਬੈਠੇ ਹਨ । ਕੁਦਰਤ ਦੀ ਕਰੋਪੀ ਦੇ ਠੱਲ੍ਹ ਪੈ ਜਾਣ ਦੀ ਉਡੀਕ ਕਰ ਰਹੇ ਹਨ ।ਆਪਣੇ ਕਰਮਾਂ ਤੇ ਸਰਕਾਰਾਂ ਨੂੰ ਦੋਸ਼ ਦੇ ਰਹੇ ਹਨ, ਰੱਬ ਅੱਗੇ ਅਰਦਾਸਾਂ ਕਰ ਰਹੇ ਹਨ। ਉਹ ਸੋਚਦੇ ਹਨ, ਮੁਸੀਬਤ ਆਈ ਹੈ, ਆਖਰ ਟਲ ਜਾਏਗੀ, ਪਰ ਇਹ ਮੁਸੀਬਤ ਮੁੜ ਨਾ ਆਏ , ਇਹੋ ਜਿਹੀ ਸਥਿਤੀ ਤੇ ਪ੍ਰਬੰਧ ਕਿਵੇਂ ਹੋਣਗੇ? ਇਸ ਸਭ ਕੁਝ ਲਈ ਤਾਂ ਆਖਰ ਸੋਚਣਾ ਹੀ ਪਏਗਾ— ਸਰਕਾਰਾਂ ਨੂੰ,ਲੋਕਾਂ ਨੂੰ, ਬੁੱਧੀਮਾਨਾਂ ਨੂੰ, ਵਿਚਾਰਵਾਨਾਂ ਨੂੰ ਅਤੇ ਸਭ ਤੋਂ ਵੱਧ ਉਹਨਾਂ ਨੂੰ, ਜਿਹੜੇ 'ਵੋਟਾਂ ਬਟੋਰਨ' ਲਈ ਇਸ ਦੁੱਖ ਦੀ ਘੜੀ 'ਚ ਵੀ ਸਿਆਸਤ ਕਰਨੋਂ ਨਹੀਂ ਟਲ਼ ਰਹੇ।

ਹਿਮਾਲਾ ਖੇਤਰ ਇਸ ਵੇਲੇ ਬੱਦਲ ਫਟਣ, ਧਰਤੀ ਦੇ ਖਿਸਕਣ, ਮਿੱਟੀ ਦੇ ਖੋਰੇ ਅਤੇ ਹੜ੍ਹਾਂ ਦੀ ਤਰਾਸਦੀ ਨਾਲ ਜੂਝ ਰਿਹਾ ਹੈ। ਨਦੀਆਂ ਦਾ ਵਹਿਣ ਆਪਣੇ ਰਸਤੇ ਵਿੱਚ ਆਉਣ ਵਾਲੀ ਹਰ ਚੀਜ਼ ਨੂੰ ਨਸ਼ਟ ਕਰ ਰਿਹਾ ਹੈ । ਇਸ ਮੌਨਸੂਨ ਵਿੱਚ ਸਥਿਤੀ ਭਿਅੰਕਰ ਹੋ ਗਈ ਹੈ। ਬੱਦਲ ਫਟਣ ਨਾਲ ਅਚਾਨਕ ਆਏ ਹੜ੍ਹ ਬੁਨਿਆਦੀ ਢਾਂਚੇ ਤੇ ਘਰਾਂ ਨੂੰ ਤਹਿਸ-ਨਹਿਸ ਕਰ ਰਹੇ ਹਨ । ਸਾਇੰਸਦਾਨਾਂ ਨੇ ਇਹ ਖੁਲਾਸਾ ਕੀਤਾ ਹੈ ਕਿ ਹਿਮਾਲਾ ਖੇਤਰ 'ਚ ਜਿਹੜੇ ਹੜ੍ਹ 10 ਸਾਲਾਂ 'ਚ ਇੱਕ ਵਾਰੀ ਆਉਂਦੇ ਸਨ, ਉਹ ਇਸ ਵਾਰ ਦੋ ਮਹੀਨੇ 'ਚ ਤਿੰਨ ਵਾਰੀ ਆ ਗਏ ਹਨ। ਢਲਾਣਾਂ ਖਿਸਕਣ ਲੱਗੀਆਂ ਹਨ । ਅਚਾਨਕ ਆ ਰਹੇ ਹੜ੍ਹ ਜਾਨਲੇਵਾ ਹੋ ਗਏ ਹਨ । ਕਾਰਨ ਸਪੱਸ਼ਟ ਹੈ ਕਿ ਪਹਾੜਾਂ 'ਚ ਨਿਰਮਾਣ ਵਧ ਰਿਹਾ ਹੈ ।ਕੰਕਰੀਟ ਦੀਆਂ ਇਮਾਰਤਾਂ ਜੰਗਲਾਂ ਦੀ ਜਗ੍ਹਾ ਲੈ ਰਹੀਆਂ ਹਨ। ਇਹ ਪਾਣੀ ਦਾ ਵਹਾਅ ਰੋਕ ਰਹੀਆਂ ਹਨ। ਪਹਾੜ ਅਸੁਰੱਖਿਅਤ ਹੋ ਰਹੇ ਹਨ।

ਜੰਮੂ-ਕਸ਼ਮੀਰ, ਉੱਤਰਾਖੰਡ, ਹਿਮਾਚਲ ਪ੍ਰਦੇਸ਼ 'ਚ ਹਾਲਾਤ ਵਿਗੜੇ ਹਨ। ਹਿਮਾਚਲ 'ਚ ਅਚਾਨਕ ਆਏ ਹੜ੍ਹ ਨੇ ਖਿੱਤੇ 'ਚ ਆਫ਼ਤ ਲਿਆ ਦਿੱਤੀ ਹੈ, ਜਿਸ ਦਾ ਖਮਿਆਜ਼ਾ ਹਿਮਾਚਲ ਪ੍ਰਦੇਸ਼ ਨਾਲੋਂ ਵੱਧ ਪੰਜਾਬ ਨੂੰ ਭੁਗਤਣਾ ਪੈ ਰਿਹਾ ਹੈ। ਸੋਚਣ ਵਾਲੀ ਗੱਲ ਹੈ ਕਿ ਇਹ ਵਿਨਾਸ਼, ਇਹ ਤਬਾਹੀ ਆਖ਼ਰ ਹੋ ਕਿਉਂ ਰਹੀ ਹੈ?

ਕਾਰਨ ਸਪੱਸ਼ਟ ਹਨ। ਟੂਰਿਜ਼ਮ ਦਾ ਦਬਾਅ ਹਿਮਾਚਲ ਪ੍ਰਦੇਸ਼ ਵੱਲ ਜ਼ਿਆਦਾ ਹੈ । ਤੀਰਥ-ਯਾਤਰੀਆਂ ਦਾ ਹਿਮਾਚਲ ਪੁੱਜਣਾ ਵਧ ਰਿਹਾ ਹੈ।ਸਿੱਟੇ ਵਜੋਂ ਬੁਨਿਆਦੀ ਢਾਂਚੇ ਦਾ ਵਿਸਥਾਰ ਪਹਾੜਾਂ ਦੀ ਬਲੀ ਦੇ ਕੇ ਕੀਤਾ ਜਾ ਰਿਹਾ ਹੈ। ਨਾਜ਼ੁਕ ਖੇਤਰਾਂ 'ਚ ਹੋਟਲ, ਰਿਜ਼ੋਰਟ ਤੇਜ਼ੀ ਨਾਲ ਵਧੇ ਹਨ । ਸਿੱਟੇ ਵਜੋਂ ਹਿਮਾਚਲ ਦੇ ਸ਼ਹਿਰਾਂ 'ਚ ਅਬਾਦੀ ਵਧ ਰਹੀ ਹੈ । ਵਿਕਾਸ ਪਰਿਯੋਜਨਾਵਾਂ 'ਚ ਵਾਧਾ ਹੋ ਰਿਹਾ ਹੈ। ਨਦੀਆਂ ਦੇ ਤੱਟਾਂ ਉੱਤੇ ਭਵਨ ਨਿਰਮਾਣ ਕਾਰਨ ਜੋਖ਼ਮ ਵਧਿਆ ਹੈ ।

ਪਿਛਲੇ 16 ਸਾਲਾਂ 'ਚ ਪਹਿਲੀ ਵਾਰ ਮੌਨਸੂਨ ਨੇ ਵੱਡੀ ਦਸਤਕ ਦਿੱਤੀ ਹੈ । ਜੂਨ, ਜੁਲਾਈ, ਅਗਸਤ ਵਿੱਚ ਭਾਰੀ ਮੀਂਹ ਨੇ ਬੇਹਾਲ ਕੀਤਾ ਹੈ । ਇਸ ਨਾਲ ਖੇਤੀ ਦੇ ਨਾਲ-ਨਾਲ ਸਮੂਹਿਕ ਜਨ-ਜੀਵਨ ਪ੍ਰਭਾਵਤ ਹੋਇਆ ਹੈ । ਇਹ ਵੀ ਸੋਚਣ ਵਾਲੀ ਗੱਲ ਹੈ ਕਿ ਮੌਸਮ ਨਿਰੰਤਰ ਬਦਲ ਰਹੇ ਹਨ । ਸਮਝ ਹੀ ਨਹੀਂ ਆਉਂਦਾ ਕਿ ਕਦੋਂ ਕਿਹੜੀ ਰੁੱਤ ਚੱਲ ਰਹੀ ਹੈ। ਉੱਤਰ ਤੋਂ ਦੱਖਣ ਤੇ ਪੂਰਬ ਤੋਂ ਪੱਛਮ ਤੱਕ ਬੀਤੇ ਅੱਠ ਮਹੀਨਿਆਂ ਵਿੱਚ ਕਿੱਧਰੇ ਹੜ੍ਹ ਨਾਲ ਹਾਹਾਕਾਰ ਅਤੇ ਕਿਧਰੇ ਲੂ-ਪਸੀਨੇ ਨਾਲ ਗੜਬੜੀ ਹੋ ਰਹੀ ਹੈ । ਚਿੰਤਾਜਨਕ ਇਹ ਹੈ ਕਿ ਜਲਵਾਯੂ ਬਦਲ ਰਿਹਾ ਹੈ। ਇਸ ਦੇ ਨਾਲ-ਨਾਲ ਆਫ਼ਤਾਂ ਆਉਣ ਦੀ ਸੰਭਾਵਨਾ ਬਣ ਰਹੀ ਹੈ। ਇਸ ਨਾਲ ਸਿਹਤ ਵਿਗਾੜ ਵਧਣਗੇ।

ਪਰੇਸ਼ਾਨ ਕਰਨ ਵਾਲੀ ਗੱਲ ਤਾਂ ਇਹ ਹੈ ਕਿ ਦੇਸ਼ ਨੂੰ ਵੱਡੀ ਖ਼ੁਰਾਕ ਦੇਣ ਵਾਲਾ ਪੰਜਾਬ ਬੁਰੀ ਤਰ੍ਹਾਂ ਹੜ੍ਹਾਂ ਦੀ ਮਾਰ ਹੇਠ ਹੈ। ਇਸ ਨਾਲ ਫ਼ਸਲ ਉਤਪਾਦਕਤਾ ਉੱਤੇ ਵੱਡਾ ਅਸਰ ਪਏਗਾ। ਉਪਜਾਊ ਮਿੱਟੀ ਹੜ੍ਹਾਂ ਨਾਲ ਖੁਰ ਕੇ ਨਦੀਆਂ-ਸਮੁੰਦਰਾਂ ਦਾ ਹਿੱਸਾ ਬਣ ਜਾਏਗੀ। ਉਪਜਾਊ ਧਰਤੀ ਉਥੇ ਹੁਣ ਪੰਜਾਬ, ਜਿਹੜਾ ਖੇਤੀ ਲਈ ਕਦੇ ਜ਼ਮੀਨ ਹੇਠਲੇ ਪਾਣੀ ਦੀ ਥੁੜ ਦਾ ਸਾਹਮਣਾ ਕਰਕੇ ਮਾਰੂਥਲ ਬਣਨ ਵੱਲ ਵਧ ਰਿਹਾ ਹੈ, ਉਸ ਦੀ ਧਰਤੀ ਦੀ ਉੱਪਰਲੀ ਉਪਜਾਊ ਮਿੱਟੀ ਦੇ ਖੁਰ ਜਾਣ ਨਾਲ ਆਖਰ ਖੇਤੀ ਪ੍ਰਧਾਨ ਸੂਬੇ ਪੰਜਾਬ ਦਾ ਕੀ ਬਣੇਗਾ? ਉਂਝ ਵੀ, ਪਾਣੀ ਨੇ ਜਿਸ ਢੰਗ ਨਾਲ ਪੰਜਾਬ 'ਤੇ ਹਮਲਾ ਕੀਤਾ ਹੈ,ਉਸ ਨਾਲ ਮਲੇਰੀਆ, ਹੈਜ਼ਾ, ਡੇਂਗੂ, ਚਿਕਨਗੁਨੀਆ ਜਿਹੀਆਂ ਬਿਮਾਰੀਆਂ ਫੈਲਣ ਦਾ ਖਤਰਾ ਵਧੇਗਾ। ਹੜ੍ਹਾਂ ਨਾਲ ਪਸ਼ੂਆਂ-ਜੀਵ ਜੰਤੂਆਂ ਦਾ ਜੋ ਨੁਕਸਾਨ ਹੋ ਰਿਹਾ ਹੈ, ਉਹ ਘਾਤਕ ਬਣ ਗਿਆ ਹੈ। ਕੀ ਸਰਕਾਰਾਂ ਇਸ ਗੱਲ ਤੋਂ ਅਣਜਾਣ ਹਨ?

ਬੁਨਿਆਦੀ ਢਾਂਚੇ ਦੇ ਨਾਂਅ 'ਤੇ ਬਣ ਰਹੇ ਵੱਡੇ ਹਾਈਵੇ ਪਹਿਲਾਂ ਹੀ ਪੰਜਾਬ ਦੀ ਖੇਤੀ ਯੋਗ ਜ਼ਮੀਨ ਦਾ ਨਾਸ਼ ਕਰ ਰਹੇ ਹਨ, ਜਿਨ੍ਹਾਂ ਦਾ ਫ਼ਾਇਦਾ ਆਮ ਆਦਮੀ ਨੂੰ ਨਹੀਂ, ਸਿਰਫ਼ ਧਨ-ਕੁਬੇਰਾਂ ਨੂੰ ਹੈ। ਇਸ ਅਖੌਤੀ ਵਿਕਾਸ ਹਾਈਵੇ, ਕਾਰਪੋਰੇਟਾਂ ਲਈ ਕੱਚੇ ਮਾਲ ਦੀ ਢੋਆ-ਢੁਆਈ ਅਤੇ ਇਹਨਾਂ ਲਈ ਵੱਡੇ ਫ਼ਾਇਦੇ ਦੇਣ ਵੱਲ ਸੇਧਿਤ ਹੈ।

ਸਵਾਲ ਤਾਂ ਇਹ ਹੈ ਕਿ ਕੁਦਰਤ ਨਾਲ ਜ਼ਿਆਦਤੀਆਂ ਕਦੋਂ ਤੱਕ ਜਾਰੀ ਰਹਿਣਗੀਆਂ? ਕਦੋਂ ਸਰਕਾਰਾਂ ਦੀ ਸੋਚ ਲੋਕ-ਪੱਖੀ ਹੋਏਗੀ? ਕਦੋਂ ਇਹਨਾਂ ਮਾਰੂ ਯੋਜਨਾਵਾਂ ਉੱਤੇ ਰੋਕ ਲੱਗੇਗੀ? ਕਦੋਂ ਆਪਣੇ ਸੁੱਖ-ਚੈਨ ਲਈ ਜਲ, ਜ਼ਮੀਨ, ਜੰਗਲ ਨਾਲ ਜ਼ੁਲਮ ਅਤੇ ਬੇਇਨਸਾਫ਼ੀ ਕਰਕੇ ਬਣਾਈਆਂ ਜਾ ਰਹੀਆਂ ਯੋਜਨਾਵਾਂ ਉੱਤੇ ਰੋਕ ਲੱਗੇਗੀ?

ਸਾਰੀਆਂ ਸਿਆਸੀ ਧਿਰਾਂ ਪੰਜਾਬ ਨੂੰ ਆਪਣੇ ਹੱਥ ਕਰਨ ਲਈ ਪੱਬਾਂ ਭਾਰ ਹਨ। ਪੰਜਾਬ ਦੀਆਂ ਵੱਡੀਆਂ ਸਮੱਸਿਆਵਾਂ, ਜਿਹਨਾਂ ਵਿੱਚ ਪਰਵਾਸ, ਬੇਰੁਜ਼ਗਾਰੀ, ਖੇਤੀ ਸੰਕਟ ਦੇ ਨਾਲ ਹੜ੍ਹਾਂ ਦੇ ਪ੍ਰਕੋਪ ਦਾ ਜੋ ਵਾਧਾ ਹੋ ਗਿਆ ਹੈ, ਉਸ ਨੂੰ ਹੱਲ ਕੌਣ ਕਰੇਗਾ? ਦੋਸ਼ ਤਾਂ ਪੰਜਾਬ 'ਤੇ ਬਥੇਰੇ ਲੱਗਦੇ ਹਨ ਕਿ ਪੰਜਾਬ ਵਿੱਚ ਪਰਾਲੀ ਸਾੜਨ ਨਾਲ ਦਿੱਲੀ ਦੂਸ਼ਿਤ ਹੁੰਦੀ ਹੈ, ਪੰਜਾਬ ਗੁਆਂਢੀ ਸੂਬਿਆਂ ਨੂੰ ਪਾਣੀ ਨਹੀਂ ਦਿੰਦਾ, ਪਰ ਪੰਜਾਬ 'ਚ ਆਫ਼ਤ ਸਮੇਂ ਪੰਜਾਬ ਨਾਲ ਕੌਣ ਖੜ੍ਹਿਆ ਹੈ ਅਤੇ ਖੜ੍ਹੇਗਾ? ਸਿਰਫ਼ ਵਕਤੀ ਸਹਾਇਤਾ, ਭੋਜਨ, ਰਿਲੀਫ਼ ਕੈਂਪ ਭਲਾ ਪੰਜਾਬੀਆਂ ਦਾ ਕੀ ਸੁਆਰਨਗੇ?

ਪੰਜਾਬ ਹੈਰਾਨ-ਪਰੇਸ਼ਾਨ ਹੈ! ਪੰਜਾਬੀ ਸੋਚਣ ਲੱਗੇ ਹਨ ਕਿ ਇਹ ਪੰਜਾਬ ਦੀ ਤਬਾਹੀ ਲਈ ਕੋਈ ਗਿਣੀ-ਮਿਥੀ ਸਾਜ਼ਿਸ਼ ਤਾਂ ਨਹੀਂ? ਜਿਵੇਂ ਸਾਜ਼ਿਸ਼ ਅਧੀਨ ਪੰਜਾਬ ਦਾ ਬਟਵਾਰਾ ਹੋਇਆ। ਜਿਵੇਂ ਪੰਜਾਬ 'ਚ ਸਰਦ-ਗਰਮ ਮੁਹਿੰਮਾਂ ਚਲਾ ਕੇ ਨੌਜਵਾਨਾਂ ਦਾ ਘਾਣ ਕੀਤਾ ਗਿਆ। ਜਿਵੇਂ ਪੰਜਾਬ 'ਚ ਨਸ਼ੇ ਫੈਲਾਅ ਕੇ ਨੌਜਵਾਨਾਂ ਦਾ ਖ਼ਾਤਮਾ ਕਰਨ ਜਿਹੇ ਕੁਕਰਮ ਸਮੇਂ-ਸਮੇਂ 'ਤੇ ਹਾਕਮ ਜਮਾਤ ਵੱਲੋਂ ਕੀਤੇ ਜਾਂਦੇ ਰਹੇ ਅਤੇ ਇਹ ਵੀ ਅਤਿਕਥਨੀ ਨਹੀਂ ਕਿ ਕਿਵੇਂ ਪੰਜਾਬ ਦੇ ਪੰਜਾਬੀ ਬੋਲਦੇ ਖੇਤਰ ਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਤੋਂ ਖੋਹੇ ਜਾਣ ਦੀਆਂ ਸਾਜ਼ਿਸ਼ਾਂ ਰਚੀਆਂ ਗਈਆਂ ਹਨ!

ਬਿਨਾਂ ਸ਼ੱਕ, ਪੰਜਾਬ ਇਹਨੀਂ ਦਿਨੀਂ ਉਦਾਸ ਹੈ, ਪਰ ਹੌਸਲੇ 'ਚ ਹੈ। ਆਪਣੇ ਹੱਥੀਂ ਆਪਣਾ ਕਾਰਜ ਆਪ ਸਵਾਰਨ ਹਿੱਤ ਪੰਜਾਬ ਅੱਜ ਫਿਰ ਇਸ ਵੱਡੀ ਆਫ਼ਤ ਵੇਲੇ ਵੱਡੀ ਲੜਾਈ ਲੜ ਰਿਹਾ ਹੈ।

ਪੰਜਾਬ ਜਿੱਤੇਗਾ। ਪੰਜਾਬ ਜ਼ਿੰਦਾਬਾਦ।

**# ਸੰਪਰਕ : 98158-02070**

# ਹਰ ਸ਼ਖਸ ਹਰ ਪਲ ਅਨੰਤ ਸਫਰ 'ਤੇ ਹੁੰਦਾ

**ਸੰਜੀਵ ਝਾਂਜੀ**

ਇਹ ਦੁਨੀਆ ਬੜੀ ਅਜੀਬ ਹੈ, ਉਲਟ ਹੈ । ਇਥੇ ਅਮੀਰ ਦਾ ਨਾਂਅ ਗਰੀਬ ਦਾਸ ਅਤੇ ਗਰੀਬ ਬੰਦੇ ਦਾ ਨਾਂਅ ਅਮੀਰ ਸਿੰਘ ਰੱਖਿਆ ਜਾਂਦਾ ਹੈ। ਰੇਲ ਗੱਡੀ ਜਿਹੜੀ ਸਫਰ ਦੇ ਵਿੱਚ ਰਹਿੰਦੀ ਹੈ, ਭਾਵ ਚੱਲਦੀ (ਗਤੀਮਾਨ) ਰਹਿੰਦੀ ਹੈ, ਉਸ ਨੂੰ ਗੱਡੀ ਕਹਿੰਦੇ ਹਨ, ਭਾਵ ਜਿਹੜੀ ਇਕ ਥਾਂ 'ਤੇ ਗੱਡੀ ਹੋਵੇ ਅਤੇ ਆਟਾ ਪੀਹਣ ਵਾਲੀ ਮਸ਼ੀਨ ਜਿਸ ਨੂੰ ਚੱਕੀ ਕਹਿਦੇ ਹਾਂ, ਉਹ ਇੱਕ ਥਾਂ 'ਤੇ ਗੱਡੀ ਹੁੰਦੀ ਹੈ, ਪਰ ਨਾਂਅ ਚੱਕੀ ਹੈ, ਭਾਵ ਅਸੀਂ ਉਸ ਨੂੰ ਚੱਕੀ ਫਿਰਦੇ ਹਾਂ । ਇੱਕ ਥਾਂ ਤੋਂ ਦੂਜੀ ਥਾਂ ।

ਚਾਹੇ ਕੋਈ ਚੀਜ਼ ਗੱਡੀ ਹੋਈ ਹੈ, ਭਾਵ ਇੱਕ ਥਾਂ 'ਤੇ ਸਥਿਰ ਹੋਵੇ ਤੇ ਭਾਵੇਂ ਉਹ ਲਗਾਤਾਰ ਸਫਰ ਦੇ ਵਿੱਚ ਹੋਵੇ, ਹਰ ਚੀਜ਼ ਗਤੀਮਾਨ ਹੈ, ਚੱਲ ਰਹੀ ਹੈ। ਵਿਗਿਆਨ ਅਨੁਸਾਰ ਇਸ ਧਰਤੀ 'ਤੇ ਹੀ ਨਹੀਂ, ਪੂਰੇ ਬ੍ਰਹਿਮੰਡ ਵਿੱਚ ਕੋਈ ਵੀ ਚੀਜ਼ ਸਥਿਰ ਨਹੀਂ। ਧਰੁਵ (ਧਰੂ) ਤਾਰਾ ਵੀ ਨਹੀਂ। ਕਹਾਵਤ ਵੀ ਹੈ ਚਲਦੀ ਦਾ ਨਾਂਅ ਹੀ ਜ਼ਿੰਦਗੀ ਹੈ।

ਅਸੀਂ ਜ਼ਿੰਦਗੀ ਦੇ ਵਿੱਚ ਰੋਜ਼ਾਨਾ ਕਈ ਕੰਮਾਂ ਵਿੱਚ ਲਿਪਤ ਹੁੰਦੇ ਹਾਂ ਅਤੇ ਲਗਾਤਾਰ ਸਫਰ ਕਰਦੇ ਰਹਿੰਦੇ ਹਾਂ, ਇੱਕ ਥਾਂ ਤੋਂ ਦੂਜੀ ਥਾਂ, ਪਰ ਕੁਝ ਲੋਕ ਅਜਿਹੇ ਵੀ ਹੁੰਦੇ ਹਨ, ਜਿਹੜੇ ਆਰਾਮ ਫਰਮਾਉਂਦੇ ਹਨ, ਪਰ ਵਿਗਿਆਨ ਕਹਿੰਦਾ ਹੈ ਕਿ ਅਰਾਮ ਫਰਮਾਉਣ ਵਾਲਾ ਸ਼ਖਸ ਵੀ ਹਰ ਵੇਲੇ ਗਤੀਮਾਨ ਰਹਿੰਦਾ ਹੈ । ਉਹ ਵੀ ਕੋਈ ਘੱਟ ਸਪੀਡ 'ਤੇ ਨਹੀਂ ਬਹੁਤ ਜ਼ਿਆਦਾ ਸਪੀਡ 'ਤੇ।ਸਾਡੀ ਧਰਤੀ ਲਗਾਤਾਰ ਗਤੀਮਾਨ ਹੈ। ਇਹ ਆਪਣੀ ਧੁਰੀ ਦੇ ਦੁਆਲੇ ਲਗਭਗ 1ਹਜ਼ਾਰ ਮੀਲ ਪ੍ਰਤੀ ਘੰਟੇ ਭਾਵ 16 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਘੁੰਮਦੀ ਹੈ। ਦੂਜੀ ਹੈਰਾਨੀ ਦੀ ਗੱਲ ਇਹ ਹੈ ਕਿ ਸਾਡੀ ਧਰਤੀ ਸੂਰਜ ਦੇ ਦੁਆਲੇ 67 ਹਜ਼ਾਰ ਮੀਲ ਪ੍ਰਤੀ ਘੰਟੇ ਭਾਵ ਇਕ ਲੱਖ 7 ਹਜ਼ਾਰ ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਲਗਾਤਾਰ ਗਤੀਮਾਨ ਰਹਿੰਦੀ ਹੈ, ਬਿਨਾਂ ਰੁਕੇ ਬਿਨਾਂ ਥੱਕੇ।

ਇਸ ਦਾ ਮਤਲਬ ਹੈ ਕਿ ਹਰ ਸ਼ਖਸ ਹਰ ਵੇਲੇ ਹਰ ਸਮੇਂ ਏਨੀ ਜ਼ਿਆਦਾ ਸਪੀਡ ਦੇ ਨਾਲ ਲਗਾਤਾਰ ਦੋ ਤਰੀਕਿਆਂ ਨਾਲ ਗਤੀਮਾਨ ਰਹਿੰਦਾ ਹੈ, ਕਿਉਂਕਿ ਚਲਦੀ ਦਾ ਨਾਂਅ ਹੀ ਗੱਡੀ ਹੈ, ਪਰ ਮਰੇ ਹੋਏ ਸਰੀਰ ਵੀ ਇਸ ਸਪੀਡ ਨਾਲ ਇਸ ਧਰਤੀ ਦੇ ਅਨੁਸਾਰ ਇਹ ਗਤੀ ਨੂੰ ਹਾਸਲ ਕਰਦੇ ਹਨ ।

ਹੋਰ ਹੈਰਾਨੀ ਦੀ ਗੱਲ ਸੁਣੋ, ਇਨਸਾਨ ਸਿਰਫ ਦੋ ਤਰੀਕਿਆਂ ਨਾਲ ਹੀ ਗਤੀ ਨਹੀਂ ਕਰਦਾ। ਇਕ ਤੀਜੇ ਕਿਸਮ ਦੀ ਵੀ ਗਤੀ ਹੁੰਦੀ ਹੈ। ਸਾਡਾ ਸੂਰਜ, ਜਿਸ ਦੇ ਦੁਆਲੇ ਸਾਡੀ ਧਰਤੀ ਮਾਂ ਘੁੰਮਦੀ ਹੈ, ਉਹ ਵੀ ਲਗਾਤਾਰ ਸਾਡੀ ਗਲੈਕਸੀ 'ਮਿਲਕੀ ਵੇ' ਦੇ ਕੇਂਦਰ ਦੇ ਦੁਆਲੇ ਚੱਕਰ ਕੱਢਦਾ ਹੈ, ਸਾਰੇ ਗ੍ਰਹਿਆਂ-ਉਪਗ੍ਰਹਿਆਂ ਨੂੰ ਨਾਲ ਲੈ ਕੇ। ਉਸ ਦੀ ਸਪੀਡ ਵੀ ਮਾੜੀ-ਮੋਟੀ ਨਹੀਂ, ਸਗੋਂ ਬਹੁਤ ਜ਼ਿਆਦਾ ਹੁੰਦੀ ਹੈ। ਲਗਭਗ 220 ਕਿਲੋਮੀਟਰ ਪ੍ਰਤੀ ਸੈਕਿੰਡ। ਅੰਦਾਜ਼ੇ ਮੁਤਾਬਕ 8 ਲੱਖ 28 ਹਜ਼ਾਰ ਕਿਲੋਮੀਟਰ ਪ੍ਰਤੀ ਘੰਟਾ।

ਇਹ ਸਥਿਤੀ ਲਗਭਗ ਉਹੋ ਜਿਹੀ ਹੀ ਹੈ, ਜਿਹੜੀ ਰੋਸ਼ਨੀ ਦੇ ਮੇਲੇ 'ਤੇ ਆਏ ਇੱਕ ਖਾਸ ਕਿਸਮ ਦੇ ਝੂਟੇ ਦੀ ਹੁੰਦੀ ਹੈ । ਮੈਨੂੰ ਯਾਦ ਹੈ ਕਿ ਕਾਲਜ ਦੇ ਦਿਨਾਂ ਵਿੱਚ ਮੈਂ ਇੱਕ ਅਜਿਹੇ ਝੂਲਣੇ 'ਤੇ ਝੂਟੇ ਲਏ ਸਨ। ਟੇਢੀ ਕਿਸਮ ਦਾ ਇਹ ਝੂਟਾ ਬੜਾ ਅਜੀਬ ਜਿਹਾ ਸੀ। ਇਹਦੇ ਵਿੱਚ ਚਾਰ-ਚਾਰ ਕੁਰਸੀਆਂ ਦੇ ਚਾਰ ਸੈੱਟ ਲੱਗੇ ਹੋਏ ਸਨ ਤੇ ਇਹ ਚਾਰ-ਚਾਰ ਕੁਰਸੀਆਂ ਆਪਣੀ ਧੁਰੀ ਦੇ ਦੁਆਲੇ ਘੁੰਮਦੀਆਂ ਸਨ। ਹੈਰਾਨੀ ਦੀ ਗੱਲ ਇਹ ਸੀ ਕਿ 'ਕੱਲੀ-'ਕੱਲੀ ਕੁਰਸੀ ਵੀ ਆਪਣੀ ਧੁਰੀ ਦੇ ਦੁਆਲੇ ਘੁੰਮਦੀ ਸੀ ਅਤੇ ਇਹ ਚਾਰੇ-ਚਾਰੇ ਕੁਰਸੀਆਂ ਦੇ ਸੈੱਟ ਭਾਵ 16 ਦੀਆਂ 16 ਕੁਰਸੀਆਂ ਉਸ ਪੂਰੇ ਝੂਲਣੇ ਦੇ ਧੁਰੇ ਦੁਆਲੇ ਘੁੰਮਦੀਆਂ ਸਨ। ਮੈਂ ਆਪਣੇ ਤਿੰਨ ਦੋਸਤਾਂ ਦੇ ਨਾਲ ਇਹਨਾਂ ਵਿੱਚ ਬਹਿ ਗਿਆ। ਸਾਨੂੰ ਚਾਰ ਕੁਰਸੀਆਂ ਦਾ ਇੱਕ ਸੈੱਟ ਦੇ ਦਿੱਤਾ ਗਿਆ। ਬਾਕੀ ਲੋਕ ਬਾਕੀ ਸੈੱਟਾਂ 'ਤੇ ਬੈਠ ਗਏ ।ਜਦੋਂ ਇਹ ਝੂਟਾ ਚੱਲਿਆ ਤਾਂ ਮੇਰੀ ਕੁਰਸੀ ਮੇਰੇ ਦੁਆਲੇ ਘੁੰਮਣ ਲੱਗ ਗਈ । ਇਹ ਘੁੰਮਦੇ-ਘੁੰਮਦੇ ਸਾਡੇ ਦੋਸਤਾਂ ਵਾਲੀਆਂ ਚਾਰ ਕੁਰਸੀਆਂ ਦੇ ਸੈੱਟ ਦੇ ਕੇਂਦਰ ਦੇ ਦੁਆਲੇ ਘੁੰਮ ਰਹੀ ਸੀ, ਪਰ ਸਭ ਤੋਂ ਹੈਰਾਨੀ ਦੀ ਗੱਲ ਇਹ ਸੀ ਕਿ ਸਾਡਾ ਪੂਰਾ ਸੈੱਟ ਉਸ ਝੂਲਣੇ ਦੇ ਧੁਰੇ ਦੇ ਦੁਆਲੇ ਘੁੰਮ ਰਿਹਾ ਸੀ। ਭਾਵ ਅਸੀਂ ਤਿੰਨ ਤਰ੍ਹਾਂ ਦੀ ਗਤੀ ਕਰ ਰਹੇ ਸੀ, ਹਾਲਾਂਕਿ ਇਹ ਸਥਿਤੀ ਬਹੁਤ ਡਰਾਉਣੀ ਜਾਪਦੀ ਸੀ, ਪਰ ਰੋਮਾਂਚਕ ਵੀ ਸੀ ।

ਅਸੀਂ ਤੁਰਦੇ-ਫਿਰਦੇ ਤਿੰਨ ਤਰ੍ਹਾਂ ਦੀ ਨਹੀਂ, ਬਲਕਿ ਕਈ ਤਰਹਾਂ ਦੀ, ਘੱਟੋ ਘੱਟ ਚਾਰ ਕਿਸਮ ਦੀ ਗਤੀ ਤਾਂ ਕਰਦੇ ਹੀ ਹਾਂ। ਜਿਨਾਂ ਵਿੱਚੋਂ ਸਾਨੂੰ ਸਿਰਫ ਇੱਕ ਕਿਸਮ ਦੀ ਗਤੀ ਹੀ ਪਤਾ ਹੁੰਦੀ ਹੈ। ਜਿਹੜੀ ਅਸੀਂ ਸੜਕ ਤੇ ਤੁਰਦੇ, ਸਕੂਟਰ ਵਗੈਰਾ ਚਲਾਉਂਦੇ ਹੋਏ ਹੀ ਮਹਿਸੂਸ ਕਰਦੇ ਹਾਂ । ਜਿਸ ਨੂੰ ਆਮ ਤੌਰ ਤੇ ਸਰਲ ਰੇਖੀ ਗਤੀ ਕਿਹਾ ਜਾਂਦਾ ਹੈ। ਪਰ ਇਸ ਦੇ ਨਾਲ ਅਸੀਂ ਧਰਤੀ ਦੀ ਧੁਰੀ ਦੇ ਦੁਆਲੇ ਵੀ ਘੁੰਮ ਰਹੇ ਹੁੰਦੇ ਹਾਂ, ਜਿਹੜੀ ਕਿ ਚੱਕਰਾਕਾਰ ਗਤੀ ਹੈ। ਧਰਤੀ ਸੂਰਜ ਦੇ ਦੁਆਲੇ ਘੁੰਮ ਰਹੀ ਹੈ। ਅਸੀਂ ਵੀ ਨਾਲ ਘੁੰਮ ਰਹੇ ਹਾਂ, ਕਿਉਂਕਿ ਅਸੀਂ ਵੀ ਤਾਂ ਧਰਤੀ ਤੇ ਹੀ ਹਾਂ। ਇਹ ਵੀ ਚੱਕਰਾਕਾਰ (ਅੰਡਾਕਾਰ) ਗਤੀ ਹੈ। ਸਾਡਾ ਸੂਰਜ ਸਾਡੀ ਧਰਤੀ, ਸਾਡੇ ਚੰਦਰਮਾ ਦੇ ਨਾਲ ਆਪਣੀ ਮਿਲਕੀ ਵੇ ਗਲੈਕਸੀ ਦੇ ਕੇਂਦਰ ਦੁਆਲੇ ਘੁੰਮ ਰਿਹਾ ਹੈ। ਉਹ ਵੀ ਇੱਕ ਅੰਡਾਕਾਰ ਗਤੀ ਹੈ। ਸਾਡੀ ਮਿਲਕੀ ਵੇ ਗਲੈਕਸੀ ਇੱਕ ਬਹੁਤ ਹੀ ਵੱਡੇ ਅਨੰਤ ਬ੍ਰਹਿਮੰਡ (ਪੁਲਾੜ) ਦਾ ਹਿੱਸਾ ਹੈ। ਬ੍ਰਹਿਮੰਡ (ਪੁਲਾੜ) ਲਗਾਤਾਰ ਫੈਲ ਰਿਹਾ ਹੈ। ਭਾਵ ਉਹ ਗਤੀ ਵੀ ਹੋ ਰਹੀ ਹੈ।

ਸਾਰੀ ਗੱਲ ਦਾ ਮਤਲਬ ਇਹ ਹੈ ਕਿ ਚਾਹੇ ਇਸ ਨੂੰ ਵਿਗਿਆਨ ਕਹਿ ਲਈਏ, ਚਾਹੇ ਕੁਦਰਤ ਕਹਿ ਲਈਏ, ਚਾਹੇ ਪਰਮਾਤਮਾ ਦੀ ਬਣਾਈ ਦੁਨੀਆ ਤੇ ਚਾਹੇ ਉਸ ਦੀ ਰਜ਼ਾ ਕਹਿ ਲਈਏ, ਅਨੰਤ ਹੈ, ਵਿਸ਼ਾਲ ਹੈ, ਅਪਰੰਪਾਰ ਹੈ। ਭਾਵ ਸਾਨੂੰ ਇਸ ਦੇ ਪਾਰ ਦਾ ਪਤਾ ਨਹੀਂ, ਕਿਉਂਕਿ ਜਿੰਨਾ ਵੀ ਬ੍ਰਹਿਮੰਡ ਅਸੀਂ ਹੁਣ ਤੱਕ ਲੱਭਿਆ ਹੈ, ਕਹਿਣ ਵਾਲੇ ਵਿਗਿਆਨੀ ਤਾਂ ਕਹਿੰਦੇ ਹਨ ਕਿ ਸ਼ਾਇਦ ਇਹ ਸੰਪੂਰਨ ਬ੍ਰਹਿਮੰਡ (ਪੁਲਾੜ) ਦਾ ਇੱਕ ਪ੍ਰਤੀਸ਼ਤ ਤੋਂ ਵੀ ਘੱਟ ਹੈ। ਕਈ ਵਿਗਿਆਨੀ ਤਾਂ ਇਹ ਵੀ ਮੰਨਦੇ ਹਨ ਕਿ ਬ੍ਰਹਿਮੰਡ (ਪੁਲਾੜ) ਇੱਕ ਨਹੀਂ, ਅਨੇਕਾਂ ਹਨ । ਸੋਚ-ਸਮਝ ਤੇ ਦਿਮਾਗ ਆਪਣਾ-ਆਪਣਾ ਹੈ, ਪਰ ਵਿਗਿਆਨ ਅਨੁਸਾਰ ਇਹ ਪੱਕਾ ਹੈ ਕਿ ਅਸੀਂ ਹਰ ਵੇਲੇ ਹਰ ਪਲ ਅਨੰਤ ਸਫਰ 'ਤੇ ਹੁੰਦੇ ਹਾਂ ।

**# ਸੰਪਰਕ : 80049-10000**

# ਹਰ ਹਾਲਤ 'ਚੜ੍ਹਦੀ ਕਲਾ' 'ਚ ਰਹਿਣ ਵਾਲੇ ਪੰਜਾਬੀ



ਨਰਿੰਦਰ ਸੋਹਲ

ਪੰਜ ਦਰਿਆਵਾਂ ਦੀ ਧਰਤੀ 'ਪੰਜਾਬ' ਇੱਕ ਵਾਰ ਫਿਰ ਸੰਕਟ ਵਿੱਚ ਹੈ । ਲੱਖਾਂ ਏਕੜ ਜ਼ਮੀਨ ਅਤੇ ਸੈਂਕੜੇ ਪਿੰਡ ਹੜ੍ਹਾਂ ਦੀ ਮਾਰ ਹੇਠ ਆਏ ਹੋਏ ਹਨ । ਪੰਜਾਬ ਪਹਿਲਾਂ ਵੀ ਕਈ ਵਾਰ ਉੱਜੜਿਆ ਤੇ ਕਈ ਵਾਰ ਵਸਿਆ ਹੈ । ਕਦੇ ਕੁਦਰਤ ਦਾ ਤੇ ਕਦੇ ਕੋਈ ਹੋਰ ਹੱਲਾ ਹੁੰਦਾ ਆਇਆ ਹੈ। ਹੁਣ ਫੇਰ ਇਹ ਉੱਜੜ ਰਿਹਾ ।ਬੇਸ਼ੱਕ ਅੱਜ ਲੋਕ ਛੱਤਾਂ 'ਤੇ ਬੈਠੇ ਨੇ, ਉਹਨਾਂ ਦੇ ਘਰਾਂ ਦਾ ਸਾਮਾਨ, ਪਸ਼ੂ-ਡੰਗਰ ਸਭ ਪਾਣੀ ਵਿੱਚ ਹੈ ਤੇ ਫਸਲਾਂ ਨਾ ਸਿਰਫ਼ ਤਬਾਹ ਹੀ ਹਨ, ਸਗੋਂ ਅਗਲੀ ਫ਼ਸਲ ਬੀਜੇ ਜਾ ਸਕਣ ਦੇ ਵੀ ਆਸਾਰ ਦਿਖਾਈ ਨਹੀਂ ਦੇ ਰਹੇ, ਕਿਉਂਕਿ 1988 ਵਿੱਚ ਆਏ ਹੜ੍ਹਾਂ ਨਾਲੋਂ ਵੀ ਹਾਲਾਤ ਖਰਾਬ ਹਨ, ਪਰ ਜਲਦ ਪਾਣੀ ਉਤਰੇਗਾ, ਲੋਕ ਛੱਤਾਂ ਤੋਂ ਹੇਠਾਂ ਆਉਣਗੇ । ਖੇਤਾਂ 'ਚੋਂ ਰੇਤ ਚੁੱਕਣਗੇ, ਮੁੜ ਫ਼ਸਲ ਉੱਠੇਗੀ 'ਤੇ ਜ਼ਿੰਦਗੀ ਹੌਲੀ-ਹੌਲੀ ਲੀਹ 'ਤੇ ਆ ਜਾਵੇਗੀ । ਪੰਜਾਬ ਆਪਣੀ ਲੜਾਈ ਆਪ ਲੜਦਾ ਆਇਆ ਹੈ । ਜੇ ਸੜਦੀਆਂ ਫਸਲਾਂ ਤੋਂ ਹਿੰਮਤ ਨੂੰ ਸੇਕ ਨਹੀਂ ਲੱਗਾ ਤਾਂ ਹੜ੍ਹਾਂ ਵਿੱਚ ਵੀ ਪੰਜਾਬੀਆਂ ਦੇ ਹੌਸਲਿਆਂ ਦਾ ਬੰਨ੍ਹ ਨਹੀਂ ਟੁੱਟਣਾ । ਇਸ ਧਰਤੀ ਦੇ ਲੋਕ ਕਦੇ ਬੇਹਿੰਮਤੇ ਨਹੀਂ ਹੋਏ । ਪੰਜਾਬ ਦੇ ਜੁਝਾਰੂ ਲੋਕ ਪਹਿਲਾਂ ਤੋਂ ਹੀ 'ਆਪਣਿਆਂ' ਦੀ ਬਾਂਹ ਫੜਦੇ ਆਏ ਹਨ ਤੇ ਅੱਜ ਵੀ ਫੜ ਰਹੇ ਹਨ । ਬੇਸ਼ੱਕ ਇਹ ਕੰਮ ਸਰਕਾਰਾਂ ਦਾ ਹੁੰਦਾ, ਪਰ ਨਿਕੰਮੀਆਂ ਸਰਕਾਰਾਂ ਵੱਲ ਝਾਕਣ ਦੀ ਬਜਾਏ ਲੋਕ ਆਪ ਹਰ ਥਾਂ ਪ੍ਰਬੰਧ ਕਰਨ ਵਿੱਚ ਰੁੱਝੇ ਹੋਏ ਹਨ । ਲੋਕ ਸਾਰੀ ਰਾਤ ਬੰਨ੍ਹਾਂ ਦੀ ਪਹਿਰੇਦਾਰੀ ਕਰ ਰਹੇ ਹਨ । ਕੋਈ ਬੰਨ੍ਹ ਮਜ਼ਬੂਤ ਕਰਨ ਲਈ ਦਿਨ-ਰਾਤ ਇਕ ਕਰ ਰਿਹਾ ਤੇ ਕੋਈ ਸ਼ੂਕਦੇ ਪਾਣੀ ਨੂੰ ਚੀਰ ਕੇ ਛੱਤਾਂ ਉਤੇ ਬੈਠੇ ਬੇਵੱਸ ਲੋਕਾਂ ਤੱਕ ਰੋਟੀ ਪੁਚਾ ਰਿਹਾ। ਪਸ਼ੂਆਂ ਨੂੰ ਚਾਰਾ ਖੁਆ ਰਿਹਾ ਅਤੇ ਪੀੜਤਾਂ ਦੇ ਗਲ ਲੱਗ-ਲੱਗ ਦੁੱਖ ਵੰਡਾਅ ਰਿਹਾ ।

ਦੂਜੇ ਪਾਸੇ ਜੋ ਆਪ ਲੁੱਟੇ ਗਏ ਨੇ, ਚਿਹਰਿਆਂ 'ਤੇ ਮੁਸਕਾਨ ਅਤੇ ਮੂੰਹੋਂ 'ਚੜ੍ਹਦੀ ਕਲਾ' ਕਹਿ ਆਪਣੇ ਹੌਸਲੇ ਦਾ ਸਬੂਤ ਦੇ ਰਹੇ । ਪਾਣੀ ਵਿੱਚ ਘਿਰਿਆਂ ਦੀ ਜਦੋਂ ਕੋਈ ਮੀਡੀਆ ਵਾਲਾ ਖਬਰ ਸਾਰ ਨੂੰ ਆਉਂਦਾ ਜਾਂ ਕੋਈ ਸੇਵਾ ਲਈ ਆਉਂਦਾ ਤਾਂ ਉਸ ਹਾਲਤ ਵਿੱਚ ਵੀ ਸਭ ਨੂੰ ਚਾਹ ਪੁੱਛ ਰਹੇ। ਕੋਈ ਦੁੱਧ ਗਰਮ ਕਰਕੇ ਪਿਆ ਰਿਹਾ ਤੇ ਕੋਈ ਰੋਟੀ ਖਾਧੇ ਬਿਨਾਂ ਜਾਣ ਨਹੀਂ ਦੇ ਰਿਹਾ। ਇਹ ਆਪਣੀ ਤਕਲੀਫ ਭੁੱਲ ਕੇ ਅਗਲੇ ਦੀ ਤਕਲੀਫ ਵੱਧ ਮਹਿਸੂਸ ਕਰ ਨੰਗੇ ਪੈਰੋਂ ਆਇਆਂ ਨੂੰ ਆਪਣੇ ਪੈਰੋਂ ਚੱਪਲਾਂ ਲਾਹ ਕੇ ਦੇ ਰਹੇ । ਇਕ ਖਾਲੀ ਪੀਪੀ ਦੇ ਸਹਾਰੇ ਰੁੜਦੇ ਆ ਰਹੇ ਬਾਬੇ ਨੂੰ ਪਾਣੀ ਤੋਂ ਬਾਹਰ ਆਉਣ 'ਤੇ ਜਦੋਂ ਦੂਜਿਆਂ ਨੇ ਪੁੱਛਿਆ, ਬਾਬਾ ਕਿਵੇਂ ਆਂ ਤਾਂ ਚਿਹਰੇ 'ਤੇ ਮੁਸਕਾਨ ਲਿਆ ਕਹਿੰਦਾ, 'ਚੜ੍ਹਦੀ ਕਲਾ' । ਇਹ ਜਜ਼ਬਾ ਪੰਜਾਬ ਦੇ ਸੁਨਹਿਰੀ ਇਤਿਹਾਸ ਦੀ ਦੇਣ ਹੈ। ਧੰਨ ਨੇ ਪੰਜਾਬੀ, ਇਸ ਨੂੰ ਬਰਬਾਦ ਕਰਨ ਦੇ ਖਾਬ ਵੇਖਣ ਵਾਲਾ ਦੁਸ਼ਮਣ ਵੀ ਸੋਚਣ ਲਈ ਮਜਬੂਰ ਹੋ ਗਿਆ ਹੋਣਾ ਕਿ ਇਹ ਕਿਸ ਮਿੱਟੀ ਦੇ ਬਣੇ ਹੋਏ। ਉਹ ਨਹੀਂ ਜਾਣਦਾ ਕਿ ਇੱਥੋਂ ਦੀ ਮਿੱਟੀ ਧੁਰ ਅੰਦਰੋਂ ਧੂਹ ਪਾਉਂਦੀ ਅਤੇ ਪ੍ਰੇਰਦੀ ਹੈ ਕਿ ਚੜ੍ਹਦੀ ਕਲਾ ਵਿੱਚ ਰਹਿਣਾ ਤੇ 'ਸਰਬੱਤ ਦਾ ਭਲਾ' ਕਰਨਾ ਹੀ ਸਾਡਾ ਫਰਜ਼ ਹੈ। ਇਸੇ ਕਰਕੇ ਆਪਣੇ ਭੈਣ-ਭਰਾਵਾਂ ਨੂੰ ਮੁਸ਼ਕਿਲ ਵਿੱਚ ਵੇਖਦਿਆਂ ਹੀ ਨੌਜਵਾਨਾਂ ਵੱਲੋਂ ਲੋੜੀਂਦੇ ਸਾਮਾਨ ਨਾਲ ਭਰੀਆਂ ਟਰਾਲੀਆਂ ਘੰਟਿਆਂ ਵਿੱਚ ਲੋੜਵੰਦਾਂ ਤੱਕ ਪਹੁੰਚ ਗਈਆਂ । ਇਹ ਮਦਦਗਾਰ, ਭੁੱਖੇ-ਪਿਆਸੇ ਘਰੋਂ ਬੇਘਰ ਹੋਏ ਲੋਕਾਂ ਲਈ ਕਿਸੇ ਮਸੀਹੇ ਤੋਂ ਘੱਟ ਨਹੀਂ। ਇਹ ਸੂਰਮੇ ਆਪਣੇ ਲੱਖਾਂ ਰੁਪਏ ਦੇ ਟਰੈਕਟਰ ਲੈ ਕੇ ਪੀੜਤਾਂ ਦੀ ਸੇਵਾ ਵਿੱਚ ਪਹੁੰਚ ਗਏ। 6-6 ਫੁੱਟ ਪਾਣੀ 'ਚ ਟਰੈਕਟਰ ਟੈਂਕਾਂ ਵਾਂਗੂ ਚੱਲਦੇ ਰਹੇ । ਇਕ-ਦੋ ਹਾਦਸੇ ਵੀ ਵਾਪਰ ਗਏ, ਪਰ ਸਲਾਮ ਹੈ ਇਹਨਾਂ ਨੌਜਵਾਨਾਂ ਨੂੰ, ਜਿਨ੍ਹਾਂ ਹਿੰਮਤ ਨਹੀਂ ਹਾਰੀ, ਸਗੋਂ ਪਾਣੀ ਨੂੰ ਚੀਰਦਿਆਂ, ਹੜ੍ਹਾਂ 'ਚ ਫਸੇ ਲੋਕਾਂ ਤੱਕ ਪਹੁੰਚਣ ਦਾ ਜੋਖਮ ਉਠਾਇਆ। ਨੌਜਵਾਨਾਂ ਵੱਲੋਂ ਦਲੇਰੀ ਨਾਲ ਤੇਜ਼ ਪਾਣੀ 'ਚ ਰੁੜ੍ਹੇ ਜਾਂਦੇ ਬੰਦਿਆਂ ਅਤੇ ਪਸ਼ੂਆਂ ਨੂੰ ਬਚਾਉਣ ਲਈ ਪਾਣੀ 'ਚ ਕੁੱਦ ਪੈਣ ਦੀਆਂ ਮਿਸਾਲਾਂ ਪੰਜਾਬ ਵਿੱਚ ਹੀ ਮਿਲ ਸਕਦੀਆਂ?

ਪੰਜਾਬੀਆਂ ਦਾ ਕੰਮ ਹੀ ਹੈ 'ਰੋਕਣਾ' ਕਦੇ ਧਾੜਵੀਆਂ ਨੂੰ ਤੇ ਕਦੇ ਦਰਿਆਵਾਂ ਦੇ ਮੂੰਹ। ਕਈ ਵਾਰ ਦੋਵੇਂ ਅੰਦਰ ਤੱਕ ਵੜ ਆਏ ਅਤੇ ਬਹੁਤ ਨੁਕਸਾਨ ਵੀ ਕੀਤਾ, ਪਰ ਇਹਨਾਂ ਕਦੇ ਹਾਰ ਨਹੀਂ ਮੰਨੀ। ਬੇਸ਼ੱਕ ਹੁਣ ਵੀ ਬਹੁਤ ਨੁਕਸਾਨ ਹੋ ਰਿਹਾ । ਫਸਲਾਂ ਦੀ ਬਰਬਾਦੀ ਦੇ ਨਾਲ-ਨਾਲ ਡੰਗਰਾਂ ਦਾ ਵੀ ਬੁਰਾ ਹਾਲ ਹੋਇਆ। ਕੁੱਝ ਪਸ਼ੂ ਤਾਂ ਬੰਨ੍ਹੇ ਹੋਏ ਹੀ ਅਚਾਨਕ ਆਈ ਆਫ਼ਤ ਕਾਰਨ ਮੌਤ ਦੇ ਮੂੰਹ ਜਾ ਪਏ ਤੇ ਕੁੱਝ ਪਾਣੀ ਵਿੱਚ ਵੀ ਰੁੜ੍ਹ ਗਏ । ਕਈ ਪਰਵਾਰਕ ਮੈਂਬਰ ਰੁੜ੍ਹ ਗਏ। ਮਿਹਨਤ ਨਾਲ ਬਣਾਏ ਘਰ ਸਾਮਾਨ ਸਮੇਤ ਹੀ ਮਿੰਟਾਂ 'ਚ ਪਾਣੀ ਵਿੱਚ ਸਮਾਅ ਗਏ। ਬਹੁਤ ਸਾਰੇ ਘਰਾਂ ਨੂੰ ਤਰੇੜਾਂ ਆ ਗਈਆਂ ਅਤੇ ਕਈਆਂ ਦੀਆਂ ਛੱਤਾਂ ਡਿੱਗ ਗਈਆਂ ਹਨ । ਮਨੁੱਖ ਪੂਰੀ ਜ਼ਿੰਦਗੀ ਮਿਹਨਤ ਕਰਕੇ ਇੱਕ ਵਾਰ ਹੀ ਘਰ ਬਣਾ ਪਾਉਂਦਾ ਹੈ, ਪਰ ਅਜਿਹੀ ਮਾਰ ਸਾਰੇ ਸੁਪਨੇ ਤੋੜ ਦਿੰਦੀ ਹੈ। ਖਾਸ ਕਰਕੇ ਮਜ਼ਦੂਰ ਤਾਂ ਦੁਬਾਰਾ ਘਰ ਦਾ ਸੁਪਨਾ ਹੀ ਨਹੀਂ ਵੇਖ ਸਕਦਾ । ਪੀੜਤ ਪਰਵਾਰਾਂ ਦੇ ਚਿਹਰੇ ਵੇਖ ਦਿਲ ਦਰਦ ਨਾਲ ਭਰ ਜਾਂਦਾ ਹੈ, ਪਰ ਉਹ ਫਿਰ 'ਆਪਣਿਆਂ' ਦੇ ਸਾਥ ਨਾਲ ਚੜ੍ਹਦੀ ਕਲਾ ਵਿੱਚ ਆ ਆਪਣਾ ਦੁੱਖ ਭੁੱਲ ਕੇ ਸੇਵਾ ਕਰਨ ਵਿੱਚ ਰੁੱਝ ਜਾਂਦੇ।

ਇਹ ਹੜ੍ਹਾਂ ਦੀ ਮਾਰ ਪਹਿਲੀ ਵਾਰ ਨਹੀਂ ਪਈ, ਹਰ ਸਾਲ ਦੋ ਸਾਲ ਬਾਅਦ ਇਹ ਆਫਤ ਆ ਜਾਂਦੀ ਹੈ । ਕੁਦਰਤ ਵਾਰ-ਵਾਰ ਅਹਿਸਾਸ ਕਰਾਉਂਦੀ ਹੈ ਕਿ ਉਸ ਦੇ ਸਾਹਮਣੇ ਸਭ ਮਨੁੱਖ ਬਰਾਬਰ ਹਨ ਤੇ ਉਹ ਸਮਤੋਲ ਬਣਾ ਕੇ ਚੱਲਦੀ ਹੈ । ਪਰ ਜਦੋਂ ਮਨੁੱਖ ਆਪਣੇ ਲਾਲਚਵੱਸ ਕੁਦਰਤ ਨਾਲ ਬੇਲੋੜੀ ਛੇੜਛਾੜ ਕਰਦਾ ਹੈ ਤਾਂ ਫਿਰ ਇਸ ਦਾ ਖਮਿਆਜ਼ਾ ਵੀ ਭੁਗਤਣਾ ਪੈਂਦਾ । ਹੜ੍ਹ ਕੁਦਰਤੀ ਕਰੋਪੀ ਘੱਟ ਤੇ ਮਨੁੱਖੀ ਗਲਤੀਆਂ ਦਾ ਨਤੀਜਾ ਵੱਧ ਹਨ ।ਹਿਮਾਚਲ ਪ੍ਰਦੇਸ਼ ਵਿੱਚ ਬੱਦਲ ਫਟਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ । ਪਾਣੀ ਉੱਥੇ ਨੁਕਸਾਨ ਕਰਨ ਦੇ ਨਾਲ-ਨਾਲ ਪੰਜਾਬ ਨੂੰ ਵੀ ਰੋੜ੍ਹ ਰਿਹਾ। ਪਹਾੜਾਂ ਅਤੇ ਉੱਥੋਂ ਦੇ ਦਰੱਖਤਾਂ ਦੀ ਹੋਈ ਅੰਨ੍ਹੇਵਾਹ ਕਟਾਈ ਦੇ ਕਾਰਨ ਮੀਂਹ ਦਾ ਪਾਣੀ ਰੁਕਦਾ ਨਹੀਂ, ਸਗੋਂ ਸੜਕਾਂ ਅਤੇ ਇਮਾਰਤਾਂ ਦੀ ਬਰਬਾਦੀ ਕਰਦਾ ਬਹੁਤ ਤੇਜ਼ੀ ਨਾਲ਼ ਹੇਠਾਂ ਆਉਂਦਾ ਹੈ । ਪਹਾੜ ਅੰਦਰੋਂ ਖੋਖਲੇ ਕਰ ਦਿੱਤੇ ਜਾਣ ਕਾਰਨ ਡਿੱਗ ਕੇ ਤਬਾਹੀ ਮਚਾ ਰਹੇ ਹਨ । ਸਰਕਾਰਾਂ ਦੀ ਲਾਪ੍ਰਵਾਹੀ ਕਰਕੇ ਇਹ ਸਭ ਕੁੱਝ ਵਾਪਰ ਰਿਹਾ । ਡੈਮਾਂ ਅਤੇ ਨਹਿਰੀ ਪ੍ਰਬੰਧ ਵਿੱਚ ਵੀ ਕੋਈ ਸੁਚੱਜਾ ਤਾਲਮੇਲ ਨਹੀਂ, ਜਿਸ ਕਰਕੇ ਕੁੱਝ ਇਲਾਕਿਆਂ ਵਿੱਚ ਪਾਣੀ ਲੋਕਾਂ ਦੀ ਜਾਨ ਦਾ ਖੌਅ ਬਣ ਜਾਂਦਾ ਹੈ । ਨਦੀਆਂ-ਨਾਲ਼ਿਆਂ ਦੇ ਕਿਨਾਰਿਆਂ 'ਤੇ ਹੋਣ ਵਾਲ਼ੀਆਂ ਗੈਰ ਯੋਜਨਾਬੱਧ ਉਸਾਰੀਆਂ ਕਾਰਨ ਵੀ ਇਨ੍ਹਾਂ ਦੇ ਕੰਢੇ ਬਹੁਤ ਤੰਗ ਹੋ ਜਾਂਦੇ ਹਨ ਅਤੇ ਪਿੱਛੋਂ ਬਹੁਤੀ ਮਾਤਰਾ 'ਚ ਆਉਣ ਵਾਲੇ ਪਾਣੀ ਨੂੰ ਇਹ ਸੰਭਾਲ ਨਹੀਂ ਸਕਦੇ । ਦਰਿਆਵਾਂ ਅੰਦਰ ਹੋਏ ਨਜ਼ਾਇਜ਼ ਕਬਜ਼ੇ ਵੀ ਹੜ੍ਹ ਦਾ ਵੱਡਾ ਕਾਰਨ ਬਣ ਰਹੇ ਹਨ । ਨਹਿਰਾਂ-ਨਾਲਿਆਂ ਤੇ ਡਰੇਨਜ਼ ਦੀ ਸਮੇਂ ਸਿਰ ਸਫਾਈ ਨਹੀਂ ਕੀਤੀ ਜਾਂਦੀ । ਗੈਰ ਕਾਨੂੰਨੀ ਮਾਈਨਿੰਗ ਵੀ ਖਤਰਨਾਕ ਹੈ । ਰੇਤ ਪਾਣੀ ਨੂੰ ਰੋਕਣ ਵਿੱਚ ਸਹਾਈ ਹੁੰਦੀ, ਪਰ ਲਾਲਚਵੱਸ ਵੱਡੀ ਮਾਤਰਾ ਵਿੱਚ ਕੱਢਣ ਕਾਰਨ ਨੁਕਸਾਨ ਹੋ ਰਿਹਾ । ਕਈ ਬੰਨ੍ਹ ਵਾਰ-ਵਾਰ ਟੁੱਟ ਜਾਂਦੇ ਹਨ, ਕਿਉਂਕਿ ਉੱਥੇ ਰੁੱਖ ਅਤੇ ਬਨਸਪਤੀ ਦੀ ਘਾਟ ਹੈ, ਜੋ ਮਿੱਟੀ ਦੀ ਮਜ਼ਬੂਤੀ ਵਿੱਚ ਸਹਾਈ ਹੁੰਦੀ, ਪਰ ਸਰਕਾਰਾਂ ਵੱਲੋਂ ਇਸ ਪਾਸੇ ਧਿਆਨ ਹੀ ਨਹੀਂ ਦਿੱਤਾ ਜਾਂਦਾ । ਮਾਧੋਪੁਰ ਹੈੱਡਵਰਕਸ ਦੇ ਫਲੱਡ ਗੇਟ ਦਾ ਟੁੱਟ ਜਾਣਾ ਅਣਗਹਿਲੀ ਦਾ ਨਤੀਜਾ ਹੈ। ਜੇ



ਸਰਕਾਰਾਂ ਸਮੇਂ ਸਿਰ ਉਚਿੱਤ ਪ੍ਰਬੰਧ ਕਰਦੀਆਂ ਤਾਂ ਇਸ ਭਿਆਨਕ ਤਬਾਹੀ ਨੂੰ ਰੋਕਿਆ ਜਾ ਸਕਦਾ ਸੀ ਜਾਂ ਕਈ ਗੁਣਾਂ ਘਟਾਇਆ ਜਾ ਸਕਦਾ ਸੀ।

ਕੇਂਦਰ ਸਰਕਾਰ ਨੇ ਤਾਂ ਹਰ ਵਾਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ । ਹੁਣ ਵੀ ਏਨਾ ਨੁਕਸਾਨ ਹੋਣ ਦੇ ਬਾਵਜੂਦ ਕੋਈ ਰਾਹਤ ਦੇਣ ਦਾ ਐਲਾਨ ਨਹੀਂ ਕੀਤਾ ਗਿਆ । ਜੇ ਮੁਸੀਬਤ ਸਮੇਂ ਕੋਈ ਸੱਚਮੁੱਚ ਪੀੜਤ ਲੋਕਾਂ ਨਾਲ ਖੜਾ ਨਜ਼ਰ ਆਇਆ ਤਾਂ ਉਹ ਹੈ ਵੱਖ-ਵੱਖ ਸੰਸਥਾਵਾਂ ਅਤੇ ਅੰਮ੍ਰਿਤਸਰ ਦੀ ਡੀ ਸੀ ਸਾਕਸ਼ੀ ਸਾਹਨੀ । ਜੋ ਲੋਕਾਂ ਦੀ ਮਦਦ ਲਈ ਲਗਾਤਾਰ ਅਣਥੱਕ ਮਿਹਨਤ ਕਰ ਰਹੀ ਹੈ । ਦੂਜੇ ਅਧਿਕਾਰੀਆਂ ਨੂੰ ਵੀ ਆਪਣੇ ਫਰਜ਼ ਇਮਾਨਦਾਰੀ ਨਾਲ ਨਿਭਾਉਣੇ ਚਾਹੀਦੇ ਹਨ । ਸੰਸਥਾਵਾਂ ਵੱਲੋਂ ਲੰਗਰ ਦੀ ਕੋਈ ਕਮੀ ਨਹੀਂ ਛੱਡੀ ਗਈ । ਇਸ ਕਰਕੇ ਸਰਕਾਰ ਲਈ ਹੁਣ ਫੌਰੀ ਕੰਮ ਹੈ ਵਧੇਰੇ ਬੇੜੀਆਂ ਦਾ ਇੰਤਜ਼ਾਮ ਕਰਨਾ, ਕਿਉਂਕਿ ਹਾਲੇ ਵੀ ਬਹੁਤ ਪਿੰਡ ਡੂੰਘੇ ਪਾਣੀ ਵਿੱਚ ਘਿਰੇ ਹੋਏ ਹਨ । ਉਹਨਾ ਤੱਕ ਪਹੁੰਚਣ ਵਿੱਚ ਮੁਸ਼ਕਲ ਆ ਰਹੀ ਹੈ । ਦੂਜਾ ਹੈ ਵੈਟਰਨਰੀ ਡਾਕਟਰਾਂ ਦਾ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪਹੁੰਚਣਾ ਕਿਉਂਕਿ ਪਾਣੀ ਵਿੱਚ ਫਸੇ ਪਸ਼ੂ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਤੀਜਾ ਹੈ ਪੀਣ ਵਾਲੇ ਪਾਣੀ, ਤਰਪਾਲਾਂ ਅਤੇ ਪਸ਼ੂਆਂ ਲਈ ਚਾਰੇ ਦੀ ਘਾਟ ਕਿਉਂਕਿ ਹਾਲੇ ਵੀ ਮੀਂਹ ਪੈ ਰਿਹਾ ਹੈ। ਸਰਕਾਰ ਜਲਦ ਤੋਂ ਜਲਦ ਇਹ ਪ੍ਰਬੰਧ ਕਰੇ।

ਫਿਰ ਅਗਲੇ ਕੰਮਾਂ ਵੱਲ ਧਿਆਨ ਦੇਣ ਦੀ ਲੋੜ ਪਵੇਗੀ। ਜਦੋਂ ਹੜ੍ਹਾਂ ਦਾ ਪਾਣੀ ਉੱਤਰ ਜਾਵੇਗਾ ਤਾਂ ਵੀ ਲੋਕਾਂ ਨੂੰ ਇਸ ਭਿਆਨਕ ਤਬਾਹੀ 'ਚੋਂ ਉਭਰਨ ਲਈ ਬਹੁਤ ਲੰਬਾ ਸਮਾਂ ਲੱਗਣਾ । ਦੁਬਾਰਾ ਖੇਤਾਂ ਨੂੰ ਸੁਆਰ ਕੇ ਫ਼ਸਲ ਜੋਗੇ ਕਰਨ ਲਈ ਲੱਖਾਂ ਲੀਟਰ ਡੀਜ਼ਲ, ਜੇ.ਸੀ.ਬੀ, ਟਰੈਕਟਰ ਟਰਾਲੇ ਚਾਹੀਦੇ । ਢੱਠੇ ਘਰਾਂ ਦੇ ਨੁਕਸਾਨ, ਪਸ਼ੂ ਡੰਗਰ ਦੇ ਘਾਟੇ ਨੂੰ ਪੂਰਾ ਕਰਨ ਲਈ ਬੜੀ ਲੰਬੀ ਜੱਦੋ-ਜਹਿਦ ਦੀ ਲੋੜ ਹੈ। ਬਹੁਤ ਵੱਡੀ ਮਦਦ ਦੀ ਲੋੜ ਪਵੇਗੀ। ਜੋ ਕਿਸੇ ਇਕ-ਦੋ ਸੰਸਥਾਵਾਂ ਦੇ ਵੱਸ ਨਹੀਂ। ਇਸ ਲਈ ਸਰਕਾਰ ਨੂੰ ਲੋਕਾਂ ਦੇ ਮੁੜ-ਵਸੇਬੇ ਦਾ ਉਚਿੱਤ ਇੰਤਜ਼ਾਮ ਕਰਨਾ ਚਾਹੀਦਾ ਹੈ। ਜਾਨੀ-ਮਾਲੀ ਨੁਕਸਾਨ ਦਾ ਢੁਕਵਾਂ ਮੁਆਵਜ਼ਾ ਦੇਣ ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਜ਼ਿੰਦਗੀ ਲੀਹ 'ਤੇ ਲਿਆਂਦੀ ਜਾ ਸਕੇ। ਬਰਸਾਤਾਂ ਤੋਂ ਬਾਅਦ ਦਰਿਆਵਾਂ ਵਿੱਚੋਂ ਮਿੱਟੀ ਕੱਢਣੀ ਬੇਹੱਦ ਜ਼ਰੂਰੀ ਹੈ। ਨਜਾਇਜ਼ ਕਬਜ਼ੇ ਹਟਾਏ ਜਾਣ ਲਈ ਵੀ ਸਰਕਾਰ ਨੂੰ ਯਤਨ ਕਰਨੇ ਚਾਹੀਦੇ ਹਨ । ਬਰਸਾਤਾਂ ਦੇ ਪਾਣੀ ਨੂੰ ਸੰਭਾਲਣ ਦੀ ਵੀ ਵਿਆਪਕ ਯੋਜਨਾ ਬਣਾਉਣ ਦੀ ਲੋੜ ਹੈ। ਅੱਜ ਤਕਨੀਕ ਨੇ ਜਦੋਂ ਬਹੁਤ ਵਿਕਾਸ ਕਰ ਲਿਆ ਹੈ ਤਾਂ ਇਸ ਦਾ ਫਾਇਦਾ ਲੈਣਾ ਚਾਹੀਦਾ ਹੈ, ਜਿਸ ਨਾਲ ਬੰਨ੍ਹਾਂ ਨੂੰ ਮਜ਼ਬੂਤ ਬਣਾਇਆ ਜਾ ਸਕਦਾ ਹੈ । ਜਦੋਂ 100 ਫੁੱਟ ਪਾਣੀ ਵਿੱਚ ਚੱਲਣ ਵਾਲੇ SMVN 1200 (ਬੰਬੂਕਾਟ) ਜਹੇ ਸਾਧਨ ਬਣੇ ਹੋਏ ਹਨ ਤਾਂ ਇਹ ਪੰਜਾਬ ਕੋਲ ਹੰਗਾਮੀ ਹਾਲਾਤ ਵਾਸਤੇ ਹੋਣੇ ਜ਼ਰੂਰੀ ਹਨ, ਕਿਉਂਕਿ ਹਰ ਹਾਲਤ ਪਾਣੀ, ਪੱਥਰ ਜਾਂ ਦਲਦਲ ਹੋਵੇ, ਉਥੇ ਵੀ ਚੱਲਣ ਦੀ ਸਮਰੱਥਾ ਰੱਖਦੇ ਹਨ। ਇਸ ਕਰਕੇ ਸਰਕਾਰ ਨੂੰ ਇਹਨਾਂ ਸਭ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਤਾਂ ਕਿ ਹਰ ਸਾਲ ਹੁੰਦੇ ਵੱਡੇ ਨੁਕਸਾਨ ਤੋਂ ਬਚਿਆ ਜਾ ਸਕੇ । ਅਸੀਂ ਕਾਮਨਾ ਕਰਦੇ ਹਾਂ ਪੰਜਾਬੀਆਂ ਦੀ ਇਹ ਸਾਂਝ ਇਸੇ ਤਰ੍ਹਾਂ ਹਮੇਸ਼ਾ ਬਰਕਰਾਰ ਰਹੇ । ਪੰਜਾਬ ਹਰਿਆ-ਭਰਿਆ ਤੇ ਚੜ੍ਹਦੀ ਕਲਾ ਵਿੱਚ ਆਬਾਦ ਰਹੇ !

**# ਸੰਪਰਕ : 94641-13255**

# ਕੈਬਨਿਟ ਮੰਤਰੀ ਅਮਨ ਅਰੋੜਾ ਤੇ ਬਰਿੰਦਰ ਗੋਇਲ ਵੱਲੋਂ ਘੱਗਰ ਨਾਲ ਲੱਗਦੇ ਇਲਾਕਿਆਂ ਦਾ ਦੌਰਾ

## ਸੂਬੇ ਨੂੰ ਮੌਜੂਦਾ ਸਥਿਤੀ 'ਚੋਂ ਬਾਹਰ ਕੱਢਣ ਲਈ ਸਰਕਾਰ ਵੱਲੋਂ ਲਗਾਤਾਰ ਯਤਨ ਜਾਰੀ : ਅਰੋੜਾ ਤੇ ਗੋਇਲ



**ਸੰਗਰੂਰ, ਮਕਰੋੜ ਸਾਹਿਬ/ਮੂਨਕ (ਪ੍ਰਵੀਨ ਸਿੰਘ/ਰਾਜਪਾਲ ਸਿੰਗਲਾ)**-ਭਾਰੀ ਮੀਂਹ ਤੇ ਪਹਾੜੀ ਖੇਤਰਾਂ ਵਿੱਚ ਬੱਦਲ ਫਟਣ ਕਾਰਨ ਘੱਗਰ ਦਰਿਆ ਵਿੱਚ ਪੈਦਾ ਹੋਈ ਸਥਿਤੀ ਦਾ ਜਾਇਜ਼ਾ ਲੈਣ ਲਈ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਤੇ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਮੰਗਲਵਾਰ ਮਕਰੋੜ ਸਾਹਿਬ ਦਾ ਦੌਰਾ ਕੀਤਾ।ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ, ਐੱਸ ਡੀ ਐੱਮ ਮੂਨਕ ਸ੍ਰ. ਸੂਬਾ ਸਿੰਘ ਤੇ ਵੱਡੀ ਗਿਣਤੀ ਵਿੱਚ ਸਥਾਨਕ ਲੋਕ ਹਾਜ਼ਰ ਸਨ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਅਰੋੜਾ ਤੇ ਸ੍ਰੀ ਗੋਇਲ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਭਾਰੀ ਮੀਂਹ ਤੇ ਪਹਾੜੀ ਖੇਤਰਾਂ ਵਿੱਚ ਬੱਦਲ ਫਟਣ ਦੀਆਂ ਘਟਨਾਵਾਂ ਕਾਰਨ ਪੰਜਾਬ ਨੂੰ ਕੁਦਰਤ ਦੀ ਬਹੁਤ ਵੱਡੀ ਮਾਰ ਪਈ ਹੈ।ਪੰਜਾਬ ਇਸ ਵੇਲੇ ਬਹੁਤ ਹੀ ਤਰਸਯੋਗ ਹਾਲਤ ਵਿੱਚੋਂ ਗੁੱਜਰ ਰਿਹਾ ਹੈ।ਉਨ੍ਹਾਂ ਕਿਹਾ ਕਿ ਸੂਬੇ ਨੂੰ ਇਸ ਸਥਿਤੀ ਵਿੱਚੋਂ ਬਾਹਰ ਕੱਢਣ ਲਈ ਪੰਜਾਬ ਸਰਕਾਰ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਹੁਣ ਤੱਕ 15,688 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ, ਰਾਹਤ ਕੈਂਪਾਂ ਵਿੱਚ ਹਜ਼ਾਰਾਂ ਪ੍ਰਭਾਵਿਤ ਨਿਵਾਸੀ ਆਪਣਾ ਸਮਾਂ ਬਤੀਤ ਕਰ ਰਹੇ ਹਨ। ਮੌਜੂਦਾ ਸਮੇਂ 12 ਜ਼ਿਲ੍ਹਿਆਂ ਤੋਂ 1,000 ਤੋਂ ਵੱਧ ਪਿੰਡ ਪਾਣੀ ਵਿੱਚ ਡੁੱਬੇ ਹੋਏ ਹਨ ਜਾਂ ਬਹੁਤ ਜ਼ਿਆਦਾ ਪ੍ਰਭਾਵਿਤ ਹਨ।ਅੰਦਾਜ਼ਨ 94,000 ਹੈਕਟੇਅਰ ਖੇਤੀ ਯੋਗ ਜ਼ਮੀਨ, ਜਿਸ ਵਿੱਚ ਵਾਢੀ ਦੇ ਨੇੜੇ ਝੋਨੇ ਦੇ ਖੇਤ ਵੀ ਸ਼ਾਮਲ ਹਨ, ਡੁੱਬ ਗਏ ਹਨ।ਘੱਗਰ ਦਰਿਆ ਦੀ ਸਥਿਤੀ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਦਰਿਆ ਵਿੱਚ ਇਸ ਵੇਲੇ 12000 ਕਿਊਸਿਕ ਪਾਣੀ ਚੱਲ ਰਿਹਾ ਹੈ, ਜਦਕਿ ਇਸ ਦੀ ਪਾਣੀ ਸੰਭਾਲਣ ਦੀ ਸਮਰੱਥਾ 12200 ਕਿਊਸਿਕ ਹੈ, ਜਦਕਿ ਪਾਣੀ ਦਾ ਪੱਧਰ 747.7 ਫੁੱਟ ਹੈ, ਜੋ ਖਤਰੇ ਦਾ ਨਿਸ਼ਾਨ 748 ਫੁੱਟ ਉੱਤੇ ਹੈ। ਉਨ੍ਹਾਂ ਲੋਕਾਂ ਵੱਲੋਂ ਮਿਲ ਰਹੇ ਸਹਿਯੋਗ ਤੇ ਜਜ਼ਬੇ ਨੂੰ ਸਲਾਮ ਕਰਦਿਆਂ ਕਿਹਾ ਕਿ ਇਸ ਮੁਸ਼ਕਲ ਘੜੀ ਵਿੱਚ ਸਾਨੂੰ ਸਾਰਿਆਂ ਧਿਰਾਂ ਨੂੰ ਇਕੱਠੇ ਹੋ ਕੇ ਪੀੜਤ ਲੋਕਾਂ ਦੀ ਬਾਂਹ ਫੜਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੇਂਦਰ ਸਰਕਾਰ ਨੂੰ ਕਿਸਾਨਾਂ ਤੇ ਮੁੜ ਵਸੇਬੇ ਦੇ ਯਤਨਾਂ ਦਾ ਸਮਰਥਨ ਕਰਨ ਲਈ 60,000 ਕਰੋੜ ਦੇ ਬਕਾਇਆ ਫੰਡ ਜਾਰੀ ਕਰਨ ਤੇ ਮੁਆਵਜ਼ਾ ਭੁਗਤਾਨ ਵਧਾ ਕੇ 50,000 ਪ੍ਰਤੀ ਏਕੜ ਕਰਨ ਦੀ ਅਪੀਲ ਕੀਤੀ ਹੈ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਪੰਜਾਬ ਲਈ ਜਲਦ ਤੋਂ ਜਲਦ ਇਹ ਫੰਡ ਜਾਰੀ ਕਰਨੇ ਚਾਹੀਦੇ ਹਨ।

ਦੱਸਣਯੋਗ ਹੈ ਕਿ ਮੌਜੂਦਾ ਹੜ੍ਹ ਸਥਿਤੀ ਅਤੇ ਘੱਗਰ ਦਰਿਆ ਵਿੱਚ ਵਧੇ ਹੋਏ ਪਾਣੀ ਦੇ ਪੱਧਰ ਨੂੰ ਦੇਖਦੇ ਹੋਏ, ਡਿਪਟੀ ਕਮਿਸ਼ਨਰ ਸੰਗਰੂਰ, ਸ੍ਰੀ ਰਾਹੁਲ ਚਾਬਾ ਨੇ ਜ਼ਿਲ੍ਹਾ ਸੰਗਰੂਰ ਵਿੱਚੋਂ ਲੰਘਦੇ ਘੱਗਰ ਦਰਿਆ ਦੇ ਕੰਢਿਆਂ 'ਤੇ ਰਾਤ ਦੀ ਚੌਕਸੀ (ਠੀਕਰੀ ਪਹਿਰੇ) ਸ਼ੁਰੂ ਕਰਨ ਦੇ ਹੁਕਮ ਦਿੱਤੇ ਹਨ।ਇਸ ਤੋਂ ਇਲਾਵਾ ਰਾਤ ਸਮੇਂ ਦਰਿਆ ਦੇ ਕੰਢਿਆਂ 'ਤੇ ਪੁਲਸ ਗਸ਼ਤ ਦੇ ਨਿਰਦੇਸ਼ ਵੀ ਦਿੱਤੇ ਹਨ।ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਸੁਚੇਤ ਰਹਿਣ ਦੀ ਸਲਾਹ ਦਿੱਤੀ ਗਈ ਹੈ ਅਤੇ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਉਹ ਸਿੰਚਾਈ ਵਿਭਾਗ ਨਾਲ 87250-29785 'ਤੇ ਜਾਂ ਜ਼ਿਲ੍ਹਾ ਪ੍ਰਸ਼ਾਸਨ ਨਾਲ 01672-234196 'ਤੇ ਸੰਪਰਕ ਕਰ ਸਕਦੇ ਹਨ।

# ਮਨਰੇਗਾ ਕੰਮਾਂ 'ਚ ਕਟੌਤੀ ਮਜ਼ਦੂਰਾਂ ਦੇ ਰੁਜ਼ਗਾਰ ਨੂੰ ਖਤਮ ਕਰਨ ਦੀ ਚਾਲ : ਚੌਹਾਨ



**ਮਾਨਸਾ (ਆਤਮਾ ਸਿੰਘ ਪਮਾਰ)**-3 ਸਤੰਬਰ ਨੂੰ ਪੰਜਾਬ ਖੇਤ ਮਜ਼ਦੂਰ ਸਭਾ ਤੇ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਏਟਕ ਵੱਲੋਂ ਮਨਰੇਗਾ ਕਾਨੂੰਨ ਵਿੱਚ ਕਟੌਤੀ ਵਾਪਸ ਲੈਣ, ਹੜ੍ਹ ਪੀੜਤਾਂ ਨੂੰ ਯੋਗ ਮੁਆਵਜ਼ਾ ਦਿਵਾਉਣ, ਮੀਂਹ ਨਾਲ ਨੁਕਸਾਨੇ ਘਰਾਂ ਲਈ ਯੋਗ ਮੁਆਵਜ਼ਾ, ਕੱਟੇ ਗਏ ਰਾਸ਼ਨ ਕਾਰਡ ਬਹਾਲ ਕਰਾਉਣ ਸਮੇਤ ਮਜ਼ਦੂਰ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਦੀ ਤਿਆਰੀ ਸਬੰਧੀ ਵੱਖ-ਵੱਖ ਪਿੰਡਾਂ ਖਿਆਲਾਂ, ਨੰਗਲ ਖੁਰਦ, ਬਰਨਾਲਾ, ਖਿਲਣ, ਕੋਟ ਲੱਲੂ, ਮਾਨਸਾ ਖੁਰਦ, ਦਲੇਲ ਸਿੰਘ ਵਾਲਾ ਵਿਖੇ ਭਰਵੀਆਂ ਤਿਆਰੀ ਮੀਟਿੰਗਾਂ ਕੀਤੀਆਂ ਗਈਆਂ।ਸਾਥੀ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ 2023 'ਚ ਆਏ ਹੜ੍ਹਾਂ ਤੋਂ ਸਬਕ ਲੈਂਦਿਆਂ ਤੇ ਸਮਾਂ ਰਹਿੰਦਿਆਂ ਡਰੇਨਾਂ, ਨਾਲਿਆਂ ਦੀ ਸਫ਼ਾਈ ਕੀਤੀ ਹੁੰਦੀ ਤੇ ਬੰਨ੍ਹ ਮਜ਼ਬੂਤ ਕੀਤੇ ਹੁੰਦੇ ਤਾ ਹੜ੍ਹਾਂ ਦਾ ਏਨਾ ਭਿਆਨਕ ਮੰਜ਼ਰ ਨਾ ਦੇਖਣਾ ਪੈਂਦਾ ਤੇ ਘਰਾਂ, ਫ਼ਸਲਾਂ ਤੇ ਪਾਲਤੂ ਪਸ਼ੂਆ ਦਾ ਐਨੇ ਵੱਡੇ ਪੈਮਾਨੇ ਤੇ ਨੁਕਸਾਨ ਤੋਂ ਬਚਿਆ ਜਾ ਸਕਦਾ ਸੀ।ਕਮਿਊਨਿਸਟ ਆਗੂ ਚੌਹਾਨ ਨੇ ਕਿਹਾ ਕਿ ਮੋਦੀ ਤੇ ਮਾਨ ਸਰਕਾਰ ਲੁੱਕਣ ਮੀਚੀ ਦੀ ਖੇਡ ਕਰਕੇ ਲੋਕਾਂ ਨੂੰ ਗੁੰਮਰਾਹ ਕਰ ਰਹੀਆਂ ਹਨ।ਉਨ੍ਹਾਂ ਮਨਰੇਗਾ ਕਾਨੂੰਨ ਨੂੰ ਲਾਗੂ ਕਰਵਾਉਣ ਲਈ, ਜਨਤਕ ਵੰਡ ਪ੍ਰਣਾਲੀ, ਸਮਾਜਿਕ ਸੁਰੱਖਿਆ ਸਮੇਤ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਲਈ ਅੱਗੇ ਆਉਣ ਦੀ ਅਪੀਲ ਵੀ ਕੀਤੀ।

# ਫਿਲਪੀਨਜ਼ ਬੈਠੇ ਸਾਈਬਰ ਠੱਗਾਂ ਨੂੰ ਬੈਂਕ ਖਾਤੇ ਤੇ ਸਿਮ ਕਾਰਡ ਮੁਹੱਈਆ ਕਰਾਉਣ ਵਾਲਾ ਗਰੋਹ ਕਾਬੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਐਸ.ਐਸ.ਪੀ ਸ੍ਰੀ ਵਰੁਣ ਸ਼ਰਮਾ ਆਈ.ਪੀ.ਐਸ ਦੀ ਨਿਗਰਾਨੀ ਹੇਠ ਪਟਿਆਲਾ ਪੁਲਿਸ ਦੀ ਸਾਈਬਰ ਕਰਾਇਮ ਟੀਮ ਨੇ ਆਸਵੰਤ ਸਿੰਘ ਪੀ.ਪੀ.ਐਸ, ਐਸ.ਪੀ ਸਾਈਬਰ ਕਰਾਇਮ ਤੇ ਆਰਥਿਕ ਅਪਰਾਧ, ਪਟਿਆਲਾ ਤੇ ਇੰਸਪੈਕਟਰ ਤਰਨਦੀਪ ਕੌਰ, ਐਸ.ਐਚ.ਓ ਥਾਣਾ ਸਾਈਬਰ ਕ੍ਰਾਈਮ ਪਟਿਆਲਾ ਦੀ ਅਗਵਾਈ ਹੇਠ ਪਟਿਆਲੇ ਦੇ ਇੱਕ ਅਜਿਹੇ ਗਿਰੋਹ ਨੂੰ ਫੜਿਆ ਹੈ, ਜੋ ਫਿਲੀਪੀਨਜ਼ ਬੈਠੇ ਸਾਈਬਰ ਠੱਗਾਂ ਨੂੰ ਪੈਸੇ ਲੈ ਕੇ ਸਾਈਬਰ ਠੱਗੀ ਮਾਰਨ ਲਈ ਬੈਂਕ ਖਾਤੇ ਤੇ ਮੋਬਾਇਲ ਸਿੰਮ ਕਾਰਡ ਮੁਹੱਈਆ ਕਰਾ ਰਿਹਾ ਸੀ।ਆਮ ਲੋਕਾਂ ਦੇ ਨਾਂਅ 'ਤੇ ਲਏ ਗਏ ਇਨ੍ਹਾਂ ਮੋਬਾਇਲ ਸਿਮਾਂ ਰਾਹੀਂ ਫਿਲੀਪੀਨਜ਼ ਬੈਠੇ ਸਾਈਬਰ ਠੱਗਾਂ ਵੱਲੋਂ ਭੋਲੇ ਭਾਲੇ ਲੋਕਾਂ ਨੂੰ ਫੋਨ ਕਰਕੇ ਉਨ੍ਹਾਂ ਨੂੰ ਡਿਜੀਟਲ ਅਰੈਸਟ ਦਾ ਡਰਾਵਾ ਦੇ ਕੇ ਜਾਂ ਨਿਵੇਸ਼ ਸਕੀਮਾਂ ਦਾ ਝਾਂਸਾ ਦੇ ਕੇ ਸਾਈਬਰ ਧੋਖਾਧੜੀ ਦਾ ਸ਼ਿਕਾਰ ਬਣਾ ਕੇ ਇਨ੍ਹਾਂ ਆਮ ਲੋਕਾਂ ਦੇ ਨਾਂਅ 'ਤੇ ਖੋਲ੍ਹੇ ਗਏ ਬੈਂਕ ਖਾਤਿਆਂ ਵਿੱਚ ਪੈਸੇ ਪੁਆ ਲਏ ਜਾਂਦੇ ਸਨ ਤੇ ਫਿਰ ਇਸ ਪੈਸੇ ਨੂੰ ਹੋਰ ਬੈਂਕ ਖਾਤਿਆਂ ਵਿਚੋਂ ਘੁਮਾ ਕੇ ਕਢਵਾ ਲਿਆ ਜਾਂਦਾ ਸੀ।ਹੁਣ ਤੱਕ ਇਸ ਗਿਰੋਹ ਦੇ 4 ਮੈਂਬਰਾ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ।ਪੰਕਜ, ਅਰਸ਼ਦੀਪ ਤੇ ਮੰਗਾ ਸਿੰਘ (ਸਾਰੇ ਪਟਿਆਲਾ ਦੇ ਵਾਸੀ) ਵੱਲੋਂ ਚਲਾਇਆ ਜਾ ਰਿਹਾ ਇਹ ਗਿਰੋਹ ਭੋਲੇ ਭਾਲੇ ਨੌਜਵਾਨਾ ਨੂੰ ਨੌਕਰੀ ਦੇਣ ਦਾ ਝਾਂਸਾ ਦੇ ਕੇ ਉਨ੍ਹਾਂ ਦਾ ਸੈਲਰੀ ਖਾਤੇ ਉਨ੍ਹਾਂ ਦੇ ਨਾਂਅ 'ਤੇ ਖੁਲ੍ਹਵਾ ਕੇ ਉਸ ਖਾਤੇ ਦਾ ਸਾਰਾ ਵੇਰਵਾ, ਏ ਟੀ ਐਮ ਕਾਰਡ ਅਤੇ ਨੈੱਟ ਬੈਂਕਿੰਗ ਦਾ ਵੇਰਵਾ ਆਪਣੇ ਕੋਲ ਰੱਖ ਲੈਂਦੇ ਸਨ।ਫਿਰ ਇਸ ਬੈਂਕ ਖਾਤੇ ਦਾ ਏ.ਟੀ.ਐਮ ਅਤੇ ਨੈੱਟ ਬੈਂਕਿੰਗ ਦਾ ਵੇਰਵਾ ਫਿਲੀਪੀਨਜ਼ ਬੈਠੇ ਸਾਈਬਰ ਠੱਗਾਂ ਬਾਬੂ ਅਤੇ ਸੂਮੀ (ਜੋ ਪੰਜਾਬੀ ਮੂਲ ਦੇ ਹਨ) ਨੂੰ ਵੇਚ ਦਿੰਦੇ ਸਨ।ਇਨ੍ਹਾਂ ਵੱਲੋਂ ਇੱਕ ਸੇਵਿੰਗ ਬੈਂਕ ਖਾਤਾ 10,000/-ਰੁਪਏ ਅਤੇ ਇੱਕ ਕਰੰਟ ਬੈਂਕ ਖਾਤਾ 40,000/-ਰੁਪਏ ਵਿੱਚ ਵੇਚਿਆ ਜਾਂਦਾ ਸੀ।ਹੁਣ ਤੱਕ ਇਸ ਗੈਂਗ ਨੇ 30 ਤੋਂ ਵੱਧ ਬੈਂਕ ਖਾਤੇ ਫਿਲੀਪੀਨਜ਼ ਬੈਠੇ ਸਾਈਬਰ ਠੱਗਾ ਨੂੰ ਵੇਚੇ ਹਨ, ਜਿਨ੍ਹਾਂ ਵੱਲੋਂ ਕੁੱਝ ਮਹੀਨਿਆਂ ਵਿੱਚ ਹੀ ਇਨ੍ਹਾ ਬੈਂਕ ਖਾਤਿਆਂ ਰਾਹੀਂ ਕਰੋੜਾਂ ਰੁਪਏ ਦੀ ਧੋਖਾਧੜੀ ਕੀਤੀ ਗਈ ਹੈ।ਇਨ੍ਹਾਂ ਮਿਊਲ ਬੈਂਕ ਖਾਤਿਆਂ ਵਿੱਚ ਹੋਏ ਲੈਣ-ਦੇਣ ਦੀ ਪੂਰੀ ਜਾਣਕਾਰੀ ਬੈਂਕਾਂ ਤੋਂ ਪ੍ਰਾਪਤ ਕੀਤੀ ਜਾ ਰਹੀ ਹੈ।

ਇਸ ਗਰੋਹ ਨੇ ਚੌਰਾ ਰੋਡ ਪਟਿਆਲਾ ਵਿਖੇ ਕੁੱਝ ਸਮੇਂ ਲਈ ਇੱਕ ਅਣ-ਅਧਿਕਾਰਤ ਡੀ-ਐਡੀਕਸ਼ਨ ਸੈਂਟਰ ਵੀ ਚਲਾਇਆ ਸੀ ਅਤੇ ਨਸ਼ਾ ਕਰਨ ਵਾਲਿਆ ਨੂੰ 500/-ਰੁਪਏ ਪ੍ਰਤੀ ਸਿਮ ਦਾ ਲਾਲਚ ਦੇ ਕੇ ਉਨ੍ਹਾਂ ਦੇ ਨਾਵਾਂ 'ਤੇ ਨਵੇਂ ਸਿਮ ਕਾਰਡ ਖਰੀਦ ਲਏ।ਇਹ ਸਿੰਮ ਕਾਰਡ ਵੀ ਅੱਗੇ ਫਿਲੀਪੀਨਜ਼ ਬੈਠੇ ਸਾਈਬਰ ਠੱਗਾ ਨੂੰ ਵੇਚੇ ਜਾਂਦੇ ਸਨ ਅਤੇ ਕੋਰੀਅਰ ਰਾਹੀ ਟੀ.ਸ਼ਰਟ ਦੀ ਸੀਨ ਵਿੱਚ ਲੁਕਾ ਛੁਪਾ ਕੇ ਫਿਲੀਪੀਨਜ਼ ਭੇਜੇ ਜਾਂਦੇ ਸਨ।ਹੁਣ ਤੱਕ ਇਸ ਗੈਂਗ ਨੇ ਲਗਭਗ 50 ਸਿਮ ਕਾਰਡ ਫਿਲੀਪੀਨਜ਼ ਭੇਜੇ ਹਨ।

ਇਸ ਮਾਮਲੇ ਸਬੰਧੀ ਮੁਕੱਦਮਾ ਨੰਬਰ 29 ਮਿਤੀ 27.08.2025 ਅ/ਧ 316(2), 318(4), 336(3), 338, 340(2), 351(2), 61(2) ਬੀ.ਐਨ.ਐਸ ਅਤੇ 66-ਸੀ ਆਈ.ਟੀ ਐਕਟ ਥਾਣਾ ਸਾਈਬਰ ਕ੍ਰਾਈਮ ਪਟਿਆਲਾ ਦਰਜ ਰਜਿਸਟਰ ਕੀਤਾ ਗਿਆ ਹੈ, ਜਿਸ ਵਿੱਚ ਹੁਣ ਤੱਕ 4 ਦੋਸ਼ੀ ਗ੍ਰਿਫ਼ਤਾਰ ਕੀਤੇ ਗਏ ਹਨ।ਫਿਲੀਪੀਨਜ਼ ਬੈਠੇ ਸਾਈਬਰ ਠੱਗਾਂ ਬਾਬੂ ਤੇ ਸੂਮੀ ਦੇ ਪੰਜਾਬ ਕਨੈਕਸ਼ਨ ਸਬੰਧੀ ਤਫਤੀਸ਼ ਜਾਰੀ ਹੈ ਤਾਂ ਜੁ ਇਸ ਸਾਈਬਰ ਧੋਖਾਧੜੀ ਦੇ ਪੂਰੇ ਜਾਲ ਨੂੰ ਬੇਨਕਾਬ ਕੀਤਾ ਜਾ ਸਕੇ।

## ਕਾਤਰਾਂ

### ਕੌਂਸਲਰ ਦਾ ਪਤੀ ਕੈਪਸੂਲਾਂ ਤੇ ਨਾਲ ਦਾ ਚਿੱਟੇ ਸਮੇਤ ਕਾਬੂ

**ਬਠਿੰਡਾ (ਰਾਜੀਵ ਗੋਇਲ)**-ਥਾਣਾ ਭਗਤਾ ਦੀ ਪੁਲਸ ਵੱਲੋਂ ਜ਼ਿਲ੍ਹੇ ਦੇ ਪਿੰਡ ਮਲੂਕਾ ਨਾਲ ਸੰਬੰਧਤ ਦੋ ਲੋਕਾਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ ਇੱਕ ਵਿਅਕਤੀ ਪਾਸੋਂ ਕਰੀਬ 450 ਨਸ਼ੀਲੇ ਕੈਪਸੂਲ, ਜਿਸ ਦੀ ਪਹਿਚਾਣ ਦਰਸ਼ਨ ਸਿੰਘ ਤੇ ਦੂਜੇ ਵਿਅਕਤੀ ਪਾਸੋਂ 7 ਗ੍ਰਾਮ ਹੈਰੋਇਨ, ਜਿਸ ਦੀ ਪਹਿਚਾਣ ਰਮਨਦੀਪ ਸਿੰਘ ਵਜੋਂ ਹੋਈ ਹੈ। ਜਾਣਕਾਰੀ ਦਿੰਦਿਆਂ ਥਾਣਾ ਭਗਤਾ ਦੀ ਪੁਲਸ ਨੇ ਦੱਸਿਆ ਕਿ ਦਰਸ਼ਨ ਸਿੰਘ ਨੂੰ ਜਮਾਨਤ 'ਤੇ ਰਿਹਾਅ ਕੀਤਾ ਗਿਆ ਹੈ। ਉਧਰ ਦੂਜੇ ਪਾਸੇ ਮਲੂਕਾ ਨਾਲ ਸੰਬੰਧਤ ਇੱਕ ਕੌਂਸਲਰ ਨੇ ਦੱਸਿਆ ਕਿ ਕੈਪਸੂਲਾਂ ਸਮੇਤ ਫੜਿਆ ਗਿਆ ਵਿਅਕਤੀ ਮੌਜੂਦਾ ਮਹਿਲਾ ਕੌਂਸਲਰ ਦਾ ਪਤੀ ਹੈ, ਜਿਹੜਾ ਪਿਛਲੇ ਕਾਫੀ ਲੰਮੇ ਸਮੇਂ ਤੋਂ ਇਸ ਧੰਦੇ ਨਾਲ ਜੁੜਿਆ ਹੋਇਆ ਹੈ।

### ਸਵਾ 9 ਬੋਤਲਾਂ ਨਜਾਇਜ਼ ਸ਼ਰਾਬ ਸਣੇ ਇੱਕ ਵਿਅਕਤੀ ਕਾਬੂ, ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਿਸ ਵੱਲੋਂ ਸਵਾ 9 ਬੋਤਲਾਂ ਨਾਜਾਇਜ ਸ਼ਰਾਬ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਐਸ.ਆਈ. ਬਲਵਿੰਦਰ ਸਿੰਘ ਨੇ ਦੱਸਿਆ ਕਿ ਉਹ ਥਾਣਾ ਅਮੀਰ ਖਾਸ ਏਰੀਏ ਵਿੱਚ ਗਸ਼ਤ ਦੌਰਾਨ ਮੌਜੂਦ ਸੀ ਤੇ ਲਿੰਕ ਰੋਡ ਐਫ-ਐਫ ਰੋਡ ਤੋਂ ਥਾਰਾ ਸਿੰਘ ਵਾਲਾ ਨੂੰ ਜਾ ਰਹੇ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਕਾਲਾ ਸਿੰਘ ਪੁੱਤਰ ਫੁੰਮਣ ਸਿੰਘ ਵਾਸੀ ਥਾਰਾ ਸਿੰਘ ਵਾਲਾ ਜੋਕਿ ਨਜਾਇਜ਼ ਸ਼ਰਾਬ ਵੇਚਣ ਦਾ ਆਦੀ ਹੈ, ਜੋ ਛਾਪੇਮਾਰੀ ਕਰਨ 'ਤੇ ਕਾਬੂ ਆ ਸਕਦਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਉਸ ਕੋਲੋਂ ਸਵਾ 9 ਬੋਤਲਾਂ ਨਜਾਇਜ਼ ਸ਼ਰਾਬ ਸਣੇ ਗ੍ਰਿਫ਼ਤਾਰ ਕੀਤਾ ਗਿਆ, ਜਿਸ ਦੇ ਵਿਰੁੱਧ ਥਾਣਾ ਅਮੀਰ ਖਾਸ ਵਿਖੇ ਧਾਰਾ 61/1/14 ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

### ਹੈਰੋਇਨ ਸਣੇ 3 ਵਿਅਕਤੀ ਕਾਬੂ, ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ 10 ਗ੍ਰਾਮ ਹੈਰੋਇਨ ਸਮੇਤ 3 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਵਿੱਚ ਇਕ ਔਰਤ ਵੀ ਸ਼ਾਮਲ ਹੈ। ਐਸ.ਐਚ.ਓ. ਪਰਮਜੀਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਪਿੰਡ ਵੈਰੋਕੇ ਦਾਣੀ ਮੰਡੀ ਦੇ ਕੋਲ ਪੁੱਜੇ ਤਾਂ ਦਾਨਾ ਮੰਡੀ ਵਿੱਚ ਬਣੇ ਬਰਾਡੇ ਵਿੱਚ ਦੋ ਵਿਅਕਤੀ ਤੇ ਇਕ ਔਰਤ ਬੈਠੇ ਦਿਖਾਈ ਦਿੱਤੇ, ਜੋ ਪੁਲਸ ਪਾਰਟੀ ਦੀ ਗੱਡੀ ਵੇਖ ਕੇ ਖਿਸਕਣ ਲੱਗੇ, ਜਿਨ੍ਹਾਂ ਨੂੰ ਸ਼ੱਕ ਦੇ ਅਧਾਰ 'ਤੇ ਪੁਲਸ ਪਾਰਟੀ ਵੱਲੋਂ ਕਾਬੂ ਕਰਕੇ ਤਲਾਸ਼ੀ ਲਈ ਗਈ ਤਾਂ ਇਨ੍ਹਾਂ ਪਾਸੋ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਿਸ ਵੱਲੋਂ ਹੈਰੋਇਨ ਸਮੇਤ ਗੁਰਜੰਟ ਸਿੰਘ ਉਰਫ ਜੰਟੀ ਪੁੱਤਰ ਬਲਬੀਰ ਸਿੰਘ ਵਾਸੀ ਮੋਜਾ ਅਰਨੀਵਾਲਾ, ਕੁਲਦੀਪ ਸਿੰਘ ਪੁੱਤਰ ਸ਼ੰਭੂ ਸਿੰਘ ਵਾਸੀ ਕਾਠਗੜ ਅਤੇ ਕੁੰਦਲਾ ਬਾਈ ਪੱਤਨੀ ਕੁਲਵੰਤ ਸਿੰਘ ਵਾਸੀ ਚੱਕ ਅਰਨੀਵਾਲਾ ਉਰਫ ਕੱਟੀਆਵਾਲਾ ਦੇ ਵਿਰੁੱਧ ਥਾਣਾ ਵੈਰੋਕੇ ਵਿਖੇ ਧਾਰਾ 21/61/85 ਐਨ.ਡੀ.ਪੀ.ਐਸ. ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

# ਬੱਕਰੀਆਂ ਦਾ ਫਾਰਮ ਬਣਾਉਣ ਦਾ ਝਾਂਸਾ ਦੇ ਕੇ 30 ਲੱਖ ਦੀ ਮਾਰੀ ਠੱਗੀ



**ਲੌਂਗੋਵਾਲ (ਪ੍ਰਦੀਪ ਸੱਪਲ)**-ਕਸਬਾ ਲੌਂਗੋਵਾਲ ਦੇ ਵਾਸੀ ਹਾਕਮ ਸਿੰਘ ਪੁੱਤਰ ਮੇਲਾ ਸਿੰਘ ਨਾਲ ਇੱਕ ਸ਼ਖਸ ਵੱਲੋਂ 30 ਲੱਖ ਦੀ ਠੱਗੀ ਮਾਰੀ ਗਈ।ਹਾਕਮ ਸਿੰਘ ਨੇ ਵੱਖ-ਵੱਖ ਜਥੇਬੰਦੀਆਂ ਦੇ ਸੂਬਾਈ ਆਗੂਆਂ, ਜਿਨ੍ਹਾਂ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ (ਆਜ਼ਾਦ) ਦੇ ਜਸਵਿੰਦਰ ਸੋਮਾ ਲੌਂਗੋਵਾਲ, ਦੇਸ਼ ਭਗਤ ਯਾਦਗਾਰ ਦੇ ਪ੍ਰਧਾਨ ਬਲਬੀਰ ਲੌਂਗੋਵਾਲ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂ ਜੁਝਾਰ ਲੌਂਗੋਵਾਲ, ਪਿੰਡੀ ਕੈਂਬੋਵਾਲ ਦੇ ਸਰਪੰਚ ਦਰਸ਼ਨ ਸਿੰਘ ਨਾਲ ਸੀਨੀਅਰ ਪੁਲਸ ਕਪਤਾਨ ਸੰਗਰੂਰ ਦੇ ਦਫਤਰ ਜਾ ਕੇ ਆਪਣੇ ਨਾਲ ਹੋਈ 30 ਲੱਖ ਦੀ ਠੱਗੀ ਬਾਰੇ ਦੱਸਦਿਆਂ ਪੁਲਸ ਕਾਰਵਾਈ ਲਈ ਦਰਖ਼ਾਸਤ ਦਿੱਤੀ ਗਈ।

ਹਾਕਮ ਸਿੰਘ ਨੇ ਦੱਸਿਆ ਕਿ ਕਿਸ ਤਰ੍ਹਾਂ ਇੱਕ ਵਿਅਕਤੀ, ਜੋ ਪਟਿਆਲਾ ਤੋਂ ਲੌਂਗੋਵਾਲ ਇਲਾਕੇ ਵਿੱਚ ਇੱਕ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਮਾਲਕ ਹੋਣ ਦਾ ਦਾਅਵਾ ਕਰਕੇ ਲੋਕਾਂ ਵਿੱਚ ਵਿਚਰਦਾ ਹੈ ਅਤੇ ਸਭ ਲੋਕਾਂ ਨੂੰ ਬਿਮਾਰੀਆਂ ਦੀ ਦਵਾਈ ਦੇਣ ਨਾਲ ਬੱਕਰੀਆਂ ਦੇ ਫਾਰਮ ਖੋਲ੍ਹਣ ਦੇ ਕਿੱਤੇ ਨੂੰ ਅਪਣਾ ਕੇ ਵਪਾਰ ਕਰਨ ਲਈ ਵੀ ਪ੍ਰੇਰਤ ਕਰਦਾ ਸੀ।ਪਿਛਲੇ ਕਈ ਸਾਲਾਂ ਤੋਂ ਉਹ ਇਲਾਕੇ ਵਿੱਚ ਵਿਚਰਦਾ ਰਿਹਾ ਤੇ ਮੇਰਾ ਭਰੋਸਾ ਜਿੱਤਣ ਵਿੱਚ ਕਾਮਯਾਬ ਹੋ ਕੇ ਮੈਨੂੰ ਬੱਕਰੀਆਂ ਦਾ ਫਾਰਮ ਖੋਲ੍ਹਣ ਲਈ ਰਾਜ਼ੀ ਕਰ ਲਿਆ।ਇਸ ਤਰ੍ਹਾਂ ਉਸ ਨੇ ਮੇਰੇ ਤੋਂ ਡੇਢ ਲੱਖ ਨਕਦ ਤੇ ਕੁੱਲ 30 ਲੱਖ ਰੁਪਏ ਆਪਣੇ ਖਾਤੇ ਵਿੱਚ ਟਰਾਂਸਫਰ ਕਰਵਾ ਲਏ।ਬੱਕਰੀਆਂ ਦੇ ਫਾਰਮ ਬਣਾਉਣ ਲਈ ਉਸ ਵੱਲੋਂ ਜਦੋਂ ਕੋਈ ਦਿਲਚਸਪੀ ਨਾ ਦਿਖਾਈ ਦਿੱਤੀ, ਮੇਰਾ ਫੋਨ ਚੁੱਕਣਾ ਬੰਦ ਹੋ ਗਿਆ ਤਾਂ ਮੈਨੂੰ ਇਸ ਵਿਅਕਤੀ 'ਤੇ ਸ਼ੱਕ ਪੈਣ ਲੱਗਾ।ਇੱਕ ਮੋਹਤਵਰ ਵਿਅਕਤੀ ਦਰਸ਼ਨ ਸਿੰਘ ਸਰਪੰਚ, ਪਿੰਡੀ ਕੈਂਬੋਵਾਲ ਨੂੰ ਨਾਲ ਲੈ ਕੇ ਮੈਂ ਉਸ ਦੇ ਦਿੱਤੇ ਪਤੇ 'ਤੇ ਮਿਲਣ ਗਿਆ, ਪਰ ਉਹ ਨਹੀਂ ਮਿਲਿਆ। ਫੋਨ 'ਤੇ ਤਾਲਮੇਲ ਕਰਨ 'ਤੇ ਉਸ ਨੇ ਸਾਫ ਇਹ ਕਹਿ ਕੇ ਫੋਨ ਕੱਟ ਦਿੱਤਾ ਕਿ ਮੈਂ ਤੇਰੇ ਨਾਲ ਠੱਗੀ ਮਾਰਨੀ ਸੀ, ਮਾਰ ਲਈ ਹੁਣ ਜੋ ਤੇਰੇ ਤੋਂ ਬਣਦਾ ਉਹ ਕਰ ਲੈ।ਤੇਰੇ ਵਰਗੇ ਪਤਾ ਨਹੀਂ ਕਿੰਨੇ-ਕੁ ਸਾਡੇ ਪਿੱਛੇ ਫਿਰਦੇ ਰਹਿੰਦੇ ਨੇ।ਇਹ ਸੁਣ ਕੇ ਮੇਰੇ ਪੈਰਾਂ ਹੇਠਲੀ ਜ਼ਮੀਨ ਨਿਕਲ ਗਈ ਤੇ ਅੱਜ ਹਾਕਮ ਸਿੰਘ ਵੱਲੋਂ ਪੁਲਸ ਲਾਈਨ ਸੰਗਰੂਰ ਵਿਖੇ ਵੱਖ-ਵੱਖ ਜਥੇਬੰਦੀਆਂ ਦੇ ਡੈਪੂਟੇਸ਼ਨ ਦੀ ਨੁਮਾਇੰਦਗੀ ਵਿੱਚ ਇਸ ਵਿਅਕਤੀ 'ਤੇ ਕਾਨੂੰਨਨ ਕਾਰਵਾਈ ਕਰਨ ਦੀ ਦਰਖ਼ਾਸਤ ਦੇ ਕੇ ਇਨਸਾਫ਼ ਦੀ ਮੰਗ ਕੀਤੀ।ਇਸ ਮੌਕੇ ਕਿਸਾਨ ਆਗੂ ਬਲਜਿੰਦਰ ਸਿੰਘ, ਕੁਲਵਿੰਦਰ ਸੋਨੀ, ਅਮਰ ਸਿੰਘ ਲੌਂਗੋਵਾਲ, ਤਰਕਸ਼ੀਲ ਸੁਸਾਇਟੀ ਦੇ ਕੇਵਲ ਸਿੰਘ ਆਦਿ ਆਗੂ ਹਾਜ਼ਰ ਸਨ।ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਅਜਿਹੀ ਠੱਗੀ ਦਾ ਸ਼ਿਕਾਰ ਹੋਏ ਹਾਕਮ ਸਿੰਘ ਨਾਲ ਸਾਰੀਆਂ ਭਰਾਤਰੀ ਜਥੇਬੰਦੀਆਂ ਇਨਸਾਫ਼ ਤੱਕ ਖੜ੍ਹਨਗੀਆਂ।

# ਹੜ੍ਹ ਰਾਹਤ ਫੰਡ ਲਈ ਭੇਜੀ ਗਈ ਇੱਕ ਦਿਨ ਦੀ ਤਨਖ਼ਾਹ

**ਦੋਰਾਹਾ (ਹਰਮਿੰਦਰ ਸੇਠ)**-ਇਸ ਵਕਤ ਪੰਜਾਬ ਹੜ੍ਹਾਂ ਦੀ ਮਾਰ ਝੱਲਦਾ ਹਰ ਪਾਸੇ ਪਾਣੀ ਨਾਲ ਘਿਰਿਆ ਪਿਛਲੇ 37 ਵਰਿਆਂ 'ਚੋਂ ਸਭ ਤੋਂ ਭਿਆਨਕ ਕੁਦਰਤੀ ਆਫਤ ਦਾ ਸਾਹਮਣਾ ਕਰ ਰਿਹਾ ਹੈ।ਇਸ ਬਿਪਤਾ ਦੀ ਘੜੀ ਵਿੱਚ ਪਿੰਡਾਂ ਦੇ ਪਿੰਡ ਤਬਾਹੀ ਦੇ ਮੰਜ਼ਰ ਨੂੰ ਦਿਖਾ ਰਹੇ ਹਨ।ਹਜ਼ਾਰਾਂ ਏਕੜ ਫਸਲਾਂ ਬਰਬਾਦ ਹੋ ਗਈਆਂ ਹਨ ਅਤੇ ਘਰਾਂ ਦੇ ਘਰ ਤਹਿਸ-ਨਹਿਸ ਹੋ ਗਏ ਹਨ।ਔਖੀ ਘੜੀ ਵਿੱਚ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਅਤੇ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਨਾਲ ਜੁੜੀ ਐਸ.ਜੀ.ਪੀ.ਸੀ. ਲੋਕਾਂ ਲਈ ਅਟੁੱਟ ਲੰਗਰ ਤੇ ਹਰ ਤਰ੍ਹਾਂ ਦੀ ਰਾਹਤ ਕਾਰਜ ਦੀ ਮਦਦ ਕਰਦੀ ਨਿਰੰਤਰ ਕਾਰਜਸ਼ੀਲ ਹੈ।ਐਸ.ਜੀ.ਪੀ.ਸੀ. ਪਰਿਵਾਰ ਦਾ ਹਿੱਸਾ ਹੁੰਦਿਆਂ ਮਾਤਾ ਗੰਗਾ ਖਾਲਸਾ ਕਾਲਜ, ਮੰਜੀ ਸਾਹਿਬ, ਕੋਟਾਂ ਦੇ ਪ੍ਰਿੰਸੀਪਲ ਤੇ ਸਮੂਹ ਸਟਾਫ ਨੇ ਆਪਣੀ ਇੱਕ ਦਿਨ ਦੀ ਤਨਖਾਹ ਐਸ.ਜੀ.ਪੀ.ਸੀ. ਦੇ ਰਾਹਤ ਫੰਡ 'ਚ ਦੇਣ ਦਾ ਫੈਸਲਾ ਲਿਆ ਹੈ।ਸਮੂਹ ਸਟਾਫ ਵੱਲੋਂ ਪ੍ਰਮਾਤਮਾ ਦੇ ਅੱਗੇ ਅਰਦਾਸ ਕੀਤੀ ਗਈ ਕਿ ਇਸ ਬਿਪਤਾ ਦੀ ਘੜੀ ਵਿੱਚ ਪੰਜਾਬ ਦੇ ਸਿਰ ਮਿਹਰ ਭਰਿਆ ਹੱਥ ਰੱਖੇ ਤੇ ਪੰਜਾਬੀਆਂ ਨੂੰ ਇਸ ਸੰਕਟ ਵਿੱਚੋਂ ਹੌਸਲੇ ਤੇ ਹਿੰਮਤ ਨਾਲ ਬਾਹਰ ਨਿਕਲਣ ਲਈ ਬਲ ਬਖਸ਼ੇ।ਜ਼ਿਕਰਯੋਗ ਹੈ ਕਿ ਸੰਸਥਾ ਦੇ ਵਿਦਿਆਰਥੀਆਂ ਨੇ ਰਾਹਤ ਕਾਰਜਾਂ ਲਈ ਇੱਕ ਕਿਸ਼ਤੀ ਫੌਰੀ ਤੌਰ 'ਤੇ ਕਾਲਜ ਵਿਖੇ ਬਣਾਉਣ ਦਾ ਜ਼ਿੰਮਾ ਲੈ ਕੇ ਇਸ ਦਾ ਨਿਰਮਾਣ ਕਾਰਜ ਵੀ ਆਰੰਭ ਕਰ ਦਿੱਤਾ ਹੈ। ਉਮੀਦ ਹੈ ਕਿ ਜਲਦ ਹੀ ਇਸ ਨੂੰ ਸੰਪੂਰਨ ਕਰਕੇ ਰਾਹਤ ਕਾਰਜਾਂ ਲਈ ਲਿਜਾਇਆ ਜਾਵੇਗਾ।

# ਹੜ੍ਹਾਂ ਦੀ ਮਾਰ ਝੱਲ ਰਹੇ ਡੇਅਰੀ ਫਾਰਮਰਾਂ ਲਈ ਅੱਗੇ ਆਈ ਪੀ ਡੀ ਐੱਫ ਏ

## ਡੇਅਰੀ ਫਾਰਮਰਾਂ ਲਈ ਸ਼ੁਰੂ ਕੀਤਾ ਪੀ ਡੀ ਐੱਫ ਏ ਹੜ੍ਹ ਰਾਹਤ ਫੰਡ



**ਜਗਰਾਓਂ (ਅਮਿਤ ਖੰਨਾ)**-ਪੰਜਾਬ ਦੇ ਡੇਅਰੀ ਫਾਰਮਰਾਂ ਦੀ ਵੱਡੀ ਜਥੇਬੰਦੀ ਪੀਡੀਐੱਫਏ ਨੇ ਹੜ੍ਹਾਂ ਦੀ ਮਾਰ ਝੱਲ ਰਹੇ ਸੂਬੇ ਦੇ ਡੇਅਰੀ ਫਾਰਮਰਾ ਲਈ ਪੀਡੀਐੱਫਏ ਹੜ੍ਹ ਰਾਹਤ ਫੰਡ ਕਾਇਮ ਕੀਤਾ ਹੈ, ਜਿਸ ਵਿੱਚ ਪੀਡੀਐੱਫ ਸਮੇਤ ਪੀਡੀਐੱਫਏ ਦੇ ਮੈਂਬਰਾਂ ਨੇ 45 ਲੱਖ ਰੁਪਏ ਦਾ ਵੱਡਾ ਯੋਗਦਾਨ ਪਾਉਂਦਿਆਂ ਸੂਬੇ ਦੇ ਡੇਅਰੀ ਫਾਰਮਰਾਂ, ਡੇਅਰੀ ਕਿੱਤੇ ਨਾਲ ਜੁੜੀਆਂ ਕੰਪਨੀਆਂ ਨੂੰ ਅੱਗੇ ਵਧ ਕੇ ਵੱਡਾ ਯੋਗਦਾਨ ਪਾਉਣ ਦੀ ਅਪੀਲ ਕੀਤੀ ਹੈ।ਪੀਡੀਐੱਫਏ ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਦੀ ਅਗਵਾਈ ਹੇਠ ਜਥੇਬੰਦੀ ਦੀ ਹੋਈ ਮੀਟਿੰਗ ਵਿੱਚ ਹੜ੍ਹਾਂ ਨਾਲ ਚਾਰ ਚੁਫੇਰਿਓਂ ਘਿਰੇ ਪੰਜਾਬ ਸੁੱਖ ਦੀ ਅਰਦਾਸ ਮੰਗਦਿਆਂ ਸੂਬੇ ਭਰ ਦੇ ਡੇਅਰੀ ਫਾਰਮਰਾਂ ਇਸ ਦੁੱਖ ਦੀ ਘੜੀ ਵਿੱਚ ਚੱਟਾਨ ਵਾਂਗ ਖੜ੍ਹਨ ਦਾ ਫੈਸਲਾ ਕੀਤਾ।ਜਥੇਬੰਦੀ ਨੇ ਹੜ੍ਹਾਂ ਦੇ ਹਾਲਾਤਾਂ ਤੇ ਚਰਚਾ ਕਰਦਿਆਂ ਮਹਿਸੂਸ ਕੀਤਾ ਕਿ ਡੇਅਰੀ ਫਾਰਮਰ ਵੀ ਇਸ ਕੁਦਰਤ ਦੀ ਕਰੋਪੀ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ।ਦੋ ਜਾਨਵਰਾਂ ਤੋਂ ਲੈ ਕੇ 200 ਜਾਨਵਰਾਂ ਤੱਕ ਦੇ ਵੱਡੇ ਡੇਅਰੀ ਫਾਰਮਰ ਵੀ ਇਸ ਬਿਪਤਾ ਵਿੱਚ ਘਿਰੇ ਹੋਏ ਹਨ, ਜਿਨ੍ਹਾਂ ਨੂੰ ਵੱਡੀ ਰਾਹਤ ਦੀ ਲੋੜ ਹੈ।ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਨੇ ਦੱਸਿਆ ਕਿ ਜਦ ਦੀ ਪੀਡੀਐੱਫਏ ਹੋਂਦ ਵਿੱਚ ਆਈ ਤੋਂ ਲੈ ਕੇ ਇਹ ਪਹਿਲੀ ਵਾਰ ਹੈ ਕਿ ਜਥੇਬੰਦੀ ਨੇ ਫੰਡ ਮੰਗਿਆ ਹੋਵੇ।ਇਸ ਦਾ ਵੱਡਾ ਕਾਰਨ ਹੈ ਅੱਜ ਜਦੋਂ ਪੰਜਾਬ ਦਾ ਡੇਅਰੀ ਫਾਰਮਰ ਹੜ੍ਹਾਂ ਦੀ ਮਾਰ ਵਿੱਚ ਬੁਰੀ ਤਰ੍ਹਾਂ ਫਸ ਚੁੱਕਾ ਹੈ, ਨੂੰ ਇਸ ਮੁਸੀਬਤ ਦੀ ਘੜੀ ਵਿੱਚੋਂ ਕੱਢਣ ਲਈ ਡੇਅਰੀ ਫਾਰਮਰਾਂ ਦੀ ਸੰਸਥਾ ਪੀਡੀਐੱਫਏ ਨੂੰ ਵੀ ਵੱਡਾ ਯੋਗਦਾਨ ਪਾਉਣ ਦੀ ਲੋੜ ਹੈ, ਜਿਸ ਸਦਕਾ ਅੱਜ ਪੀਡੀਐੱਫਏ ਵੱਲੋਂ ਹੜ੍ਹ ਰਾਹਤ ਫੰਡ ਸ਼ੁਰੂ ਕੀਤਾ ਗਿਆ ਹੈ।ਇਸ ਦੇ ਲਈ ਸਾਰਿਆਂ ਨਾਲੋਂ ਪਹਿਲਾਂ ਪੀਡੀਐੱਫਏ, ਪੀਡੀਐੱਫਏ ਦੇ ਡੇਅਰੀ ਫਾਰਮਰਾਂ ਦੀ ਹੀ ਸੰਸਥਾ ਪ੍ਰੋਗਰੈਸਿਵ ਡੇਅਰੀ ਸਲਿਊਸ਼ਨ (ਪੀਡੀਐਸ), ਪੀਡੀਐੱਫਏ ਦੇ ਕਮੇਟੀ ਮੈਂਬਰਾਂ ਵੱਲੋਂ 45 ਲੱਖ ਰੁਪਏ ਦੀ ਰਾਸ਼ੀ ਦਾ ਵੱਡਾ ਯੋਗਦਾਨ ਪਾਇਆ ਗਿਆ।ਉਨ੍ਹਾਂ ਪੀਡੀਐੱਫਏ ਦੇ ਹਰ ਇੱਕ ਮੈਂਬਰ ਨੂੰ ਵੀ ਇਸ ਵਿੱਚ ਆਪਣੀ ਸਮਰਥਾਂ ਅਨੁਸਾਰ ਯੋਗਦਾਨ ਪਾਉਣ ਦੀ ਅਪੀਲ ਕੀਤੀ।ਪੀਡੀਐੱਫਏ ਦੇ ਪ੍ਰੈੱਸ ਸਕੱਤਰ ਰੇਸ਼ਮ ਸਿੰਘ ਭੁੱਲਰ ਨੇ ਦੱਸਿਆ ਕਿ ਪੀਡੀਐੱਫਏ ਹੜ੍ਹ ਰਾਹਤ ਫੰਡ ਪੂਰੀ ਤਰ੍ਹਾਂ ਪਾਰਦਰਸ਼ੀ ਹੋਵੇਗਾ।ਇਸ ਦਾ ਪੂਰਾ ਹਿਸਾਬ ਕਿਤਾਬ ਜਿੱਥੇ ਪੀਡੀਐੱਫਏ ਦੇ ਸੋਸ਼ਲ ਮੀਡੀਆ ਪੇਜ 'ਤੇ ਸਾਂਝਾ ਕੀਤਾ ਜਾਵੇਗਾ, ਉਥੇ ਰੋਜ਼ ਦੀ ਰੋਜ਼ ਇਸ ਰਾਹਤ ਫੰਡ ਵਿੱਚ ਕਿੰਨਾ ਰੁਪਿਆ ਆਇਆ, ਕਿੰਨਾ ਖਰਚ ਕੀਤਾ ਗਿਆ ਅਤੇ ਕਿੰਨਾ ਬਕਾਇਆ ਹੈ, ਦਾ ਵੀ ਸਾਰਾ ਹਿਸਾਬ ਸੋਸ਼ਲ ਮੀਡੀਆ ਦੇ ਪੇਜ 'ਤੇ ਅਪਡੇਟ ਕੀਤਾ ਜਾਇਆ ਕਰੇਗਾ।ਉਨ੍ਹਾਂ ਕਿਹਾ ਕਿ ਕਿਸ ਇਲਾਕੇ ਵਿੱਚ ਕਿਸ ਡੇਅਰੀ ਫਾਰਮਰ ਨੂੰ ਕਿਸੇ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੈ, ਤੱਕ ਸਹਾਇਤਾ ਪਹੁੰਚਾਉਣ ਲਈ ਪੀਡੀਐੱਫਏ ਦੇ ਅਹੁਦੇਦਾਰ ਤੇ ਮੈਂਬਰ ਟੀਮਾਂ ਬਣਾ ਕੇ ਕੰਮ ਕਰਨਗੇ।ਉਨ੍ਹਾਂ ਦੱਸਿਆ ਕਿ ਪੀਡੀਐੱਫਏ ਵੱਲੋਂ ਪਿਛਲੇ ਦੋ ਦਿਨ ਤੋਂ ਹੜ੍ਹ ਪ੍ਰਭਾਵਿਤ ਡੇਅਰੀ ਫਾਰਮਰਾਂ ਨੂੰ ਸਾਈਲੈਜ ਪਹੁੰਚਾਉਣ ਦੀ ਸੇਵਾ ਸ਼ੁਰੂ ਕਰ ਦਿੱਤੀ ਗਈ ਹੈ।

# ਨੂੰਹ ਨੇ ਸਹੁਰੇ 'ਤੇ ਲਗਾਏ ਜ਼ਿਆਦਤੀ ਕਰਨ ਦੇ ਗੰਭੀਰ ਦੋਸ਼

## ਪੁਲਸ ਵੱਲੋਂ ਨਹੀਂ ਕੀਤੀ ਜਾ ਰਹੀ ਕਾਰਵਾਈ : ਪੀੜਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਸ਼ਹਿਰ ਦੇ ਤ੍ਰਿਪੜੀ ਇਲਾਕੇ ਵਿੱਚ ਰਹਿੰਦੀ ਵਿਆਹੁਤਾ ਮਹਿਲਾ ਨੇ ਪਤੀ ਦੇ ਵਿਦੇਸ਼ ਹੋਣ ਦੀ ਸੂਰਤ ਵਿੱਚ ਉਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਉਸ ਨਾਲ ਹੋ ਰਹੀ ਕਥਿਤ ਜ਼ਿਆਦਤੀ ਦੇ ਮਾਮਲੇ ਵਿੱਚ ਪੁਲਸ ਵੱਲੋਂ ਸ਼ਿਕਾਇਤਾਂ 'ਤੇ ਕਾਰਵਾਈ ਨਾ ਕਰਨ ਦਾ ਦੋਸ਼ ਲਾਇਆ ਹੈ।ਇਥੇ ਪਟਿਆਲਾ ਮੀਡੀਆ ਕਲੱਬ ਵਿੱਚ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰਾਧਿਕਾ ਰਾਜਪੂਤ ਨੇ ਦੱਸਿਆ ਕਿ ਉਨ੍ਹਾਂ ਦੇ ਪਤੀ ਪਿਛਲੇ ਸਾਲ ਅਮਰੀਕਾ ਚਲੇ ਗਏ ਸਨ।ਇਸ ਮਗਰੋਂ ਉਨ੍ਹਾਂ ਦੇ ਸਹੁਰੇ ਨੇ ਉਨ੍ਹਾਂ 'ਤੇ ਗਲਤ ਅੱਖ ਰੱਖਣੀ ਸ਼ੁਰੂ ਕਰ ਦਿੱਤੀ ਤੇ ਉਨ੍ਹਾਂ ਨੂੰ ਗਲਤ ਸੰਬੰਧ ਬਣਾਉਣ ਵਾਸਤੇ ਮਜਬੂਰ ਕੀਤਾ, ਜਿਸ ਦਾ ਉਨ੍ਹਾਂ ਨੇ ਵਿਰੋਧ ਕੀਤਾ।ਉਨ੍ਹਾਂ ਦਾਅਵਾ ਕੀਤਾ ਕਿ ਜਦੋਂ ਉਨ੍ਹਾਂ ਨੇ ਵਿਰੋਧ ਕੀਤਾ ਤਾਂ ਸਹੁਰੇ ਨੇ ਉਸ ਤੋਂ ਘਰ ਖਾਲੀ ਕਰਵਾਉਣ ਵਾਸਤੇ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ, ਜਿਸ ਬਾਰੇ ਉਨ੍ਹਾਂ ਅਦਾਲਤ ਵਿੱਚ ਕੇਸ ਦਾਇਰ ਕੀਤਾ ਤਾਂ ਅਦਾਲਤ ਨੇ ਸਟੇਅ ਦੇ ਦਿੱਤੀ।ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਉਨ੍ਹਾਂ ਦੇ ਪਤੀ ਦੇ ਦੋ ਭਰਾ ਤੇ ਭਰਜਾਈਆਂ ਵੀ ਸਹੁਰੇ ਦਾ ਸਾਥ ਦੇ ਰਹੇ ਹਨ ਤੇ ਉਨ੍ਹਾਂ ਖਿਲਾਫ ਮਾੜੀ ਸ਼ਬਦਾਵਲੀ ਦੀ ਵਰਤੋਂ ਕਰ ਕੇ ਉਨ੍ਹਾਂ ਨੂੰ ਮੁਹੱਲੇ ਵਿੱਚ ਬਦਨਾਮ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਉਨ੍ਹਾਂ ਦੇ ਸਹੁਰੇ ਦੀ ਸ਼ਹਿ 'ਤੇ ਕੁਝ ਵਿਅਕਤੀਆਂ ਨੇ ਉਨ੍ਹਾਂ ਦੇ ਘਰ ਵਿੱਚੋਂ ਸੀ ਸੀ ਟੀ ਵੀ ਕੈਮਰੇ ਲਾਹ ਲਏ, ਜਿਸ ਦੀ ਸ਼ਿਕਾਇਤ ਉਨ੍ਹਾਂ ਪੁਲਸ ਨੂੰ ਦਿੱਤੀ, ਪਰ ਹੁਣ ਤੱਕ ਮਾਮਲੇ ਵਿੱਚ ਪੁਲਸ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਖਦਸ਼ਾ ਜ਼ਾਹਰ ਕੀਤਾ ਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ ਤੇ ਉਨ੍ਹਾਂ ਨਾਲ ਕੁਝ ਵੀ ਮਾੜਾ ਚੰਗਾ ਹੋ ਸਕਦਾ ਹੈ।ਓਧਰ, ਇਸ ਮਾਮਲੇ ਵਿੱਚ ਸੰਪਰਕ ਕਰਨ 'ਤੇ ਸਹੁਰੇ ਨੇ ਦਾਅਵਾ ਕੀਤਾ ਕਿ ਲਾਏ ਗਏ ਦੋਸ਼ ਝੂਠੇ ਹਨ ਤੇ ਉਹ ਡਾਕਟਰੀ ਮੁਆਇਨਾ ਕਰਵਾਉਣ ਵਾਸਤੇ ਵੀ ਤਿਆਰ ਹਨ।ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਉਕਤ ਮਹਿਲਾ ਬਾਰੇ ਉਨ੍ਹਾਂ ਕੋਲ ਠੋਸ ਸਬੂਤ ਮੌਜੂਦ ਹਨ।

ਇਸ ਮਾਮਲੇ ਵਿੱਚ ਕੇਸ ਦੀ ਜਾਂਚ ਕਰ ਰਹੇ ਅਫਸਰ ਕੁਲਦੀਪ ਸਿੰਘ ਥਾਣਾ ਤ੍ਰਿਪੜੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ ਤੇ ਜਾਂਚ ਮੁਕੰਮਲ ਹੋਣ ਉਪਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ।

# ਡਾ. ਓਬਰਾਏ ਵੱਲੋਂ ਹੜ੍ਹ ਪੀੜਤਾਂ ਲਈ ਭੇਜਿਆ 200 ਕੁਇੰਟਲ ਸੁੱਕਾ ਰਾਸ਼ਨ ਰਵਾਨਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਡਾ. ਐਸ.ਪੀ.ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕਾਰਜ ਲਗਾਤਾਰ ਜਾਰੀ ਹਨ।ਪੰਜਾਬ 'ਚ ਆਏ ਹੜ੍ਹਾਂ ਦੇ ਪ੍ਰਭਾਵਤ ਏਰੀਏ ਵਿੱਚ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੀ ਰਹਿਨੁਮਾਈ ਹੇਠ ਵੱਡੇ ਪੱਧਰ 'ਤੇ ਮੱਦਦ ਕੀਤੀ ਜਾ ਰਹੀ ਹੈ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਲੜੀ ਤਹਿਤ ਅਬੋਹਰ ਫ਼ਾਜ਼ਿਲਕਾ ਦੇ ਹੜ੍ਹ ਪੀੜਤਾਂ ਲਈ ਡਾਕਟਰ ਓਬਰਾਏ ਵੱਲੋਂ ਭੇਜੀ 200 ਕੁਇੰਟਲ ਸੁੱਕੇ ਰਾਸ਼ਨ ਦੀ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਦੀ ਹਾਜ਼ਰੀ ਵਿੱਚ ਸ੍ਰੀ ਹਿਮਾਂਸ਼ੂ ਅਰੋੜਾ ਸੀਨੀਅਰ ਸਿਵਲ ਜੱਜ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ ਤੇ ਸੀਨੀਅਰ ਸਿਵਲ ਜੱਜ ਵੱਲੋਂ ਡਾ. ਓਬਰਾਏ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ।

ਰਾਸ਼ਨ ਨੂੰ ਏਰੀਏ 'ਚ ਪਚਾਉਣ ਲਈ ਔਲਖ ਵੈਲਫੇਅਰ ਸੁਸਾਇਟੀ ਪਿੰਡ ਔਲਖ ਵੱਲੋਂ ਬਹੁਤ ਹੀ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ।ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਤੇ ਅਰਵਿੰਦਰਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਸ ਤੋਂ ਪਹਿਲਾਂ 300 ਕੁਇੰਟਲ ਪਸ਼ੂਆਂ ਦੀ ਫੀਡ ਹਿੰਦ-ਪਾਕ ਬਾਰਡਰ ਤੇ ਲੋੜਵੰਦਾਂ ਨੂੰ ਵੀ ਮੁਹੱਈਆ ਕਰਾਈ ਜਾ ਚੁੱਕੀ ਹੈ।ਡਾ ਓਬਰਾਏ ਨੇ ਦੱਸਿਆ ਕਿ ਮੈਂ ਪਹਿਲਾਂ 1-50 ਕਰੋੜ ਰੁਪਏ ਦਾ ਬੱਜਟ ਰੱਖ ਕੇ ਚੱਲਿਆ ਸੀ, ਪ੍ਰੰਤੂ ਇਹ ਬੱਜਟ ਹੁਣ 3 ਕਰੋੜ ਰੁਪਏ ਤੱਕ ਪਹੁੰਚ ਗਿਆ, ਪਰ ਮੈਂ ਫ਼ਿਰ ਵੀ ਓਦੋਂ ਤੱਕ ਹਰ ਸੰਭਵ ਕੋਸ਼ਿਸ਼ ਕਰਦਾ ਰਹਾਂਗਾ, ਜਦੋਂ ਤੱਕ ਪ੍ਰਭਾਵਤ ਲੋਕਾਂ ਦੀ ਜ਼ਿੰਦਗੀ ਆਮ ਵਾਂਗ ਨਹੀਂ ਹੋ ਜਾਂਦੀ।

ਡਾ. ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਪਿਛਲੇ ਸਮਿਆਂ ਦੌਰਾਨ ਹੜ੍ਹਾਂ ਤੋਂ ਪ੍ਰਭਾਵਤ ਲੋਕਾਂ ਨੂੰ ਕਾਫੀ ਤਾਦਾਦ 'ਚ ਨਵੇਂ ਮਕਾਨ ਬਣਾ ਕੇ ਦੇ ਚੁੱਕਾ ਹੈ ਤੇ ਵੱਡੀ ਤਾਦਾਦ ਵਿਚ ਨਵ ਨਿਰਮਾਣ ਵੀ ਕਰਾਏ ਜਾ ਚੁੱਕੇ ਹਨ।ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਟਰੱਸਟ ਤੋਂ ਮਿਲੀ ਜਾਣਕਾਰੀ ਅਨੁਸਾਰ ਹੁਣ ਦਵਾਈਆਂ, ਮੱਛਰਦਾਨੀਆਂ, ਪਾਣੀ, ਸੈਨਟਰੀ ਪੈਡ ਤੇ ਹੋਰ ਜੋ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਆ ਰਹੀ ਹੈ ਵੱਡੀ ਪੱਧਰ 'ਤੇ ਖਰੀਦਿਆ ਜਾ ਰਿਹਾ ਹੈ।

# ਤਬਾਹੀ ਨੂੰ ਕੁਦਰਤੀ ਆਫ਼ਤ ਐਲਾਨ ਕੇ ਸਰਕਾਰਾਂ ਜ਼ੁੰਮੇਵਾਰੀ ਤੋਂ ਭੱਜ ਨਹੀਂ ਸਕਦੀਆਂ : ਸੇਖੋਂ

## ਪੀੜਤਾਂ ਨੂੰ ਰਾਹਤ ਦੇਣ ਲਈ ਹਰ ਸੰਭਵ ਮਦਦ ਕਰਨ ਦੀ ਅਪੀਲ

**ਬਠਿੰਡਾ (ਬਖਤੌਰ ਢਿੱਲੋਂ)**-ਪੰਜਾਬ ਵਿੱਚ ਹੜ੍ਹਾਂ ਕਾਰਨ ਹੋਈ ਤਬਾਹੀ ਨੂੰ ਕੁਦਰਤੀ ਆਫ਼ਤ ਕਹਿ ਕੇ ਸਰਕਾਰਾਂ ਆਪਣੀ ਜ਼ੁੰਮੇਵਾਰੀ ਤੋਂ ਭੱਜ ਨਹੀਂ ਸਕਦੀਆਂ। ਪੰਜਾਬ ਵਿੱਚ ਹੋਏ ਇਸ ਭਾਰੀ ਨੁਕਸਾਨ ਲਈ ਪਹਿਲੀਆਂ ਸਰਕਾਰਾਂ ਤੇ ਮੌਜੂਦਾ ਭਗਵੰਤ ਸਰਕਾਰ ਬਰਾਬਰ ਦੀਆਂ ਜ਼ੁੰਮੇਵਾਰ ਹਨ। ਸਰਕਾਰਾਂ ਹੜ੍ਹਾਂ ਦੀ ਮਾਰ ਨੂੰ ਰੋਕਣ ਲਈ ਬੁਰੀ ਤਰ੍ਹਾਂ ਫੇਲ੍ਹ ਸਾਬਿਤ ਹੋਈਆਂ ਹਨ। ਇਹ ਦੋਸ਼ ਲਾਉਂਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਹੜ੍ਹਾਂ ਤੋਂ ਪੀੜਤ ਪਰਵਾਰਾਂ ਦੀ ਮੱਦਦ ਲਈ ਹਰ ਸੰਭਵ ਯਤਨ ਕਰਨ ਤਾਂ ਜੋ ਉਨ੍ਹਾਂ ਨੂੰ ਰਾਹਤ ਦਿੱਤੀ ਜਾ ਸਕੇ। ਕਾ: ਸੇਖੋਂ ਨੇ ਕਿਹਾ ਕਿ ਪੰਜਾਬ ਵਿੱਚ ਹੜ੍ਹਾਂ ਕਾਰਨ 3 ਲੱਖ ਏਕੜ ਤੋਂ ਵੱਧ ਫ਼ਸਲ ਤਬਾਹ ਹੋ ਗਈ ਹੈ, ਇੱਕ ਹਜ਼ਾਰ ਪਿੰਡਾਂ ਦੇ ਘਰਾਂ ਵਿੱਚ ਪਾਣੀ ਦਾਖ਼ਲ ਹੋਣ ਕਾਰਨ ਸਮਾਨ ਬਰਬਾਦ ਹੋ ਚੁੱਕਾ ਹੈ, ਬਹੁਤ ਸਾਰੇ ਮਕਾਨ ਢਹਿ ਗਏ ਹਨ, ਕਰੀਬ 3 ਦਰਜਨ ਮਨੁੱਖੀ ਜਾਨਾਂ ਗਈਆਂ ਹਨ, ਹਜ਼ਾਰਾਂ ਪਸ਼ੂ ਮਰ ਗਏ ਜਾਂ ਰੁੜ੍ਹ ਗਏ ਹਨ, ਪਰ ਪੰਜਾਬ ਸਰਕਾਰ ਕੁਦਰਤੀ ਆਫ਼ਤ ਕਹਿ ਕੇ ਆਪਣੀ ਬਣਦੀ ਜ਼ੁੰਮੇਵਾਰੀ ਤੋਂ ਭੱਜ ਰਹੀ ਹੈ। ਸੂਬਾ ਸਕੱਤਰ ਨੇ ਕਿਹਾ ਕਿ ਸਾਲ 1988 ਵਿੱਚ ਵੀ ਹੜ੍ਹਾਂ ਨੇ ਇਸੇ ਤਰ੍ਹਾਂ ਪੰਜਾਬ ਵਿੱਚ ਭਾਰੀ ਨੁਕਸਾਨ ਪਹੁੰਚਾਇਆ ਸੀ, ਉਸ ਤੋਂ ਬਾਅਦ ਸੱਤਾ ਭੋਗਣ ਵਾਲੀਆਂ ਸਰਕਾਰਾਂ ਨੇ ਹੜ੍ਹਾਂ ਤੋਂ ਬਚਾਅ ਲਈ ਕੋਈ ਠੋਸ ਕਦਮ ਨਹੀਂ ਚੁੱਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੁਦਰਤੀ ਆਫ਼ਤਾਂ ਲਈ ਰੱਖੇ ਰਿਜ਼ਰਵ ਦਸ ਹਜ਼ਾਰ ਕਰੋੜ ਰੁਪਏ ਨੂੰ ਸਮੇਂ ਸਿਰ ਹੜ੍ਹਾਂ ਦੀ ਰੋਕਥਾਮ ਲਈ ਵਰਤ ਦਿੰਦੀ ਤਾਂ ਸ਼ਾਇਦ ਪੰਜਾਬ ਦੇ ਇਹ ਹਾਲਾਤ ਨਾ ਹੁੰਦੇ। ਕਾ: ਸੇਖੋਂ ਨੇ ਕਿਹਾ ਕਿ ਸੂਬਾ ਸਰਕਾਰ ਆਪਣੀ ਬਣਦੀ ਜ਼ੁੰਮੇਵਾਰੀ ਕਬੂਲ ਕਰਕੇ ਲੋਕਾਂ ਦੇ ਹੋਏ ਨੁਕਸਾਨ ਦਾ ਪੂਰਾ ਮੁਆਵਜ਼ਾ ਦੇਵੇ ਤੇ ਅੱਗੇ ਲਈ ਹੜ੍ਹ ਰੋਕਣ ਵੱਲ ਉਚੇਚਾ ਧਿਆਨ ਦੇਵੇ। ਉਨ੍ਹਾਂ ਸਮੂਹ ਪੰਜਾਬੀਆਂ ਨੂੰ ਵੀ ਅਪੀਲ ਕੀਤੀ ਕਿ ਇਨ੍ਹਾਂ ਮਾੜੇ ਹਾਲਾਤਾਂ ਵਿੱਚ ਪੀੜਤਾਂ ਦੀ ਹਰ ਸੰਭਵ ਮਦਦ ਕਰਨ ਲਈ ਆਪਣਾ ਯੋਗਦਾਨ ਪਾਉਣ।

# ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਮਲੋਟ ਹਲਕੇ ਦੇ ਪਿੰਡਾਂ ਦਾ ਦੌਰਾ

## ਅਧਿਕਾਰੀਆਂ ਨੂੰ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ/ਓਮ ਪ੍ਰਕਾਸ਼ ਸੇਖੂ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਭਾਰੀ ਮੀਂਹ ਕਰਕੇ ਹੋਏ ਨੁਕਸਾਨ ਦੇ ਜਾਇਜ਼ੇ ਲਈ ਮਲੋਟ ਹਲਕੇ ਦੇ ਪਿੰਡਾਂ ਦਾ ਦੌਰਾ ਕੀਤਾ ਗਿਆ।ਇਸ ਦੌਰੇ ਦੌਰਾਨ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਪਿੰਡ ਥੇੜ੍ਹੀ, ਫਕਰਸਰ, ਘੱਗਾ ਤੇ ਜੰਡਵਾਲਾ ਦੇ ਖੇਤਾਂ ਤੇ ਮਕਾਨਾਂ ਨੂੰ ਹੋਏ ਨੁਕਸਾਨ ਦੀ ਸਥਿਤੀ ਦਾ ਜਾਇਜ਼ਾ ਲਿਆ।ਆਪਣੇ ਦੌਰੇ ਦੌਰਾਨ ਕੈਬਨਿਟ ਮੰਤਰੀ ਵੱਲੋਂ ਮੌਜੂਦ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਨੁਕਸਾਨ ਦੇ ਮੱਦੇਨਜ਼ਰ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ।ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬੀਆਂ 'ਤੇ ਆਈ ਇਸ ਔਖੀ ਘੜੀ ਮੌਕੇ ਸੂਬਾ ਸਰਕਾਰ ਉਨ੍ਹਾਂ ਦੇ ਨਾਲ ਖੜ੍ਹੀ ਹੈ ਅਤੇ ਇਸ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਲਈ ਲੋਕਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਪੰਜਾਬ ਸਰਕਾਰ ਦੇ ਸਾਰੇ ਮੰਤਰੀ ਤੇ ਵਿਧਾਇਕ ਹੜ੍ਹ ਦੀ ਮਾਰ ਹੇਠ ਆਏ ਇਲਾਕਿਆਂ ਵਿੱਚ ਖੁਦ ਅੱਗੇ ਹੋ ਕੇ ਲੋਕਾਂ ਦੀ ਮਦਦ ਕਰ ਰਹੇ ਹਨ।ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਤਾਂ ਆਪਣੇ ਪੱਧਰ 'ਤੇ ਹੜ੍ਹਾਂ ਦਾ ਨੁਕਸਾਨ ਰੋਕਣ ਲਈ ਆਪਣੀ ਪੂਰੀ ਵਾਹ ਲਗਾ ਰਹੀ ਹੈ, ਪਰ ਕੇਂਦਰ ਦੀ ਭਾਜਪਾ ਸਰਕਾਰ ਸਾਡੇ ਨਾਲ ਮਤਰੇਈ ਮਾਂ ਵਰਗਾ ਸਲੂਕ ਕਰ ਰਹੀ ਹੈ।ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਨੂੰ ਹੜ੍ਹਾਂ ਦੇ ਨੁਸਕਾਨ ਦੀ ਪੂਰਤੀ ਵਜੋਂ ਸਪੈਸ਼ਲ ਪੈਕੇਜ ਦਿੱਤਾ ਜਾਵੇ।

# ਉੱਤਰ ਪ੍ਰਦੇਸ਼ ਦੀ ਸੰਸਥਾ ਵੱਲੋਂ ਸ਼ਾਇਰ ਸੁਰਿੰਦਰਪ੍ਰੀਤ ਘਣੀਆਂ ਦਾ ਸਨਮਾਨ ਤੇ ਕਵੀ ਦਰਬਾਰ

**ਬਠਿੰਡਾ (ਬਖਤੌਰ ਢਿੱਲੋਂ)**-ਸਿੱਖਿਆ, ਸਾਹਿਤ ਤੇ ਸਮਾਜ ਸੇਵਾ ਦੇ ਖੇਤਰ ਵਿੱਚ ਕਾਰਜਸ਼ੀਲ ਉੱਤਰ ਪ੍ਰਦੇਸ਼ ਦੀ ਅਸ਼ੀਰਵਾਦ ਸੇਵਾ ਸੰਸਥਾ ਵੱਲੋਂ ਪ੍ਰਸਿੱਧ ਸ਼ਾਇਰ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਸੁਰਿੰਦਰਪ੍ਰੀਤ ਘਣੀਆਂ ਦੇ ਸਨਮਾਨ ਵਿੱਚ ਇਥੋਂ ਦੇ ਪੈਨਸ਼ਨਰ ਭਵਨ ਵਿਖੇ ਇੱਕ ਭਾਵਪੂਰਤ ਸਨਮਾਨ ਸਮਾਰੋਹ ਤੇ ਕਵੀ ਦਰਬਾਰ ਕੀਤਾ ਗਿਆ।ਇਸ ਸਮਾਰੋਹ ਦੀ ਪ੍ਰਧਾਨਗੀ ਪ੍ਰਸਿੱਧ ਅਲੋਚਕ ਗੁਰਦੇਵ ਖੋਖਰ ਨੇ ਕੀਤੀ, ਜਦੋਂਕਿ ਉੱਘੀ ਸਿੱਖਿਆ ਸ਼ਾਸਤਰੀ ਪ੍ਰਿੰ. ਮੋਨਿਕਾ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਪ੍ਰਸਿੱਧ ਨਾਵਲਕਾਰ ਜਸਪਾਲ ਮਾਨਖੇੜਾ, ਸ਼ਾਇਰ ਸੁਰਿੰਦਰਪ੍ਰੀਤ ਘਣੀਆਂ, ਸੰਸਥਾ ਦੇ ਜਨਰਲ ਸਕੱਤਰ ਡੀ. ਕੇ. ਗੌਤਮ, ਕਵਿੱਤਰੀ ਅੰਮ੍ਰਿਤ ਕਲੇਰ ਤੇ ਵਾਰਤਕ ਲੇਖਕ ਜਗਮੇਲ ਸਿੰਘ ਜਠੌਲ ਸੁਸ਼ੋਭਤ ਸਨ।

ਸਮਾਗਮ ਦੀ ਆਰੰਭਤਾ ਤੋਂ ਪਹਿਲਾਂ ਖੱਬੀ ਲਹਿਰ ਦੇ ਸਰਗਰਮ ਕਾਰਕੁਨ ਤੇ ਸਾਹਿਤ ਦੇ ਗੰਭੀਰ ਪਾਠਕ ਕਾਮਰੇਡ ਜਰਨੈਲ ਸਿੰਘ ਭਾਈ ਰੂਪਾ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਉਪਰੰਤ ਡੀ. ਕੇ. ਗੌਤਮ ਨੇ ਹਾਜ਼ਰੀਨ ਨੂੰ ਜੀ ਆਇਆਂ ਕਹਿੰਦਿਆਂ ਅਸ਼ੀਰਵਾਦ ਸੇਵਾ ਸੰਸਥਾ ਦੇ ਉਦੇਸ਼ ਤੇ ਕਾਰਜ ਖੇਤਰ ਬਾਰੇ ਜਾਣਕਾਰੀ ਦਿੰਦਿਆਂ ਪ੍ਰਸੰਨਤਾ ਵਿਅਕਤ ਕਰਦਿਆਂ ਕਿਹਾ ਕਿ ਉਹ ਰਿਸ਼ੀਆਂ, ਮੁਨੀਆਂ ਤੇ ਯੋਧਿਆਂ ਦੀ ਇਸ ਪੰਜਾਬ ਦੀ ਧਰਤੀ ਉੱਪਰ ਆ ਕੇ ਬੇਹੱਦ ਖੁਸ਼ੀ ਮਹਿਸੂਸ ਕਰ ਰਹੇ ਹਨ। ਸਮਾਗਮ ਦੇ ਪਹਿਲੇ ਚਰਨ ਵਿੱਚ ਸਨਮਾਨਤ ਸ਼ਾਇਰ ਸੁਰਿੰਦਰਪ੍ਰੀਤ ਘਣੀਆਂ ਬਾਰੇ ਬੋਲਦਿਆਂ ਜਸਪਾਲ ਮਾਨਖੇੜਾ ਨੇ ਕਿਹਾ ਕਿ ਸ੍ਰੀ ਘਣੀਆਂ ਨਾਬਰੀ ਦਾ ਸ਼ਾਇਰ ਹੋਣ ਦੇ ਨਾਲ ਨਾਲ ਇਕ ਸਮਰੱਥ ਜਥੇਬੰਦਕ ਆਗੂ ਵੀ ਹੈ।ਨੈਸ਼ਨਲ ਅਵਾਰਡੀ ਅਧਿਆਪਕ ਰਘਵੀਰ ਚੰਦ ਸ਼ਰਮਾ ਤੇ ਟੀਚਰਜ਼ ਹੋਮ ਟਰੱਸਟ ਦੇ ਜਨਰਲ ਸਕੱਤਰ ਲਛਮਣ ਮਲੂਕਾ ਦਾ ਕਹਿਣਾ ਸੀ ਕਿ ਸੁਰਿੰਦਰਪ੍ਰੀਤ ਘਣੀਆਂ ਖੇਡ ਮੈਦਾਨਾਂ ਵਿੱਚ ਝੰਡੇ ਗੱਡਣ ਤੋਂ ਬਾਅਦ ਹੁਣ ਸਾਹਿਤ ਦੇ ਖੇਤਰ ਵਿੱਚ ਬਲੰਦੀਆਂ ਛੋਹ ਰਿਹਾ ਹੈ।ਸੂਬਾਈ ਅਧਿਆਪਕ ਆਗੂ ਦਰਸ਼ਨ ਮੌੜ ਤੇ ਫਿਲਮੀ ਜਰਨਲਿਸਟ ਤਰਸੇਮ ਬਸ਼ਰ ਨੇ ਕਿਹਾ ਕਿ ਸ੍ਰੀ ਘਣੀਆਂ ਸਿਰਫ ਗ਼ਜ਼ਲਾਂ ਲਿਖਦਾ ਹੀ ਨਹੀਂ ਸਗੋਂ ਲੋਕ ਘੋਲਾਂ ਵਿੱਚ ਵੀ ਮੋਹਰੀ ਭੂਮਿਕਾ ਨਿਭਾਉਂਦਾ ਹੈ।ਸਾਹਿਤ ਦੇ ਉੱਘੇ ਵਿਦਵਾਨ ਗੁਰਦੇਵ ਖੋਖਰ ਨੇ ਸੁਰਿੰਦਰਪ੍ਰੀਤ ਘਣੀਆਂ ਦੀ ਕਾਵਿ-ਕਲਾ ਬਾਰੇ ਬੋਲਦਿਆਂ ਕਿਹਾ ਕਿ ਸ੍ਰੀ ਘਣੀਆਂ ਸਮਾਜਿਕ ਸਰੋਕਾਰਾਂ ਤੇ ਫਿਕਰਾਂ ਬਾਰੇ ਚਿੰਤਾ ਕਰਦਾ ਹੋਇਆ ਚਿੰਤਨਸ਼ੀਲ ਤੇ ਸੁਹਜਮਈ ਸ਼ਾਇਰੀ ਕਰਦਾ ਹੈ, ਜਿਸ ਵਿੱਚ ਰਾਜਨੀਤਕ ਸੁਰ ਦੀ ਗੂੰਜ ਤੀਬਰਤਾ ਨਾਲ ਸੁਣਾਈ ਦਿੰਦੀ ਹੈ। ਪ੍ਰਿੰ. ਮੋਨਿਕਾ ਸਿੰਘ ਨੇ ਕਿਹਾ ਕਿ ਸਾਹਿਤ ਦੀ ਹਰ ਯੁਗ ਵਿੱਚ ਮਹੱਤਵਪੂਰਨ ਭੂਮਿਕਾ ਰਹੀ ਹੈ।ਉਨ੍ਹਾਂ ਕਿਹਾ ਕਿ ਉਦਾਸੀਨ ਤੇ ਅਰਾਜਿਕਤਾ ਦੇ ਅਜੋਕੇ ਮਾਹੌਲ ਵਿੱਚ ਸਾਹਿਤ ਦੀ ਭੂਮਿਕਾ ਹੋਰ ਵੀ ਵੱਧ ਜਾਂਦੀ ਹੈ, ਜਦੋਂ ਮਨੁੱਖ ਸਵੈ ਤੇ ਸਮਾਜ ਨਾਲੋਂ ਟੁੱਟ ਕੇ ਖ਼ਲਾਅ ਵਿੱਚ ਲਟਕ ਤੇ ਭਟਕ ਰਿਹਾ ਹੈ।ਇਸ ਉਪਰੰਤ ਸੁਰਿੰਦਰਪ੍ਰੀਤ ਘਣੀਆਂ ਨੇ ਆਪਣੀ ਕੈਨੇਡਾ ਫੇਰੀ ਦੇ ਅਨੁਭਵ ਤੇ ਸ਼ਾਇਰੀ ਸਾਂਝੀ ਕਰਦਿਆਂ ਅਸ਼ੀਰਵਾਦ ਸੰਸਥਾ ਤੇ ਬੁਲਾਰਿਆਂ ਦਾ ਧੰਨਵਾਦ ਕਰਨ ਉਪਰੰਤ ਕਿਹਾ ਕਿ ਇਹ ਸਨਮਾਨ ਉਸ ਨੂੰ ਜਿੱਥੇ ਹੌਸਲਾ ਦੇਵੇਗਾ, ਉਥੇ ਉਸ ਨੂੰ ਉਸ ਦੀ ਜ਼ਿੰਮੇਵਾਰੀਆਂ ਪ੍ਰਤੀ ਹੋਰ ਵੀ ਸੁਚੇਤ ਤੇ ਪਾਬੰਦ ਕਰੇਗਾ।ਇਸ ਮੌਕੇ ਜਿੱਥੇ ਉਕਤ ਸੰਸਥਾ ਵੱਲੋਂ ਸੁਰਿੰਦਰਪ੍ਰੀਤ ਘਣੀਆਂ ਨੂੰ ਸਨਮਾਨ ਪੱਤਰ ਤੇ ਸ਼ਸ਼ਾਲ ਭੇਟ ਕਰਕੇ ਉਸ ਦਾ ਸਨਮਾਨ ਕੀਤਾ ਗਿਆ, ਉਥੇ ਹੋਣਹਾਰ ਚਿੱਤਰਕਾਰ ਸਿਮਰੋਜ ਕੌਰ ਮੋਹਲ ਵੱਲੋਂ ਸੁਰਿੰਦਰਪ੍ਰੀਤ ਘਣੀਆਂ ਦਾ ਪੈਨਸਲ ਨਾਲ ਬਣਾਇਆ ਖੂਬਸੂਰਤ ਚਿੱਤਰ ਵੀ ਉਸ ਨੂੰ ਭੇਟ ਕੀਤਾ ਗਿਆ।ਸਮਾਗਮ ਦੇ ਦੂਸਰੇ ਸੈਸ਼ਨ ਵਿੱਚ ਹੋਏ ਕਵੀ ਦਰਬਾਰ ਵਿੱਚ ਸ੍ਰੀਮਤੀ ਸਨੇਹ ਗੋਸਵਾਮੀ, ਅੰਮ੍ਰਿਤ ਕਲੇਰ, ਕੁਲਦੀਪ ਸਿੰਘ ਦੀਪ, ਪ੍ਰੋ. ਜਸਕਰਨ ਜਸ, ਰਣਜੀਤ ਗੌਰਵ, ਗ਼ਜ਼ਲ ਗਾਇਕ ਹਰੀ ਕ੍ਰਿਸ਼ਨ ਸ਼ਰਮਾ, ਡਾ. ਰਾਜਪਾਲ ਸਿੰਘ, ਜਸਵਿੰਦਰ ਸੁਰਗੀਤ, ਗੁਰਦੇਵ ਕੋਟਫੱਤਾ, ਦਿਲਬਾਗ ਸਿੰਘ, ਇਕਬਾਲ ਪੀ. ਟੀ., ਪੋਰਿੰਦਰ ਸਿੰਗਲਾ, ਕੁਲਵੰਤ ਸਿੰਘ, ਸੁੰਦਰ ਸਿੰਘ ਬਾਜਾਖਾਨਾ ਆਦਿ ਸ਼ਾਇਰਾਂ ਨੇ ਆਪਣੀ ਸ਼ਾਇਰੀ ਨਾਲ ਸਰੋਤਿਆਂ ਨੂੰ ਸਰਸ਼ਾਰ ਕਰਨ ਦੇ ਨਾਲ ਨਾਲ ਉਨ੍ਹਾਂ ਦੇ ਚਿੱਤ ਤੇ ਚੇਤਨਾ ਨੂੰ ਵੀ ਭਰਵਾਂ ਹਲੂਣਾ ਦਿੱਤਾ।ਇਸ ਮੌਕੇ ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਕਵੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਤਰਕਸ਼ੀਲ ਸੁਸਾਇਟੀ ਵੱਲੋਂ ਗਿਆਨ ਸਿੰਘ ਮਛਾਣਾ ਦੀ ਅਗਵਾਈ ਵਿੱਚ ਤਰਕਸ਼ੀਲ ਸਾਹਿਤ ਦੀ ਸਟਾਲ ਵੀ ਲਗਾਈ ਗਈ।ਸਮਾਗਮ ਦੇ ਅਖੀਰ ਵਿੱਚ ਜਗਮੇਲ ਸਿੰਘ ਜਠੌਲ ਵੱਲੋਂ ਸਮੂਹ ਹਾਜ਼ਰੀਨ ਦਾ ਭਾਵਪੂਰਤ ਸ਼ਬਦਾਂ ਵਿੱਚ ਧੰਨਵਾਦ ਕੀਤਾ।

# ਰੁਕਣੇਵਾਲਾ ਦੇ ਬੰਨ੍ਹ ਨੂੰ ਬਚਾਉਣ ਲਈ ਬੀ ਕੇ ਯੂ ਕਾਦੀਆਂ ਨੇ ਭੇਜੇ ਮਿੱਟੀ ਦੇ ਟਰਾਲੇ

**ਜ਼ੀਰਾ (ਨਰਿੰਦਰ ਅਨੇਜਾ)**

ਹੜ੍ਹ ਪੀੜਤਾਂ ਦੀ ਮਦਦ ਕਰਨ ਲਈ ਪੰਜਾਬ ਦੇ ਲੋਕ ਇਸ ਸਮੇਂ ਦਿਨ-ਰਾਤ ਇੱਕ ਕਰ ਰਹੇ ਹਨ।ਕੁਝ ਅਜਿਹੇ ਸਵੇਦਨਸ਼ੀਲ ਇਲਾਕੇ ਹਨ, ਜਿੱਥੇ ਦਰਿਆ ਬੜੀ ਤੇਜ਼ੀ ਨਾਲ ਹੜ੍ਹਾਂ ਨੂੰ ਰੋਕਣ ਲਈ ਬਣਾਏ ਬੰਨ੍ਹਾਂ ਨੂੰ ਖੋਰ ਰਹੇ ਹਨ, ਅਜਿਹੀ ਹੀ ਸਥਿਤੀ ਮੱਖੂ ਤੋਂ ਜਲੰਧਰ ਰੋਡ ਤੋਂ ਦੋ ਕਿਲੋਮੀਟਰ ਦਰਿਆ ਵਾਲੇ ਪਾਸੇ ਪੈਂਦੇ ਪਿੰਡ ਰੁਕਣੇ ਵਾਲਾ ਵਿੱਚ ਬਣੀ ਹੋਈ ਹੈ।ਇਸ ਟੁੱਟ ਰਹੇ ਬੰਨ੍ਹ ਨੂੰ ਬਚਾਉਣ ਲਈ ਇਲਾਕੇ ਭਰ ਦੇ ਲੋਕ ਲਗਾਤਾਰ ਸੰਘਰਸ਼ ਕਰ ਰਹੇ ਹਨ।ਜਲੰਧਰ ਰੋਡ 'ਤੇ ਪੈਂਦੇ ਪਿੰਡ ਵੱਡੀਆਂ ਚੱਕੀਆਂ ਵਿੱਚ ਇੱਕ ਮਿੱਟੀ ਦਾ ਵੱਡਾ ਡੰਪ ਬਣਾ ਕੇ ਇਥੇ ਮਿੱਟੀ ਇਕੱਠੀ ਕੀਤੀ ਜਾਂਦੀ ਹੈ ਫਿਰ ਇਸ ਨੂੰ ਬੋਰੀਆਂ 'ਚ ਭਰ ਕੇ ਰੁਕਣੇ ਵਾਲੇ ਪਿੰਡ ਵਿੱਚ ਬੰਨ੍ਹ 'ਤੇ ਭੇਜਿਆ ਜਾਂਦਾ ਹੈ।ਇੱਥੇ ਮਿੱਟੀ ਭੇਜਣ ਵਾਸਤੇ ਬੀਕੇਯੂ ਕਾਦੀਆਂ ਦੀ ਟੀਮ ਨੇ ਵੱਡੀ ਗਿਣਤੀ 'ਚ ਟਰੈਕਟਰ ਟਰਾਲੀਆਂ ਲੈ ਕੇ ਨੂਰਪੁਰ ਪਿੰਡ ਤੋਂ ਮਿੱਟੀ ਲੈ ਕੇ ਕੋਈ 30 ਟਰਾਲੀਆਂ ਰੁਕਣੇ ਵਾਲਾ ਪਿੰਡ ਨੂੰ ਰਵਾਨਾ ਕੀਤੀਆਂ।ਇਸ ਮੌਕੇ ਬੋਲਦਿਆਂ ਸੁਖਦੇਵ ਸਿੰਘ ਸਨੇਰ ਬਲਾਕ ਪ੍ਰਧਾਨ ਬੀਕੇਯੂ ਕਾਦੀਆਂ ਜ਼ੀਰਾ, ਹਰਪ੍ਰੀਤ ਸਿੰਘ ਲੌਂਗੋਦੇਵਾ, ਜ਼ਿਲ੍ਹਾ ਮੀਤ ਪ੍ਰਧਾਨ, ਵਿੱਕੀ ਨਾਰੰਗ, ਪ੍ਰਸਿੱਧ ਗੁਰਚਰਨ ਸਿੰਘ ਨੂਰਪੁਰ ਭੁਪਿੰਦਰ ਸਿੰਘ ਬਲਾਕ ਪ੍ਰਧਾਨ ਮੱਖੂ ਬਖਸ਼ੀਸ਼ ਸਿੰਘ ਸਰਪੰਚ ਪਿੰਡ ਨੂਰਪੁਰ ਨੇ ਦੱਸਿਆ ਕਿ ਇਲਾਕੇ ਭਰ ਜਾਗਦੀਆਂ ਜ਼ਮੀਰਾਂ ਵਾਲੇ ਨੌਜਵਾਨ ਇਸ ਸਮੇਂ ਵੱਡੀ ਗਿਣਤੀ ਵਿੱਚ ਨੂਰਪੁਰ ਮਾਛੀਵਾੜਾ ਪਿੰਡ ਵਿੱਚ ਪਹੁੰਚੇ ਹਨ ਅਤੇ ਟਰਾਲੇ ਭਰ ਕੇ ਰੁਕਣੇ ਵਾਲਾ ਪਿੰਡ ਨੂੰ ਇਥੋਂ ਰਵਾਨਾ ਕੀਤੇ ਜਾਣਗੇ।ਇਸ ਮੌਕੇ ਜਸਵੀਰ ਸਿੰਘ ਸ਼ੀਰਾ ਚੋਹਲਾ ਤੇ ਪੱਤਰਕਾਰ ਗੁਰਪ੍ਰੀਤ ਸਿੰਘ ਭੁੱਲਰ ਵੱਲੋਂ ਜੇਸੀਬੀ ਮਸ਼ੀਨਾਂ ਦੀਆਂ ਮੁਫਤ ਸੇਵਾਵਾਂ ਟਰਾਲਿਆਂ ਨੂੰ ਭਰਨ ਲਈ ਦਿੱਤੀਆਂ ਗਈਆਂ।ਟਰਾਲੇ ਲੈ ਕੇ ਜਾਣ ਵਿੱਚ ਰਾਜਪ੍ਰੀਤ ਸਿੰਘ ਇਕਾਈ ਪ੍ਰਧਾਨ ਬੀਕੇਯੂ ਕਾਦੀਆਂ ਖੋਸਾ ਦਲ ਸਿੰਘ, ਭੁਪਿੰਦਰ ਸਿੰਘ ਮੀਤ ਪ੍ਰਧਾਨ ਬੀਕੇਯੂ ਕਾਦੀਆਂ ਖੋਸਾ ਦਲ ਸਿੰਘ, ਮਨਦੀਪ ਸਿੰਘ, ਬਲਜੀਤ ਸਿੰਘ, ਬਲਤੇਜ ਸਿੰਘ, ਜਸਕਰਨ ਸਿੰਘ, ਨਰਿੰਦਰ ਸਿੰਘ ਬਲਾਕ ਸੰਮਤੀ ਮੈਂਬਰ, ਗੁਰਪ੍ਰੀਤ ਸਿੰਘ, ਅਮਰਵੀਰ ਸਿੰਘ, ਕੋਮਲਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਜਗਸੀਰ ਸਿੰਘ, ਬੇਅੰਤ ਸਿੰਘ, ਜਗਰੂਪ ਸਿੰਘ, ਹਰਮਨ ਖੋਸਾ, ਕੁਲਦੀਪ ਸਿੰਘ, ਹਰਜਿੰਦਰ ਸਿੰਘ ਸਰਪੰਚ ਖੋਸਾ ਦਲ ਸਿੰਘ, ਰਜਿੰਦਰ ਸਿੰਘ, ਬਲਤੇਜ ਸਿੰਘ, ਮੰਦਰ ਸਿੰਘ ਨੇ ਆਪਣੇ ਕੋਲੋਂ ਤੇਲ ਦਾ ਖਰਚਾ ਕਰਕੇ ਟਰਾਲਿਆਂ ਦੀ ਸੇਵਾ ਨਿਭਾਈ। ਇਸ ਮੌਕੇ ਬਖਸ਼ਿਸ਼ ਸਿੰਘ ਨੰਬਰਦਾਰ, ਸੁੱਚਾ ਸਿੰਘ ਨੂਰਪੁਰ, ਦਲਜੀਤ ਸਿੰਘ ਬਾਬਾ ਨੂਰਪੁਰ, ਸੁਖਵਿੰਦਰ ਮਨੇਸ, ਬਖਸ਼ੀਸ਼ ਸਿੰਘ ਨੰਬਰਦਾਰ, ਬਲਜੀਤ ਸਿੰਘ ਸਰਪੰਚ ਮਸਤੇਵਾਲਾ, ਅਮਰ ਸਿੰਘ ਮਨੇਸ਼, ਨਿਸ਼ਾਨ ਸਿੰਘ ਮਾਛੀਵਾੜਾ, ਕੁਲਦੀਪ ਸਿੰਘ, ਮਨਦੀਪ ਸਿੰਘ, ਗੋਪੀ ਸ਼ਾਹ ਵਾਲਾ, ਗੋਰਾ ਮਨੇਸ਼, ਗੁਰਜੰਟ ਸਿੰਘ ਬੇਰੀਵਾਲਾ, ਰਾਜਾ ਬੇਰੀਵਾਲਾ, ਗੋਪੀ ਬੇਰੀ ਵਾਲਾ, ਮੋਹਣਾ, ਨਵੀ, ਬਿੱਲਾ ਨੂਰਪੁਰ, ਜਿੰਦਾ ਕਿਲੀ, ਗੁੱਗੂ ਨੂਰਪੁਰ ਤੋਂ ਇਲਾਵਾ ਖੁਸ਼ਕਰਨ ਸਿੰਘ, ਰਸ਼ਪਾਲ ਸਿੰਘ, ਹਰਜਿੰਦਰ ਸਿੰਘ, ਨਵਦੀਪ ਸਿੰਘ, ਮਨਮੀਤ ਸਿੰਘ, ਲਵਪ੍ਰੀਤ ਸਿੰਘ, ਬਲਤੇਜ ਸਿੰਘ, ਖੁਸ਼ਦੀਪ ਸਿੰਘ, ਹਰਮਨਦੀਪ ਸਿੰਘ, ਗੁਰਵਿੰਦਰ ਸਿੰਘ, ਹਰਜਿੰਦਰ ਸਿੰਘ, ਜਗਸੀਰ ਸਿੰਘ ਚੌਂਕੀਦਾਰ ਤੇ ਗੁਰਭੇਜ ਸਿੰਘ ਨੇ ਸੇਵਾਵਾਂ ਦਿੱਤੀਆਂ।

# ਦੋ ਮਹੀਨਿਆਂ ਤੋਂ ਮਿਡ ਡੇ ਮੀਲ ਦੀ ਕੁਕਿੰਗ ਕਾਸਟ ਨਾ ਮਿਲਣ ਕਾਰਨ ਸਕੂਲਾਂ ਦੇ ਚੁੱਲ੍ਹੇ ਬੰਦ ਹੋਣ ਕਿਨਾਰੇ



**ਜ਼ੀਰਾ (ਗੁਰਿੰਦਰ ਅਨੇਜਾ)**-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਜਥੇਬੰਦਕ ਸਕੱਤਰ ਬਲਵਿੰਦਰ ਸਿੰਘ ਭੁੱਟੋ, ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ ਰਜੀਵ ਹਾਂਡਾ, ਸੀਨੀਅਰ ਮੀਤ ਪ੍ਰਧਾਨ ਗੁਰਚਰਨ ਸਿੰਘ ਕਲਸੀ, ਜ਼ਿਲ੍ਹਾ ਜਨਰਲ ਸਕੱਤਰ ਜਗਸੀਰ ਸਿੰਘ ਗਿੱਲ ਤੇ ਵਿੱਤ ਸਕੱਤਰ ਬਲਵਿੰਦਰ ਸਿੰਘ ਸੰਧੂ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਰ ਰੋਜ਼ ਵਿਕਾਸ ਦੀਆਂ ਨਵੀਆਂ ਮੰਜ਼ਿਲਾਂ ਮਾਰਨ ਦੀ ਦਮਗਜ਼ੇ ਮਾਰੇ ਜਾ ਰਹੇ ਹਨ ਅਤੇ ਦੂਸਰੇ ਪਾਸੇ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਚੱਲ ਰਹੇ ਮਿੱਡੇ ਮੀਲ ਸਕੀਮ ਦੀ ਕੁਕਿੰਗ ਕਾਸਟ ਪਿਛਲੇ ਦੋ ਮਹੀਨਿਆਂ ਤੋਂ ਸਕੂਲਾਂ ਨੂੰ ਨਹੀਂ ਮਿਲੀ, ਜਿਸ ਕਾਰਨ ਇਹ ਸਕੀਮ ਖਤਮ ਹੋਣ ਕਿਨਾਰੇ ਲੱਗ ਰਹੀ ਹੈ, ਜਥੇਬੰਦੀ ਨੂੰ ਬਹੁਤ ਸਾਰੇ ਸਕੂਲ ਮੁਖੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਮਿਡ ਡੇ ਮੀਲ ਤਹਿਤ ਬਹੁਤ ਸਾਰਾ ਰਾਸ਼ਨ ਪਿਛਲੇ ਦੋ ਮਹੀਨਿਆਂ ਤੋਂ ਉਧਾਰ ਚੱਕਿਆ ਹੋਇਆ ਹੈ ਤੇ ਹੁਣ ਦੁਕਾਨਾਂ ਵਾਲਿਆਂ ਨੇ ਵੀ ਰਾਸ਼ਨ ਉਧਾਰ ਦੇਣਾ ਬੰਦ ਕਰ ਦਿੱਤਾ ਹੈ, ਜਿਸ ਕਰਕੇ ਇਸ ਸਕੀਮ ਨੂੰ ਬਿਨਾਂ ਕੁਕਿੰਗ ਫੰਡ ਜਾਰੀ ਹੋਣ ਤੋਂ ਅੱਗੇ ਚਲਾਉਣਾ ਸਕੂਲ ਮੁਖੀਆਂ ਲਈ ਬਹੁਤ ਹੀ ਮੁਸ਼ਕਲ ਹੋ ਗਿਆ ਹੈ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਦੇ ਨਾਂ 'ਤੇ ਸਕੂਲ ਮੁਖੀਆਂ ਤੋਂ ਬਹੁਤ ਸਾਰਾ ਖਰਚਾ ਕਰਾਇਆ ਸੀ ਅਤੇ ਇਹ ਖਰਚਾ ਬਾਅਦ ਵਿੱਚ ਦੇਣ ਦੀ ਗੱਲ ਆਖੀ ਸੀ ਤੇ ਇਸ ਸਮਾਗਮ ਨੂੰ ਕਈ ਮਹੀਨੇ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਵੀ ਸਕੂਲਾਂ ਨੂੰ ਸਿੱਖਿਆ ਕ੍ਰਾਂਤੀ ਸਕੀਮ ਦੇ ਪੈਸੇ ਨਹੀਂ ਦਿੱਤੇ ਗਏ ਅਤੇ ਹੁਣ ਉਹ ਉਧਾਰੀ ਵੀ ਉਸੇ ਤਰ੍ਹਾਂ ਹੀ ਖੜੀ ਹੈ। ਬਹੁਤ ਸਾਰੇ ਸਕੂਲ ਮੁਖੀਆਂ ਨੇ ਕਿਹਾ ਕਿ ਹੁਣ ਇਸ ਮਹਿੰਗਾਈ ਦੇ ਦੌਰ ਵਿੱਚ ਆਪਣਾ ਆਪਣਾ ਘਰ ਚਲਾਉਣਾ ਤੇ ਨਾਲ ਹੀ ਵੱਡੇ ਪੱਧਰ 'ਤੇ ਸਕੂਲ ਦਾ ਖਰਚਾ ਚਲਾਉਣਾ ਬਹੁਤ ਹੀ ਮੁਸ਼ਕਲ ਹੋਇਆ ਪਿਆ ਹੈ। ਜੀ ਟੀ ਯੂ ਪੰਜਾਬ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕੁਕਿੰਗ ਕਾਸਟ ਦੇ ਪੈਸੇ ਤੁਰੰਤ ਜਾਰੀ ਕੀਤੇ ਜਾਣ ਤੇ ਸਿੱਖਿਆ ਕ੍ਰਾਂਤੀ ਤਹਿਤ ਕਰਾਏ ਗਏ ਖਰਚੇ ਦੀ ਫੰਡ ਵੀ ਤੁਰੰਤ ਜਾਰੀ ਕੀਤੇ ਜਾਣ। ਇਸ ਸਮੇਂ ਹਰਪਾਲ ਸਿੰਘ, ਸੁਖਵਿੰਦਰ ਬਿੰਜਾ, ਭੁਪਿੰਦਰ ਸਿੰਘ, ਰਾਜਿੰਦਰ ਕੁਮਾਰ, ਸੰਦੀਪ ਸਤੀਏ ਵਾਲਾ, ਬਲਜਿੰਦਰ ਸਿੰਘ, ਗੌਰਵ ਮੁੰਜਾਲ, ਇਕਬਾਲ ਸਿੰਘ, ਜਸਵਿੰਦਰ ਮਮਦੋਟ, ਸੁਰਿੰਦਰ ਨਰੂਲਾ, ਸ਼ਹਿਨਾਜ਼ ਨਰੂਲਾ, ਬਲਵਿੰਦਰ ਕੌਰ ਬਹਿਲ, ਸੰਜੇ ਚੌਧਰੀ, ਪ੍ਰੇਮ ਸਿੰਘ, ਜਸਵੀਰ ਸਿੰਘ, ਰਣਜੀਤ ਸਿੰਘ ਖਾਲਸਾ, ਗੁਰਮੀਤ ਸਿੰਘ ਧੰਮ, ਨਿਸ਼ਾਨ ਸਿੰਘ ਢਿੱਲੋਂ, ਪੁਸ਼ਪਿੰਦਰ ਲੱਕੀ, ਅਜੇ ਕੁਮਾਰ, ਪਰਮਿੰਦਰ ਸਿੰਘ, ਤੀਰਥ ਸਿੰਘ ਆਦਿ ਹਾਜ਼ਰ ਸਨ।

# ਪਿਸਤੌਲ ਦੀ ਨੋਕ 'ਤੇ ਪੈਟਰੋਲ ਪੰਪ ਦੇ ਕਰਿੰਦੇ ਤੋਂ ਨਗਦੀ ਲੁੱਟੀ, ਮਾਮਲਾ ਦਰਜ

## ਪ੍ਰਸ਼ਾਸਨ ਨੂੰ ਗਸ਼ਤ ਵਧਾਉਣੀ ਚਾਹੀਦੀ : ਪ੍ਰਗਟ ਸਿੰਘ



**ਬਠਿੰਡਾ (ਰਾਜੀਵ ਗੋਇਲ)**-ਸੂਬੇ ਅੰਦਰ ਦਿਨੋਂ ਦਿਨ ਵਿਗੜਦੀ ਜਾ ਰਹੀ ਅਮਨ ਕਾਨੂੰਨ ਦੀ ਵਿਵਸਥਾ ਨੇ ਆਮ ਲੋਕਾਂ ਦਾ ਘਰਾਂ 'ਤੋਂ ਬਾਹਰ ਨਿਕਲਣਾ ਦੁੱਭਰ ਕਰ ਦਿੱਤਾ ਹੈ। ਆਏ ਦਿਨ ਦਿਨ ਚੋਰ ਲੁਟੇਰੇ ਵਾਰਦਾਤਾਂ ਨੂੰ ਅੰਜਾਮ ਦਿੰਦੇ ਨਜ਼ਰ ਆ ਰਹੇ ਹਨ ਤੇ ਇਸ ਦੀ ਤਾਜ਼ਾ ਮਿਸਾਲ ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਦੇ ਨਾਲ ਲਗਦੀ ਪਿੰਡ ਸਿਰੀਏਵਾਲਾ ਦੀ ਹੱਦ 'ਤੇ ਸਥਿਤ ਸੋਢੀ ਪੀ ਕੰਪਨੀ ਦੇ ਪੈਟਰੋਲ ਪੰਪ ਤੋਂ ਦੋ ਪਲਟੀਨਾ ਮੋਟਰਸਾਈਕਲ ਸਵਾਰ ਲੋਕਾਂ ਨੇ ਪੰਪ ਦੇ ਕਰਿੰਦੇ ਤੋਂ ਹੱਥੋਪਾਈ ਕਰਕੇ ਪਿਸਤੌਲ ਦੀ ਨੋਕ 'ਤੇ ਕਰੀਬ 15000/- ਦੀ ਨਗਦੀ ਲੁੱਟੀ ਗਈ ਹੈ। ਇਸ ਘਟਨਾ ਨਾਲ ਆਮ ਲੋਕਾਂ ਵਿੱਚ ਸਹਿਮ ਦਾ ਮਾਹੌਲ ਦੇਖਣ ਨੂੰ ਮਿਲ ਰਿਹਾ ਹੈ। ਉਧਰ ਪੰਪ ਮਾਲਕ ਸੁਰਿੰਦਰ ਸਿੰਘ ਉਰਫ ਕੁੱਕੂ ਨੇ ਦੱਸਿਆ ਕਿ ਦੋ ਮੋਟਰਸਾਈਕਲ ਸਵਾਰ ਪੰਪ 'ਤੇ ਆਏ ਤੇ ਤੇਲ ਪਵਾਉਣ ਦਾ ਬਹਾਨਾ ਬਣਾ ਕਰਿੰਦੇ ਨਾਲ ਹੱਥੋਪਾਈ ਕਰਦੇ ਹੋਏ ਪਿਸਤੌਲ ਦੀ ਨੋਕ 'ਤੇ ਨਗਦੀ ਲੁੱਟ ਕੇ ਫਰਾਰ ਹੋ ਗਏ। ਇਸ ਮਸਲੇ ਨੂੰ ਲੈ ਕੇ ਪੈਟਰੋਲ ਪੰਪ ਯੂਨੀਅਨ ਦੇ ਆਗੂ ਭਾਈ ਪ੍ਰਗਟ ਸਿੰਘ ਭੋਡੀਪੁਰਾ ਵੱਲੋਂ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਗਸ਼ਤ ਵਧਾਉਣ ਦੀ ਮੰਗ ਕਰਦੇ ਹੋਏ ਪੰਪਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਘਟਨਾ ਦੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇ।

ਇਸ ਮਸਲੇ ਨੂੰ ਲੈ ਕੇ ਥਾਣਾ ਭਗਤਾ ਦੀ ਪੁਲਸ ਵੱਲੋਂ ਮੁਕੱਦਮਾ ਦਰਜ ਕਰਕੇ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ ਤੇ ਥਾਣਾ ਮੁਖੀ ਦਾ ਕਹਿਣਾ ਸੀ ਕਿ ਸੰਬੰਧਤ ਮੁਲਜ਼ਮਾਂ ਨੂੰ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ।

# ਪੱਤਰਕਾਰ ਭਾਈਚਾਰੇ ਵੱਲੋਂ 'ਪਈ ਪੰਜਾਬ ਨੂੰ ਹੜ੍ਹਾਂ ਦੀ ਮਾਰ, ਕਿਵੇਂ ਬਚਾਈਏ ਕਰੋ ਵਿਚਾਰ' 'ਤੇ ਗੋਸ਼ਟੀ



**ਧੂਰੀ (ਮਨੋਹਰ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**-ਸਥਾਨਕ ਪੱਤਰਕਾਰ ਭਾਈਚਾਰੇ ਵੱਲੋਂ ਪੰਜਾਬ 'ਚ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਦੀ ਮਦਦ ਲਈ 'ਪਈ ਪੰਜਾਬ ਨੂੰ ਹੜ੍ਹਾਂ ਦੀ ਮਾਰ, ਕਿਵੇਂ ਬਚਾਈਏ ਕਰੋ ਵਿਚਾਰ' ਬੈਨਰ ਹੇਠ ਵਿਚਾਰ ਚਰਚਾ ਪ੍ਰੋਗਰਾਮ ਕਰਵਾਇਆ ਗਿਆ।ਇਸ ਮੌਕੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਦੇ ਡਿਪਟੀ ਡਾਇਰੈਕਟਰ ਪ੍ਰਭਦੀਪ ਸਿੰਘ ਨੱਥੋਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦੇ ਸ਼ੁਰੂ 'ਚ ਪੱਤਰਕਾਰ ਰੂ ਲਹਿਰੀ ਨੇ ਸਵਾਗਤੀ ਸ਼ਬਦ ਆਖਦਿਆਂ ਕਿਹਾ ਕਿ ਪੱਤਰਕਾਰ ਭਾਈਚਾਰੇ ਵੱਲੋਂ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਦੀ ਮਦਦ ਕਰਨ ਦਾ ਫੈਸਲਾ ਕੀਤਾ ਗਿਆ ਹੈ।ਆਪਣੇ ਸੰਬੋਧਨ 'ਚ ਪ੍ਰਭਦੀਪ ਸਿੰਘ ਨੱਥੋਵਾਲ ਨੇ ਹੜ੍ਹ ਪੀੜਤਾਂ ਦੀ ਮਦਦ ਕਰਨ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਿਸ ਤ੍ਰਾਸਦੀ 'ਚੋਂ ਪੰਜਾਬ ਗੁਜਰ ਰਿਹਾ ਹੈ, ਅਜਿਹੇ ਸਮੇਂ ਸਾਡਾ ਹੜ੍ਹ ਪੀੜਤਾਂ ਦੀ ਮਦਦ ਕਰਨ ਦਾ ਇਨਸਾਨੀ ਫਰਜ਼ ਬਣਦਾ ਹੈ।ਉਨ੍ਹਾਂ ਪੱਤਰਕਾਰ ਭਾਈਚਾਰੇ ਵੱਲੋਂ ਪਾਈ ਨਵੀਂ ਪਿਰਤ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਿੱਥੇ ਮੀਡੀਆ ਖਬਰਾਂ ਦੇ ਰੂਪ 'ਚ ਸਮਾਜ ਲਈ ਸੇਵਾਵਾਂ ਨਿਭਾਅ ਰਿਹਾ ਹੈ, ਉਥੇ ਹੜ੍ਹ ਪੀੜਤਾਂ ਦੀ ਮਦਦ 'ਤੇ ਆਉਣਾ ਪੱਤਰਕਾਰ ਭਾਈਚਾਰੇ ਦਾ ਸ਼ਲਾਘਾਯੋਗ ਉਪਰਾਲਾ ਹੈ।ਇਸ ਮੌਕੇ ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਤੇ ਮੁੱਖ ਮੰਤਰੀ ਕੈਂਪਸ ਦਫ਼ਤਰ ਧੂਰੀ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ, ਪੰਜਾਬ ਗਊਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਆਲ ਇੰਡੀਆ ਐਫ ਸੀ ਆਈ ਸਟਾਫ਼ ਯੂਨੀਅਨ ਦੇ ਕੌਮੀ ਪ੍ਰਧਾਨ ਸਤਿੰਦਰ ਸਿੰਘ ਚੱਠਾ, ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਜਗਤਾਰ ਸਿੰਘ ਸਮਰਾ, ਕਾਂਗਰਸ ਆਗੂ ਨਰੇਸ਼ ਮੰਗੀ, ਪੰਜਾਬ ਲਘੂ ਉਦਯੋਗ ਨਿਗਮ ਦੇ ਡਾਇਰੈਕਟਰ ਅਨਿਕ ਮਿੱਤਲ, ਜ਼ਿਲ੍ਹਾ ਯੋਜਨਾ ਬੋਰਡ ਦੇ ਮੈਂਬਰ ਨਰੇਸ਼ ਸਿੰਗਲਾ ਤੇ ਸਾਬਕਾ ਡਿਪਟੀ ਡਾਇਰੈਕਟਰ ਲੋਕ ਸੰਪਰਕ ਵਿਭਾਗ ਪੰਜਾਬ ਨੇ ਆਪਣੇ ਸੰਬੋਧਨ 'ਚ ਪੱਤਰਕਾਰ ਭਾਈਚਾਰੇ ਦੇ ਉੱਦਮ ਦੀ ਸ਼ਲਾਘਾ ਕਰਦਿਆਂ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਆਖਰ ਪੱਤਰਕਾਰ ਬੀਰਬਲ ਰਿਸ਼ੀ ਨੇ ਪੱਤਰਕਾਰ ਭਾਈਚਾਰੇ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ।

# ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਉਣ ਦੀ ਲੋੜ : ਹਰਦੀਪ ਦੌਲਤਪੁਰ



**ਧੂਰੀ (ਮਨੋਹਰ ਸਿੰਘ ਸੱਗੂ)**-ਸੀਨੀਅਰ ਕਾਂਗਰਸ ਆਗੂ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਕਿਸਾਨ ਵਿੰਗ ਦੇ ਸੂਬਾਈ ਜਨਰਲ ਸਕੱਤਰ ਹਰਦੀਪ ਸਿੰਘ ਦੌਲਤਪੁਰ ਨੇ ਪੰਜਾਬ 'ਚ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਸਾਰਿਆਂ ਨੂੰ ਹੜ੍ਹਾਂ ਕਾਰਨ ਪ੍ਰਭਾਵਤ ਲੋਕਾਂ ਦੀ ਮੱਦਦ ਲਈ ਅੱਗੇ ਆਉਣ ਦੀ ਲੋੜ ਹੈ।ਦੌਲਤਪੁਰ ਨੇ ਕਿਹਾ ਕਿ ਹੜ੍ਹਾਂ ਦੀ ਮਾਰ ਹੇਠ ਆਏ ਪੰਜਾਬ ਦੇ ਜ਼ਿਲ੍ਹਿਆਂ ਦੇ ਲੋਕਾਂ ਦਾ ਵੱਡੇ ਪੱਧਰ 'ਤੇ ਫ਼ਸਲਾਂ ਦਾ ਅਤੇ ਮਾਲੀ ਨੁਕਸਾਨ ਹੋਇਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਹੀ ਪੰਜਾਬ ਦੇ ਲੋਕਾਂ ਨਾਲ ਖੜਦਾ ਆਇਆ ਹੈ ਤੇ ਹੁਣ ਸਮਾਂ ਪੀੜਤਾਂ ਦੀ ਮਦਦ ਕਰਨ ਦਾ ਹੈ ਤੇ ਸਾਨੂੰ ਸਰਕਾਰਾਂ ਨੂੰ ਮਾੜਾ ਚੰਗਾ ਕਹਿਣ ਦੀ ਬਜਾਏ ਸਗੋਂ ਇਕੱਠੇ ਹੋ ਕੇ ਹੜ੍ਹਾਂ ਤੋਂ ਪ੍ਰਭਾਵਤ ਲੋਕਾਂ ਦੀ ਮਦਦ ਲਈ ਅੱਗੇ ਆਉਣ ਦੀ ਲੋੜ ਹੈ। ਹਰਦੀਪ ਦੌਲਤਪੁਰ ਨੇ ਅਪੀਲ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਰਲ ਮਿਲ ਹੜ੍ਹ ਪੀੜਤਾਂ ਦੀ ਮਦਦ ਲਈ ਸੁੱਕਾ ਰਾਸ਼ਨ, ਦਾਲ਼ਾਂ ਤੇ ਹੋਰ ਲੋੜੀਂਦੇ ਸਾਮਾਨ ਤੋਂ ਇਲਾਵਾ ਪਸ਼ੂਆਂ ਲਈ ਹਰਾ ਚਾਰਾ ਅਤੇ ਤੂੜੀ ਆਦਿ ਇਕੱਠੀ ਕਰਕੇ ਹੜ੍ਹ ਪੀੜਤਾਂ ਤੱਕ ਪੁਚਾਉਣ ਦੀ ਲੋੜ ਹੈ।

# ਹੜ੍ਹ ਦੀ ਮਾਰ ਹੇਠਾਂ ਆਏ ਪਿੰਡਾਂ ਨਾਲ ਚਟਾਨ ਵਾਂਗੂ ਖੜ੍ਹੇ ਹਾਂ : ਕਾਕਾ ਬਰਾੜ

## ਪਿੰਡ-ਪਿੰਡ ਅਧਿਕਾਰੀਆਂ ਨਾਲ ਜਾ ਕੇ ਲਿਆ ਜਾਇਜ਼ਾ, ਲੋੜੀਂਦੇ ਪ੍ਰਬੰਧ ਕਰਵਾਏ ਮੁਕੰਮਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਬੀਤੇ ਕਈ ਦਿਨਾਂ ਤੋਂ ਰੁਕ ਰੁਕ ਕੇ ਪੈ ਰਹੇ ਮੀਂਹ ਦੇ ਪਾਣੀ ਦੀ ਮਾਰ ਹੇਠਾਂ ਆਏ ਹਲਕਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡਾਂ ਨਾਲ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਚੱਟਾਨ ਵਾਂਗ ਖੜੇ ਨਜ਼ਰ ਆ ਰਹੇ ਹਨ।ਖੁਦ ਅਧਿਕਾਰੀਆਂ ਨੂੰ ਨਾਲ ਲੈ ਕੇ ਪਿੰਡ ਪਿੰਡ ਜਾ ਕੇ ਜਾਇਜ਼ਾ ਲੈਣ ਤੋਂ ਇਲਾਵਾ ਲੋੜੀਂਦੇ ਪ੍ਰਬੰਧ ਮੁਕੰਮਲ ਕਰਵਾਏ ਜਾ ਰਹੇ ਹਨ।ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਪਾਣੀ ਦੀ ਮਾਰ ਹੇਠਾਂ ਆਏ ਪਿੰਡ ਕੋਟਲੀ ਸੰਘਰ, ਉਦੇਕਰਨ, ਜਗਤ ਸਿੰਘ ਵਾਲਾ, ਭੰਗੇਵਾਲਾ, ਅਟਾਰੀ ਤੇ ਹੋਰਨਾਂ ਪਿੰਡਾਂ ਦਾ ਦੌਰਾ ਕੀਤਾ।ਇਸ ਮੌਕੇ ਉਨ੍ਹਾਂ ਨਾਲ ਐੱਸਡੀਐੱਮ ਮੈਡਮ ਬਲਜੀਤ ਕੌਰ, ਤਹਿਸੀਲਦਾਰ ਗੁਰਪ੍ਰੀਤ ਸਿੰਘ ਤੇ ਕਾਨੂੰਗੋ ਸੁਖਦੇਵ ਮੁਹੰਮਦ ਤੋਂ ਇਲਾਵਾ ਡਰੇਨ ਵਿਭਾਗ ਦੇ ਐੱਸਡੀਓ ਹਰਦੀਪ ਸਿੰਘ ਭੁੱਲਰ ਆਦਿ ਹਾਜ਼ਰ ਸਨ।ਆਪਣੇ ਦੌਰੇ ਦੌਰਾਨ ਵਿਧਾਇਕ ਕਾਕਾ ਬਰਾੜ ਨੇ ਆਖਿਆ ਕਿ ਆਪਣੇ ਹਲਕੇ ਦੀ ਸਥਿਤੀ ਹਾਲੇ ਕੰਟਰੋਲ ਵਿੱਚ ਹੈ, ਕਿਉਂਕਿ ਪਾਣੀ ਨੂੰ ਨਹਿਰਾਂ ਤੇ ਸੇਮ ਨਾਲਿਆਂ ਵਿੱਚ ਸੁੱਟਣ ਲਈ ਮੋਟਰਾਂ, ਲਿਫਟ ਪੰਪ ਤੇ ਹੋਰ ਪ੍ਰਬੰਧ ਕਰਵਾਏ ਗਏ ਹਨ।ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਵੀ ਸਖਤ ਆਦੇਸ਼ ਦਿੱਤੇ ਹਨ ਕਿ ਜਦੋਂ ਵੀ ਕੋਈ ਪਿੰਡ ਦੇ ਜ਼ਿੰਮੇਵਾਰ ਵਿਅਕਤੀ ਦਾ ਫੋਨ ਆਉਂਦਾ ਹੈ ਤਾਂ ਤੁਰੰਤ ਇਸ 'ਤੇ ਕਾਰਵਾਈ ਕੀਤੀ ਜਾਵੇ।ਵਿਧਾਇਕ ਕਾਕਾ ਬਰਾੜ ਦਾ ਲਗਾਤਾਰ ਪਿੰਡਾਂ ਨਾਲ ਰਾਬਤਾ ਬਣਿਆ ਹੋਇਆ ਹੈ, ਜਦੋਂ ਵੀ ਕੋਈ ਲੋੜ ਹੋਵੇ ਤਾਂ ਤੁਰੰਤ ਸੰਪਰਕ ਕੀਤਾ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ, ਉਸ ਦੀ ਭਰਪਾਈ ਕਰਨ ਲਈ ਵੀ ਵਚਨਬੱਧ ਹੈ।ਇਸ ਮੌਕੇ ਬਲਰਾਜ ਸਿੰਘ ਭੁੱਲਰ, ਉਪਕਾਰ ਸਿੰਘ, ਮਨਜੀਤ ਸਿੰਘ, ਗੁਰਸੇਵਕ ਸਿੰਘ, ਦਵਿੰਦਰ ਸਿੰਘ, ਗੁਰਰਾਜ ਸਿੰਘ, ਸਰਪੰਚ ਨਿੱਕਾ ਸਿੰਘ, ਮਨੀ ਸਿੰਘ, ਗੁਰਚਰਨ ਸਿੰਘ, ਗੁਰਦਿਆਲ ਸਿੰਘ, ਗੋਬਿੰਦ ਸਿੰਘ, ਪਰਮਜੀਤ ਸਿੰਘ ਪੰਮਾ ਨੰਬਰਦਾਰ ਆਦਿ ਪਿੰਡ ਵਾਸੀ ਹਾਜ਼ਰ ਸਨ।

# ਹੈਰੋਇਨ ਸੇਵਨ ਕਰਨ ਦੇ ਦੋਸ਼ 'ਚ 3 ਗ੍ਰਿਫਤਾਰ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਦਾਣਾ ਮੰਡੀ ਜਲਾਲਾਬਾਦ ਦੇ ਸ਼ੈੱਡ ਦੇ ਕੋਲ ਨਸ਼ੇ ਜਾ ਸੇਵਨ ਕਰਦੇ 3 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਾਂਚ ਅਧਿਕਾਰੀ ਐਸ.ਆਈ. ਅਮਨਦੀਪ ਕੌਰ ਨੇ ਦੱਸਿਆ ਕਿ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਦਾਣਾ ਮੰਡੀ ਜਲਾਲਾਬਾਦ ਦੇ ਸ਼ੈਡ ਦੇ ਕੋਲ ਪੁੱਜੀ ਤਾਂ ਉਥੇ ਹਰਜੀਤ ਸਿੰਘ ਪੁੱਤਰ ਫਲਕ ਸਿੰਘ ਤੇ ਮਹਿੰਦਰ ਸਿੰਘ ਪੁੱਤਰ ਰੇਸ਼ਮ ਸਿੰਘ ਵਾਸੀਆਨ ਚੱਕ ਅਰਾਈਆਂਵਾਲਾ ਉਰਫ ਫਲੀਆਂਵਾਲਾ ਨੂੰ ਕਾਬੂ ਕਰਕੇ ਉਨ੍ਹਾਂ ਕੋਲੋ ਇਕ ਸਿਲਵਰ ਦੀ ਪੰਨੀ, ਜਿਸ ਦੇ ਉਪ ਹੈਰੋਇਨ ਜਲੀ ਹੋਈ ਤੇ ਕੁਝ ਚਿਪਕੀ ਹੋਈ, 10 ਰੁਪਏ ਦਾ ਨੋਟ ਸਿਗਰਟ ਟਾਇਪ ਤੇ ਥੋੜ੍ਹਾ ਸੜਿਆ ਹੋਇਆ, ਇਕ ਲਾਇਟਰ ਬਰਾਮਦ ਕੀਤਾ ਗਿਆ। ਇਨ੍ਹਾਂ ਵਿਅਕਤੀਆਂ ਦੇ ਵਿਰੁੱਧ ਥਾਣਾ ਸਿਟੀ ਜਲਾਲਾਬਾਦ ਵਿਖੇ ਧਾਰਾ ਐਨ.ਡੀ.ਪੀ. ਐਕਟ ਤਹਿਤ ਮੁਕੱਦਮਾ ਦਰਜ ਕਰਕੇ ਪੁਲਿਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਥਾਣਾ ਸਦਰ ਜਲਾਲਾਬਾਦ ਦੀ ਪੁਲਸ ਨੇ ਪਿੰਡ ਫੱਤੂਵਾਲਾ ਦੇ ਕੋਲ ਗਸ਼ਤ ਦੌਰਾਨ ਇਕ ਵਿਅਕਤੀ ਨੂੰ ਨਸ਼ੇ ਦਾ ਸੇਵਨ ਕਰਨ ਦੇ ਸਬੰਧ ਵਿਚ ਕਾਬੂ ਕੀਤਾ ਗਿਆ ਹੈ। ਮੁਕੱਦਮੇ ਦੇ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸੁਖਦੇਵ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਥਾਣਾ ਏਰੀਏ ਵਿੱਚ ਸ਼ੱਕੀ ਪੁਰਸ਼ਾਂ ਅਤੇ ਵਹੀਕਲਾਂ ਦੀ ਚੈਕਿੰਗ ਕਰਨ ਦੇ ਸਬੰਧ ਵਿੱਚ ਮੌਜੂਦ ਸੀ ਤੇ ਪੁਲਸ ਪਾਰਟੀ ਪਿੰਡ ਫੱਤੂਵਾਲਾ ਖੱਡਾਂ ਦੇ ਨੇੜੇ ਪੁੱਜੇ ਤਾਂ ਝਾੜੀਆਂ 'ਚ ਨਸ਼ੇ ਦਾ ਸੇਵਨ ਕਰਦਾ ਇਕ ਵਿਅਕਤੀ ਦਿਖਾਈ ਦਿੱਤਾ, ਇਸ ਵਿਅਕਤੀ ਦਵਿੰਦਰ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਪਿੰਡ ਫੱਤੂਵਾਲਾ ਨੂੰ 1 ਲਾਈਟਰ, ਇਕ ਪੰਨੀ, ਇਕ 10 ਰੁਪਏ ਭਾਰਤੀ ਕਰੰਸੀ ਸਮੇਤ ਕਾਬੂ ਕਰਕੇ ਥਾਣਾ ਸਦਰ ਜਲਾਲਾਬਾਦ ਵਿਖੇ ਧਾਰਾ 27/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੀਤਾ ਗਿਆ ਹੈ।

# ਮਾੜੀ ਮੁਸਤਫਾ ਦੀ ਜਸ਼ਨਪ੍ਰੀਤ ਕੌਰ ਨੇ ਪੰਜਾਬ ਦਾ ਨਾਂਅ ਚਮਕਾਇਆ

## ਮੈਡੀਕਲ ਤੇ ਸਮਾਜ ਸੇਵਾ ਬਦਲੇ ਮਿਲਿਆ ਡਾਕਟਰੇਟ ਉਪਾਧੀ ਦਾ ਅਵਾਰਡ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੋਗਾ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਅਧੀਨ ਪੈਂਦੇ ਪਿੰਡ ਮਾੜੀ ਮੁਸਤਫਾ ਦੀ ਲੜਕੀ ਨੇ ਪੂਰੇ ਪੰਜਾਬ ਵਿੱਚ ਪਿੰਡ ਦਾ ਹੀ ਨਹੀਂ, ਸਗੋਂ ਜ਼ਿਲ੍ਹੇ ਦਾ ਪੂਰੇ ਪੰਜਾਬ ਵਿੱਚ ਨਾਮ ਚਮਕਾਇਆ ਹੈ।ਪਿੰਡ ਮਾੜੀ ਮੁਸਤਫਾ ਦੀ ਜੰਮਪਲ ਜਸ਼ਨਪ੍ਰੀਤ ਕੌਰ ਦਾ ਜਨਮ ਪਿਤਾ ਛਿੰਦਰ ਸਿੰਘ ਦੇ ਘਰ ਮਾਤਾ ਸਰਬਜੀਤ ਕੌਰ ਦੀ ਕੁੱਖੋਂ ਹੋਇਆ।ਜਸ਼ਨਪ੍ਰੀਤ ਕੌਰ ਵੱਲੋਂ ਮੈਡੀਕਲ ਤੇ ਸਮਾਜ ਸੇਵਾ ਦੇ ਖੇਤਰ ਵਿੱਚ ਉਨ੍ਹਾਂ ਵੱਲੋਂ ਨਿਭਾਈਆਂ ਗਈਆਂ ਸ਼ਾਨਦਾਰ ਸੇਵਾਵਾਂ ਬਦਲੇ ਉਨ੍ਹਾਂ ਨੂੰ ਡਾਕਟਰੇਟ ਦੀ ਮਾਨਦ ਦਾ ਐਵਾਰਡ ਮਿਲਣ ਦੇ ਬਾਅਦ ਉਨ੍ਹਾਂ ਦੇ ਪਿਤਾ ਛਿੰਦਰ ਸਿੰਘ ਤੇ ਮਾਤਾ ਸਰਬਜੀਤ ਕੌਰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ।ਜਸ਼ਨਪ੍ਰੀਤ ਕੌਰ ਨੂੰ ਇਹ ਐਵਾਰਡ ਦਿੱਲੀ ਵਿਖੇ ਅਚੀਵਰ ਐਵਾਰਡ ਕੌਂਸਲ ਵੱਲੋਂ ਇੰਸਟੀਚਿਊਸ਼ਨਜ਼ ਕਲੱਬ ਆਫ ਇੰਡੀਆ ਵੱਲੋਂ ਨਵੀਂ ਦਿੱਲੀ ਵਿਖੇ ਕਰਵਾਏ ਗਏ ਇੱਕ ਸਮਾਗਮ ਦੌਰਾਨ ਮਿਲਿਆ। ਇਸ ਕਰਵਾਏ ਗਏ ਸਮਾਗਮ ਵਿੱਚ ਦੇਸ਼ ਤੇ ਵਿਦੇਸ਼ ਤੋਂ ਆਈਆਂ ਮਾਣਯੋਗ ਹਸਤੀਆਂ ਨੇ ਸ਼ਿਰਕਤ ਕੀਤੀ।

# ਯੂਨੀਵਰਸਿਟੀ ਵੱਲੋਂ ਭਾਈ ਕਾਹਨ ਸਿੰਘ ਨਾਭਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਵਿਸ਼ੇਸ਼ ਲੈਕਚਰ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਵੱਲੋਂ ਮਹਾਨ ਸਿੱਖ ਵਿਦਵਾਨ, ਲੇਖਕ ਤੇ ਇਤਿਹਾਸਕਾਰ ਭਾਈ ਕਾਹਨ ਸਿੰਘ ਨਾਭਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਇਕ ਵਿਸ਼ੇਸ਼ ਲੈਕਚਰ ਕਰਵਾਇਆ ਗਿਆ।ਇਸ ਸਮਾਗਮ ਵਿੱਚ ਮੁੱਖ ਵਕਤਾ ਵਜੋਂ ਡਾ. ਗੁਰਤੇਜ ਸਿੰਘ ਪ੍ਰਿੰਸੀਪਲ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਫਾਰ ਗਰਲਜ਼ ਆਕੜ ਪਟਿਆਲਾ ਨੂੰ ਸੱਦਿਆ ਗਿਆ।ਲੈਕਚਰ ਦੀ ਸ਼ੁਰੂਆਤ ਡਾ. ਸਿਕੰਦਰ ਸਿੰਘ ਵੱਲੋਂ ਸਵਾਗਤੀ ਸ਼ਬਦਾਂ ਨਾਲ ਹੋਈ, ਜਿਨ੍ਹਾਂ ਨੇ ਭਾਈ ਕਾਹਨ ਸਿੰਘ ਨਾਭਾ ਜੀ ਦੇ ਜੀਵਨ, ਰਚਨਾਵਾਂ ਤੇ ਉਨ੍ਹਾਂ ਦੇ ਸਿੱਖ ਧਰਮ ਲਈ ਕੀਤੇ ਵਿਸ਼ਾਲ ਯਤਨਾਂ ਦੀ ਚਰਚਾ ਕੀਤੀ ਤੇ ਡਾ. ਗੁਰਤੇਜ ਸਿੰਘ ਦਾ ਸਵਾਗਤ ਕੀਤਾ।ਡਾ. ਗੁਰਤੇਜ ਸਿੰਘ ਨੇ ਆਪਣੇ ਭਾਸ਼ਣ ਵਿੱਚ ਭਾਈ ਕਾਹਨ ਸਿੰਘ ਨਾਭਾ ਜੀ ਦੇ ਵਿਅਕਤੀਗਤ ਜੀਵਨ ਤੋਂ ਇਲਾਵਾ ਉਨ੍ਹਾਂ ਦੇ ਪਰਿਵਾਰਕ ਪਿਛੋਕੜ, ਰਿਆਸਤੀ ਜੁੜਾਅ ਤੇ ਉਸ ਸਮੇਂ ਦੇ ਸਮਾਜਿਕ-ਧਾਰਮਿਕ ਪੜਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਭਾਈ ਸਾਹਿਬ ਨਾਭਾ ਰਿਆਸਤ ਦੇ ਉੱਚੇ ਗੁਰਸਿੱਖ ਪਰਵਾਰ ਨਾਲ ਸਬੰਧਤ ਸਨ, ਜਿਨ੍ਹਾਂ ਨੇ ਨਾ ਸਿਰਫ ਰਿਆਸਤੀ ਸੇਵਾ ਕੀਤੀ, ਸਗੋਂ ਸਿੱਖ ਧਰਮ ਤੇ ਪੰਜਾਬੀ ਸਾਹਿਤ ਨੂੰ ਵੀ ਆਪਣੀ ਲਿਖਤਾਂ ਰਾਹੀਂ ਸੰਭਾਲਿਆ।ਡਾ. ਗੁਰਤੇਜ ਸਿੰਘ ਨੇ ਰੌਸ਼ਨੀ ਪਾਈ ਕਿ ਕਿਵੇਂ ਭਾਈ ਸਾਹਿਬ ਨੇ ਅੰਗਰੇਜ਼ ਰਾਜ ਦੇ ਸਮੇਂ ਵਿੱਚ ਪੱਛਮੀ ਵਿੱਦਿਆ, ਸੰਗੀਤ ਤੇ ਧਾਰਮਕ ਵਿਚਾਰਧਾਰਾਵਾਂ ਨੂੰ ਸਮਝ ਕੇ ਸਿੱਖੀ ਦੀ ਸ਼ੁੱਧਤਾ ਤੇ ਗਿਆਨ ਦੀ ਰਾਖੀ ਕੀਤੀ।ਉਨ੍ਹਾਂ ਸੰਗੀਤ ਵਿੱਚ ਹਰਮੋਨੀਅਮ ਤੇ ਤੰਤੀ ਸਾਜ਼ਾਂ ਬਾਰੇ ਵਿਸਥਾਰ ਸਹਿਤ ਸਮਝਾਇਆ।ਉਨ੍ਹਾਂ ਕਿਹਾ ਕਿ ਭਾਈ ਸਾਹਿਬ ਨੇ ਆਪਣੀ ਅਦਭੁੱਤ ਬਹੁਭਾਸ਼ੀ ਜ਼ਬਾਨੀ ਯੋਗਤਾ ਰਾਹੀਂ ਸੰਸਕ੍ਰਿਤ, ਅੰਗਰੇਜ਼ੀ, ਫ਼ਾਰਸੀ, ਉਰਦੂ ਆਦਿ ਭਾਸ਼ਾਵਾਂ ਵਿੱਚ ਅਧਿਐਨ ਕਰਕੇ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਰਗਾ ਵਿਸ਼ਾਲ ਸਿੱਖ ਗਿਆਨਕੋਸ਼ ਤਿਆਰ ਕੀਤਾ।ਇਹ ਸਿਰਫ ਇਕ ਕੋਸ਼ ਨਹੀਂ, ਸਗੋਂ ਸਿੱਖ ਧਰਮ ਦੀ ਵਿਦਵਾਨਾ ਪਰਿਭਾਸ਼ਾ ਤੇ ਗਿਆਨਕ ਖ਼ਜ਼ਾਨਾ ਹੈ।

ਸਮਾਗਮ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪਰਿਤ ਪਾਲ ਸਿੰਘ ਵੱਲੋਂ ਕੀਤੀ ਗਈ।ਵਾਇਸ ਚਾਂਸਲਰ ਸਾਹਿਬ ਨੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਯੂਨੀਵਰਸਿਟੀ ਭਾਈ ਸਾਹਿਬ ਦੇ ਕਾਰਜਾਂ ਨੂੰ ਸਾਂਭਣ ਲਈ ਵਚਨਬੱਧ ਹੈ।ਡੀਨ ਅਕਾਦਮਿਕ ਮਾਮਲੇ ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ ਨੇ ਭਾਈ ਕਾਹਨ ਸਿੰਘ ਦੇ ਸੰਗੀਤ ਸਬੰਧੀ ਵਿਚਾਰਾਂ ਨੂੰ ਖੋਲ੍ਹ ਕੇ ਦੱਸਿਆ।ਇਸ ਸਮੇਂ ਪ੍ਰੋ. ਜਸਪਾਲ ਕੌਰ ਕਾਂਗ, ਡਾ. ਹਰਦੇਵ ਸਿੰਘ, ਹੋਰ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਵੀ ਭਰਪੂਰ ਸ਼ਮੂਲੀਅਤ ਕੀਤੀ।

ਸਮਾਗਮ ਦੇ ਅੰਤ 'ਤੇ ਪੰਜਾਬੀ ਵਿਭਾਗ ਵੱਲੋਂ ਡਾ. ਹਰਪ੍ਰੀਤ ਕੌਰ ਕਨਵੀਨਰ ਸੈਮੀਨਾਰ ਨੇ ਮੁੱਖ ਬੁਲਾਰੇ ਡਾ. ਗੁਰਤੇਜ ਸਿੰਘ ਤੇ ਇਸ ਸਮਾਗਮ ਵਿੱਚ ਸ਼ਾਮਲ ਸਮੂਹ ਸਰੋਤਿਆਂ ਦਾ ਧੰਨਵਾਦ ਕੀਤਾ।

# ਮਜ਼ਦੂਰ ਮੰਗਾਂ ਨੂੰ ਲੈ ਕੇ ਬੀ ਡੀ ਪੀ ਓ ਝੁਨੀਰ ਦਾ ਮੁਕੰਮਲ ਘਿਰਾਓ

**ਮਾਨਸਾ/ਝੁਨੀਰ (ਆਤਮਾ ਸਿੰਘ ਪਮਾਰ)**-ਝੁਨੀਰ ਸ਼ਹਿਰ ਅੰਦਰ ਵਰ੍ਹਦੇ ਮੀਂਹ ਵਿੱਚ ਮਜ਼ਦੂਰ ਮੁਕਤੀ ਮੋਰਚਾ ਲਿਬਰੇਸ਼ਨ ਵੱਲੋਂ ਵਿਸ਼ਾਲ ਮਾਰਚ ਕੱਢਿਆ ਗਿਆ ਤੇ ਬੀ.ਡੀ.ਓ ਬਲਾਕ ਦਾ ਮੁਕੰਮਲ ਘਿਰਾਓ ਵੀ ਕੀਤਾ ਗਿਆ।ਸੀ.ਪੀ.ਆਈ.ਐਮ.ਐਲ ਲਿਬਰੇਸ਼ਨ ਦੀ ਬਲਾਕ ਸਕੱਤਰ ਕਾਮਰੇਡ ਬਿੰਦਰ ਕੌਰ ਉੱਡਤ ਮਜ਼ਦੂਰ ਮੁਕਤੀ ਮੋਰਚਾ ਦੇ ਜ਼ਿਲ੍ਹਾ ਆਗੂ ਦਰਸ਼ਨ ਦਾਨੇਵਾਲੀਆ ਬਲਾਕ ਪ੍ਰਧਾਨ ਹਰਮੇਸ਼ ਭੰਮੇ ਨੇ ਬੀ ਡੀ ਪੀ ਓ ਨੂੰ ਮੰਗ ਪੱਤਰ ਸੌਂਪਿਆ ਗਿਆ ਤੇ ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਮਨਰੇਗਾ ਦਾ ਕੰਮ ਜਲਦੀ ਸ਼ੁਰੂ ਕਰ ਦਿੱਤਾ ਜਾਵੇਗਾ ਤੇ ਬਾਕੀ ਮੰਗਾਂ ਪੰਜਾਬ ਸਰਕਾਰ ਨੂੰ ਭੇਜੀਆਂ ਜਾਣਗੀਆਂ।

ਮਜ਼ਦੂਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਬਲਵਿੰਦਰ ਘਰਾਂਗਣਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਮਨਰੇਗਾ ਨੂੰ ਬੰਦ ਕਰਨਾ ਚਾਹੁੰਦੀਆਂ ਹਨ, ਪਰ ਮਜ਼ਦੂਰ ਆਪਣੇ ਹੱਕ 'ਚ ਬਣੇ ਮਨਰੇਗਾ ਕਾਨੂੰਨ ਨੂੰ ਖ਼ਤਮ ਨਹੀਂ ਹੋਣ ਦੇਣਗੇ।

ਆਗੂਆਂ ਕਿਹਾ ਕਿ ਮਜ਼ਦੂਰਾਂ ਦੀਆਂ ਮੰਗਾਂ ਤੇ ਤੁਰੰਤ ਗੌਰ ਨਾ ਕੀਤੀ ਗਈ ਤਾਂ 17 ਸਤੰਬਰ ਨੂੰ ਮੁੱਖ ਮੰਤਰੀ ਦੇ ਘਰ ਦਾ ਅੱਠ ਮਜ਼ਦੂਰ ਜਥੇਬੰਦੀਆਂ ਵੱਲੋਂ ਘਿਰਾਓ ਕੀਤਾ ਜਾਵੇਗਾ।ਆਗੂਆਂ ਨੇ ਮੰਗ ਕੀਤੀ ਕਿ ਮਨਰੇਗਾ ਮੇਟਾਂ ਨੂੰ ਪੱਕੇ ਕੀਤਾ ਜਾਵੇ ਤੇ ਵਧ ਰਹੀ ਮਹਿੰਗਾਈ ਕਰਕੇ ਘੱਟ ਤੋਂ ਘੱਟ ਉਜਰਤਾਂ ਵਿੱਚ ਵਾਧਾ ਕੀਤਾ ਜਾਵੇ। ਮਨਰੇਗਾ ਦੇ ਕੰਮ ਵਿੱਚ ਹਾਜ਼ਰੀ ਜ਼ੀਰੋ ਟਾਇਗ ਪਿੰਡ ਵਿੱਚ ਕੀਤੀ ਜਾਵੇ ਕਿਉਂਕਿ ਦੂਰ ਜਾਂਦੇ ਸਮੇਂ ਹਾਜ਼ਰੀ ਦਾ ਸਮਾਂ ਲੰਘ ਜਾਂਦਾ ਹੈ, ਜਿਸ ਨਾਲ ਮਨਰੇਗਾ ਵਰਕਰਾਂ ਦੀਆਂ ਗੈਰ ਹਾਜ਼ਰੀਆਂ ਲੱਗ ਜਾਂਦੀਆਂ ਹਨ, ਛੋਟੀ ਕਿਸਾਨੀ ਦੀ ਖੇਤੀ ਨੂੰ ਮਨਰੇਗਾ ਵਿੱਚ ਲਿਆਉਣ ਲਈ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ, ਮਨਰੇਗਾ ਵਿੱਚ ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ। ਹੜ੍ਹਾਂ ਦੀ ਮਾਰ ਨਾਲ ਹੋਏ ਜਾਨੀ ਨੁਕਸਾਨ ਲਈ 10 ਲੱਖ ਰੁਪਏ ਪ੍ਰਤੀ ਵਿਅਕਤੀ ਮੁਆਵਜ਼ਾ, ਮਜ਼ਦੂਰਾਂ ਦੇ ਘਰਾਂ ਦੀਆਂ ਛੱਤਾਂ ਡਿੱਗਣ ਕਾਰਨ ਹੋਏ ਨੁਕਸਾਨ ਲਈ 5 ਲੱਖ ਰੁਪਏ ਪ੍ਰਤੀ ਪਰਵਾਰ ਮੁਆਵਜ਼ਾ ਦਿੱਤਾ ਜਾਵੇ।ਕਿਸਾਨਾਂ ਦੀਆਂ ਫਸਲਾਂ ਖਰਾਬ ਹੋਣ ਕਾਰਨ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ, ਬੇਰੁਜ਼ਗਾਰਾਂ ਉੱਪਰ ਪਾਏ ਝੂਠੇ ਪਰਚੇ ਰੱਦ ਕੀਤੇ ਜਾਣ ਤੇ ਯੋਗਤਾ ਮੁਤਾਬਕ ਰੁਜ਼ਗਾਰ ਦੀ ਗਰੰਟੀ ਕੀਤੀ ਜਾਵੇ।

# ਵਿਧਾਇਕਾਂ ਵੱਲੋਂ ਘੱਗਰ ਦਾ ਜਾਇਜ਼ਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਹਲਕਾ ਘਨੌਰ ਦੇ ਐੱਮ ਐੱਲ ਏ ਗੁਰਲਾਲ ਘਨੌਰ ਨੇ ਮੌਕੇ 'ਤੇ ਪਹੁੰਚ ਕੇ ਘੱਗਰ ਦੇ ਪਾਣੀ ਦੀ ਸਥਿਤੀ ਦਾ ਜਾਇਜ਼ਾ ਲਿਆ।ਐੱਮ ਐੱਲ ਏ ਗੁਰਲਾਲ ਘਨੌਰ ਨੇ ਕਿਹਾ ਕਿ ਅਜੇ ਤੱਕ ਹਾਲਾਤ ਕਾਬੂ ਵਿੱਚ ਹਨ, ਪਰ ਲੋਕਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ।ਸਥਾਨਕ ਲੋਕਾਂ ਨੇ ਦੱਸਿਆ ਕਿ ਪਾਣੀ ਸ਼ਾਹਬਾਦ ਮਾਰਕੰਡਾ ਪਾਸੇ ਤੋਂ ਕਾਫੀ ਤੇਜ਼ੀ ਨਾਲ ਆ ਰਿਹਾ ਹੈ।ਪਾਣੀ ਦੀ ਗਤੀ ਤੇ ਮਾਤਰਾ ਦਿਨੋਂ-ਦਿਨ ਵਧ ਰਹੀ ਹੈ।ਸਰਕਾਰ ਨੂੰ ਚਾਹੀਦਾ ਹੈ ਕਿ ਤੁਰੰਤ ਹਾਲਾਤਾਂ ਉੱਤੇ ਧਿਆਨ ਦੇਵੇ, ਕਿਉਂਕਿ ਕਈ ਪਿੰਡਾਂ ਨਾਲ ਸੜਕ ਸੰਪਰਕ ਪਹਿਲਾਂ ਹੀ ਟੁੱਟ ਗਿਆ ਹੈ। ਸਰਦੂਲਗੜ੍ਹ ਤੋਂ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਦੱਸਿਆ ਕਿ ਘੱਗਰ ਦੇ ਵਿੱਚ 21 ਫੁੱਟ 'ਤੇ ਪਾਣੀ ਵਗ ਰਿਹਾ ਸੀ, ਪਰ ਪਿਛਲੇ ਦਿਨਾਂ ਵਿੱਚ ਪਾਣੀ ਘਟਣ ਕਾਰਨ 17 ਫੁੱਟ 'ਤੇ ਆ ਗਿਆ। ਉਨ੍ਹਾਂ ਦੱਸਿਆ ਕਿ ਘੱਗਰ ਵਿੱਚ ਹਰਿਆਣਾ ਦੀਆਂ ਡਰੇਨਾਂ ਤੇ ਸਰਹੰਦ ਚੋਅ ਪੈਣ ਕਾਰਨ ਅਤੇ ਪਹਾੜੀ ਇਲਾਕਿਆਂ ਵਿੱਚ ਹੋ ਰਹੀ ਬਾਰਸ਼ ਕਾਰਨ ਮੁੜ ਤੋਂ ਪਾਣੀ ਵਧਣ ਦੇ ਆਸਾਰ ਨੇ, ਘੱਗਰ ਦੇ ਕਿਨਾਰਿਆਂ 'ਤੇ ਪ੍ਰਸ਼ਾਸਨ ਅਧਿਕਾਰੀ ਤੇ ਪਿੰਡਾਂ ਦੇ ਲੋਕ ਮੁਸਤੈਦ ਹਨ।ਘੱਗਰ ਦੇ ਕਿਨਾਰਿਆਂ 'ਤੇ ਮਿੱਟੀ ਪਾਉਣ ਲਈ ਡੀਜ਼ਲ ਦੀ ਸੇਵਾ ਵੀ ਦਿੱਤੀ ਜਾ ਰਹੀ ਹੈ।

# ਮੋਟਰਸਾਇਕਲ ਮਾਰ ਕੇ ਸੱਟਾਂ ਮਾਰਨ ਦੇ ਸਬੰਧ 'ਚ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਨੇ ਮੋਟਰ ਸਾਇਕਲ ਲਾਪ੍ਰਵਾਹੀ ਨਾਲ ਇੱਕ ਔਰਤ ਵਿੱਚ ਮਾਰਨ ਦੇ ਸਬੰਧ ਵਿੱਚ ਇਕ ਵਿਅਕਤੀ ਦੇ ਵਿਰੁੱਧ ਮੁਕੱਦਮਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਲਖਮੀਰ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਕੁਸ਼ਲਿਆ ਬਾਈ ਪਤਨੀ ਜੋਗਿੰਦਰ ਸਿੰਘ ਵਾਸੀ ਬੋਦਲ ਪੀਰੇਕੇ ਨੇ ਪੁਲਿਸ ਕੋਲ ਬਿਆਨ ਦਰਜ ਕਰਾਏ ਗਏ ਹਨ ਕਿ ਭਰਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਰੁਮ ਵਾਲਾ ਥਾਣਾ ਵੈਰੋਕੇ ਵੱਲੋਂ ਆਪਣੇ ਮੋਟਰਸਾਇਕਲ ਨੰਬਰ ਪੀ.ਬੀ.-30-ਐਫ-6028 ਤੇ ਤਿੰਨ ਆਦਮੀ ਸਵਾਰ ਹੋ ਕੇ ਲਾਪ੍ਰਵਾਹੀ ਤੇ ਅਣਗਹਿਲੀ ਦੇ ਨਾਲ ਚਲਾ ਕੇ ਉਸ ਵਿਚ ਮੋਟਰਸਾਇਕਲ ਮਾਰ ਦਿੱਤਾ ਗਿਆ, ਜਿਸ 'ਤੇ ਉਸ ਨੂੰ ਸੱਟਾਂ ਲੱਗ ਗਈਆ। ਥਾਣਾ ਸਿਟੀ ਜਲਾਲਾਬਾਦ ਵਿਖੇ ਮੁੱਦਈ ਕੁਸ਼ਲਿਆ ਬਾਈ ਦੇ ਬਿਆਨਾਂ ਦੇ ਅਧਾਰ 'ਤੇ ਭਰਤ ਸਿੰਘ ਦੇ ਵਿਰੁੱਧ ਧਾਰਾ 281,125(ਓ) ਬੀ.ਐਨ.ਐਸ. ਤਹਿਤ ਮੁਕੱਦਮਾ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

| | |
|---|---|
| ਕੰਮ ਦਾ ਨਾਮ | ਜੰਮੂ ਡਵੀਜਨ ਦੇ ਤਹਿਤ ਜੰਮੂ ਤਵੀ (JAT) ਅਤੇ ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟਰਾ (SVDK) ਰੇਲਵੇ ਸਟੇਸ਼ਨਾਂ ਦੇ ਵਿਚਕਾਰ ਵਾਧੂ ਨਵੀਂ ਬੀ.ਜੀ. ਰੇਲਵੇ ਲਾਈਨ ਦੀ ਉਸਾਰੀ ਕੰਮ ਲਈ "ਅੰਤਮ ਸਥਾਨ ਸਰਵੇਖਣ (Final Location Survey), ਸਬੰਧਤ ਭੂਵਿਗਿਆਨ ਅਧਿਐਨ, ਟਰੈਫਿਕ ਸਰਵੇਖਣ, ਟੈਕਨਾਲੋਜੀ ਆਰਥਿਕ ਅਧਿਐਨ, ਰੇਲਵੇ ਸੰਰੇਖਨ ਦੀ ਅਭਿਕਲਪਨਾ ਅਤੇ ਵਿਸਤ੍ਰਤ ਪਰਿਯੋਜਨਾ ਪ੍ਰਤੀਵੇਦਨ (Detailed Project Report-DPR) ਦੀ ਤਿਆਰੀ"। |
| ਲਗਭਗ ਲਾਗਤ | ₹9,10,50,635.45/- (ਰੁਪਏ ਨੌਂ ਕਰੋੜ ਦਸ ਲਖ ਪੰਜਾਹ ਹਜਾਰ ਛੇ ਸੌ ਪੈਂਤੀਸ ਅਤੇ ਪੈਂਤਾਲੀ ਪੈਸੇ ਕੇਵਲ) |
| ਬੋਲੀ ਸੁਰੱਖਿਆ ਰਾਸ਼ੀ | ₹6,05,300.00/- (ਰੁਪਏ ਛੇ ਲਖ ਪੰਜ ਹਜਾਰ ਤਿੰਨ ਸੌ ਰੁਪਏ) |
| ਈ-ਨਿਵਿਦਾ ਖੋਹਲਣ ਦੀ ਮਿਤੀ ਅਤੇ ਸਮਾਂ | 22.09.2025 at 11:30 hrs. |
| ਨਿਵਿਦਾਵਾਂ ਅਪਲੋਡ ਕਰਨ ਦੀ ਅੰਤਮ ਮਿਤੀ/ਸਮਾਂ | 22.09.2025 ਨੂੰ ਸਵੇਰੇ 11:30 ਵਜੇ ਤਕ ਨਿਵਿਦਾ ਦਸਤਾਵੇਜ ਬੋਲੀਦਾਤਾ ਦੁਆਰਾ ਆਈਆਰਈਪੀਐਸ ਵੈਬਸਾਈਟ ਤੇ ਮਿਤੀ 08.09.2025 ਤੋਂ 22.09.2025 ਸਵੇਰੇ 11:30 ਵਜੇ ਤਕ ਅਪਲੋਡ ਕੀਤੇ ਜਾ ਸਕਦੇ ਹਨ। |
| ਵਿਸਤ੍ਰਿਤ ਨਿਵਿਦਾ ਸੂਚਨਾ ਅਤੇ ਨਿਵਿਦਾ ਨਿਵਿਦਾ ਦਸਤਾਵੇਜ | ਨਿਵਿਦਾ ਦਾ ਵਿਸਤ੍ਰਤ ਵੇਰਵਾ ਪ੍ਰਾਪਤ ਕਰਨ ਲਈ ਕਿਰਪਾ www.ireps.gov.in 'ਤੇ ਅਵਲੋਕਨ ਕਰੋ। ਉਕਤ ਨਿਵਿਦਾ ਦੀ ਵਿਸਤ੍ਰਿਤ ਸੂਚਨਾ ਸਬੰਧਿਤ ਦਫਤਰ ਦੇ ਸੂਚਨਾ ਪਟ ਤੇ ਵੀ ਅਵਲੋਕਨ ਲਈ ਉਪਲਬਧ ਹੈ। |

ਨਿਵਿਦਾ ਸੂਚਨਾ ਨੰ.: 75-W/9/2025/WA/FLS/JAT-SVDK ਮਿਤੀ: 01.09.2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2644/2025



## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਜਾਇਦਾਦ ਵਿਕਰੀ ਨੋਟਿਸ

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਹੇਠ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਧੀਨ ਕਬਜ਼ਾ ਲੈ ਲਿਆ ਹੈ।
ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਐੱਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਖੜੀ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ ਬੈਂਕ ਵੱਲੋਂ 08.10.2025 ਨੂੰ ਵਿਕਰੀ ਕੀਤੀ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | ਅਜੇ ਕੁਮਾਰ ਪੁੱਤਰ ਸੁਕਨ ਸਾਅ ਉਰਫ ਸੁੱਖਨ ਸ਼ਾਹ ਵਾਸੀ ਮਕਾਨ ਨੰਬਰ 7824 ਗਲੀ ਨੰਬਰ 15 ਨਿਊ ਸ਼ਕਤੀ ਨਗਰ ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ-141007<br>ਲਲਤੀ ਦੇਵੀ ਪਤਨੀ ਅਜੇ ਕੁਮਾਰ ਵਾਸੀ ਕਰਹੇ ਕੁਰਹਾ, ਕਤਲਾ, ਮੌਨ, ਪਟਨਾ, ਬਿਹਾਰ-804426<br>ਨਾਲ ਹੀ: ਮਕਾਨ ਨੰਬਰ 7815 ਗਲੀ ਨੰਬਰ 15 ਨਿਊ ਸ਼ਕਤੀ ਨਗਰ, ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ-141007 (ਕਰਜ਼ਦਾਰ)<br>ਰਵਿੰਦਰ ਕੁਮਾਰ ਪੁੱਤਰ ਗੁਰੂ ਮੋਹਨ ਵਰਮਾ ਵਾਸੀ 919, ਗਊਸ਼ਾਲਾ ਰੋਡ, ਹਰਬੰਸਪੁਰਾ, ਲੁਧਿਆਣਾ, ਸੈਂਟਰਲ ਪੋਸਟ ਆਫਿਸ ਲੁਧਿਆਣਾ (ਪੱਛਮ) ਲੁਧਿਆਣਾ, ਪੰਜਾਬ-141008 (ਗਰੰਟਰ) |
| ਬਕਾਇਆ ਰਾਸ਼ੀ LAP/150611000004 | 1. Rs. 23,74,455/- (ਅਤੇ ਮਿਤੀ 01.09.2025 ਤੋਂ ਲਾਗੂ ਭਵਿੱਖੀ ਵਿਆਜ) |
| ਜਾਇਦਾਦ ਦਾ ਵੇਰਵਾ | ਬੈਨਾਮਾ ਦਸਤਾਵੇਜ਼ ਨੰ. 2019-20/1061/28336 ਮਿਤੀ 18.03.2020 ਅਨੁਸਾਰ ਅਜੈ ਕੁਮਾਰ ਪੁੱਤਰ ਸੁਖਨ ਸ਼ਾਹ ਦੀ ਮਲਕੀਅਤ ਅਚੱਲ ਜਾਇਦਾਦ ਦਾ ਉੱਚਿਤ ਗਿਰਵੀਨਾਮਾ ਜਾਇਦਾਦ ਰਕਬਾ 120 ਵਰਗ ਗਜ਼ ਪਿੰਡ ਕਨੀਜਾ, ਹੱਦਬਸਤ ਨੰ. 82, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। |
| ਰਾਖਵੀਂ ਕੀਮਤ | ਰੁ. 17 ਲੱਖ/- (ਰੁਪਏ ਸਤਾਰਾਂ ਲੱਖ ਕੇਵਲ) |
| ਈ ਐੱਮ ਡੀ (ਬਿਆਨਾ ਰਕਮ) | ਕੁੱਲ ਈ ਐੱਮ ਡੀ (ਬਿਆਨਾ ਰਕਮ) ਰਾਖਵੀਂ ਕੀਮਤ ਦਾ 25 ਫੀਸਦੀ ਹੈ, ਜੋ ਸਫਲ ਬੋਲੀਕਾਰ ਵੱਲੋਂ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਮਿਤੀ 08-10-2025 ਨੂੰ ਅਦਾ ਕੀਤਾ ਜਾਵੇਗਾ। ਟੈਂਡਰ ਫਾਰਮ ਅਤੇ ਈ ਐੱਮ ਡੀ, ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ : ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ। |

ਬੈਂਕ ਦੀ ਜਾਣਕਾਰੀ 'ਚ ਜੋਖਮ : ਕੋਈ ਨਹੀਂ। ਜਾਇਦਾਦ ਦੀ ਵਿਕਰੀ "ਜਿਵੇਂ ਹੈ ਜਿੱਥੇ ਹੈ ਅਧਾਰ" 'ਤੇ ਕੀਤੀ ਜਾਵੇਗੀ। ਟੈਂਡਰ ਸਮੇਤ ਰਾਖਵੀਂ ਕੀਮਤ ਦੀ ਕੁੱਲ 25 ਫੀਸਦੀ ਈ ਐੱਮ ਡੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਪ੍ਰਾਪਤ ਕਰਨ ਦੀ ਅੰਤਮ ਮਿਤੀ/ਸਮਾਂ 08.10.2025 ਸਵੇਰੇ 11.00 ਵਜੇ ਤੱਕ ਹੈ। ਟੈਂਡਰ ਉਕਤ ਮਿਤੀ ਤੋਂ ਸਵੇਰੇ 11.00 ਵਜੇ ਤੋਂ ਬਾਅਦ ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ ਜਲੰਧਰ ਵਿਖੇ ਸਾਰੇ ਪੇਸ਼ਕਰਤਾਵਾਂ/ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਖੋਲ੍ਹੇ ਜਾਣਗੇ ਅਤੇ ਵਿਚਾਰੇ ਜਾਣਗੇ। ਟੈਂਡਰ ਫਾਰਮ ਸਮੇਤ ਵਿਕਰੀ ਦੀਆਂ ਸ਼ਰਤਾਂ ਦੇ ਵੇਰਵੇ ਅਤੇ ਜਾਇਦਾਦ ਦੇ ਨਿਰੀਖਣ ਲਈ ਕਿਰਪਾ ਕਰਕੇ ਸ਼ਾਖਾ ਦਫਤਰ ਸਮਰਾਲਾ ਚੌਂਕ ਲੁਧਿਆਣਾ ਨਾਲ ਸੰਪਰਕ ਕੀਤਾ ਜਾਵੇ। ਵਿਕਰੀ, ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਰੂਲਜ਼/ਸ਼ਰਤਾਂ ਤਹਿਤ ਕੀਤੀ ਜਾਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਤੋਂ ਪਹਿਲਾਂ ਸ਼ਰਤਾਂ ਅਤੇ ਨਿਯਮ ਕਿਸੇ ਸਮੇਂ ਵੀ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣ/ ਤਬਦੀਲ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਮਿਤੀ : 02.09.2025 ਅਧਿਕਾਰਤ ਅਫਸਰ



## ATAM VALVES LIMITED

Regd. Off: 1051, INDUSTRIAL AREA, JALANDHAR, PUNJAB
Ph. No. +91 181 5001111, CIN: L27109PB1985PLC006476
Email ID: cs@atamfebi.com, Website: www.atamvalves.in

### 40ਵੀਂ ਸਾਲਾਨਾ ਜਨਰਲ ਮੀਟਿੰਗ ਦਾ ਨੋਟਿਸ

ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਕੰਪਨੀ ਦੀ 40ਵੀਂ ਸਾਲਾਨਾ ਜਨਰਲ ਮੀਟਿੰਗ ("ਏ ਜੀ ਐੱਮ") ਵੀਰਵਾਰ 25 ਸਤੰਬਰ 2025 ਨੂੰ ਦੁਪਹਿਰ 1.00 ਵਜੇ (ਭਾਰਤੀ ਸਟੈਂਡਰਡ ਟਾਈਮ ਮੁਤਾਬਕ) ਇਲੈਕਟ੍ਰੋਨਿਕ ਵਿਧੀ ਰਾਹੀਂ (ਵੀਡੀਓ ਕਾਨਫਰੰਸ ("ਵੀ ਸੀ") ਜਾਂ ਹੋਰ ਆਡੀਓ-ਵਿਜ਼ੂਅਲ ਮੀਨਜ਼ ("ਓ ਏ ਵੀ ਐੱਮ") ਰਾਹੀਂ ਏ ਜੀ ਐੱਮ ਦੇ ਸੱਦੇ ਨੋਟਿਸ 'ਚ ਉਲੇਖ ਕਾਰੋਬਾਰ ਦੇ ਨਿਪਟਾਰੇ ਲਈ ਕੀਤੀ ਜਾਵੇਗੀ। ਏ ਜੀ ਐੱਮ ਕਾਰਪੋਰੇਟ ਮਾਮਲੇ ਮੰਤਰਾਲਾ ("ਐੱਮ ਸੀ ਏ ਸਰਕੂਲਰਜ਼") ਦੁਆਰਾ ਸਮੇਂ-ਸਮੇਂ 'ਤੇ ਜਾਰੀ ਸਰਕੂਲਰਜ਼ ਅਨੁਸਾਰ ਇਲੈਕਟ੍ਰਿਕ ਵਿਧੀ ਰਾਹੀਂ ਕੀਤੀ ਜਾਵੇਗੀ।

ਐੱਮ ਸੀ ਏ ਸਰਕੂਲਰਜ਼ ਦੀ ਪਾਲਣਾ ਹਿੱਤ ਸਕਿਓਰਟੀਜ਼ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ ("ਸੇਬੀ") ਕੰਪਨੀਜ਼ ਐਕਟ, 2013 ("ਦਾ ਐਕਟ") ਅਤੇ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ ) ਸਰਕੂਲਰਜ਼ ਜਾਰੀ ਕੀਤੇ ਜਾਣਗੇ। ਏ ਜੀ ਐੱਮ ਦੇ ਸੱਦੇ ਦਾ ਨੋਟਿਸ ਸਮੇਤ ਵਿੱਤੀ ਵਰ੍ਹੇ 25 ਦੀ ਸਾਲਾਨਾ ਰਿਪੋਰਟ ("ਸਾਲਾਨਾ ਰਿਪੋਰਟ") ਨੂੰ ਕੇਵਲ ਇਲੈਕਟ੍ਰੋਨਿਕ ਵਿਧੀ ਰਾਹੀਂ 2 ਸਤੰਬਰ 2025 ਨੂੰ ਉਨ੍ਹਾਂ ਮੈਂਬਰਾਂ ਨੂੰ ਭੇਜੀ ਗਈ ਹੈ, ਜਿਨ੍ਹਾਂ ਦੇ ਈ-ਮੇਲ ਪਤੇ ਡਿਪਾਜ਼ਟਰੀ ਪਾਰਟੀਸੀਪੈਂਟਸ ("ਡੀ ਪੀਜ਼")/ਕੰਪਨੀ/ਰਜਿਸਟਰਾਰ ਅਤੇ ਟਰਾਂਸਫਰ ਏਜੰਟ ਅਰਥਾਤ ਬਿਗਸ਼ੇਅਰ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ("ਆਰ ਟੀ ਏ") ਕੋਲ ਰਜਿਸਟਰ ਹਨ।

ਕੰਪਨੀ ਵੱਲੋਂ ਉਨ੍ਹਾਂ ਸ਼ੇਅਰ ਧਾਰਕਾਂ, ਜਿਨ੍ਹਾਂ ਨੇ ਆਪਣੇ ਈ ਮੇਲ ਪਤੇ ਕੰਪਨੀ/ਆਰ ਟੀ ਏ/ਡਿਪਾਜ਼ਟਰੀਜ਼/ਡੀਪੀਜ਼ ਕੋਲ ਰਜਿਸਟਰਡ ਨਹੀਂ ਹਨ, ਵੈੱਬ ਲਿੰਕ ਅਤੇ ਸਹੀ ਵਿਧੀ ਜਿਥੇ ਸਾਲਾਨਾ ਰਿਪੋਰਟ (ਨੋਟਿਸ ਸ਼ਾਮਲ ਕਰਦੇ ਹੋਏ) ਪੂਰੇ ਵੇਰਵੇ ਉਪਲੱਬਧ ਹਨ, ਨੂੰ ਪੱਤਰ ਭੇਜਿਆ ਜਾਵੇਗਾ/ਭੇਜ ਦਿੱਤਾ ਗਿਆ ਹੈ। ਮੈਂਬਰ ਸਾਲਾਨਾ ਰਿਪੋਰਟ ਦੀ ਭੌਤਿਕ ਕਾਪੀ ਲਈ ਕੰਪਨੀ ਨੂੰ cs@atamfebi.com 'ਤੇ ਈ ਮੇਲ ਭੇਜ ਕੇ ਬੇਨਤੀ ਕਰ ਸਕਦਾ ਹੈ।

ਸਾਲਾਨਾ ਰਿਪੋਰਟ ਕੰਪਨੀ ਦੀ ਵੈਬਸਾਈਟ www.atamvalves.in ਸਟਾਕ ਐਕਸਚੇਂਜਜ਼ ਅਰਥਾਤ ਬੀ ਐੱਸ ਈ ਲਿਮਟਿਡ ਅਤੇ ਨੈਸ਼ਨਲ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਟਿਡ ਦੀ ਵੈੱਬਸਾਈਟ www.bseindia.com ਅਤੇ www.nseindia.com 'ਤੇ ਵੀ ਉਪਲੱਬਧ ਹੈ। ਇਸ ਤੋਂ ਇਲਾਵਾ ਸਾਲਾਨਾ ਰਿਪੋਰਟ ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ (ਇੰਡੀਆ) ਲਿਮਟਿਡ ("ਸੀ ਡੀ ਐੱਸ ਐੱਲ") ਦੀ ਵੈੱਬਸਾਈਟ www.evotingindia.com 'ਤੇ ਵੀ ਉਪਲੱਬਧ ਹੈ। ਇਹ ਸਾਰੇ ਦਸਤਾਵੇਜ, ਜਿਨ੍ਹਾਂ ਦਾ ਨੋਟਿਸ 'ਚ ਹਵਾਲਾ ਦਿੱਤਾ ਗਿਆ ਹੈ, ਵੀਰਵਾਰ, 25 ਸਤੰਬਰ 2025 ਤੱਕ ਨੋਟਿਸ ਡਿਸਪੈਚ ਕਰਨ ਦੀ ਮਿਤੀ ਤੋਂ ਲੈ ਕੇ ਇਲੈਕਟ੍ਰੋਨਿਕ ਵਿਧੀ ਰਾਹੀਂ ਪੜਤਾਲ ਲਈ ਵੀ ਉਪਲੱਬਧ ਹਨ। ਜਿਨ੍ਹਾਂ ਮੈਂਬਰਾਂ ਨੇ ਇਨ੍ਹਾਂ ਦਸਤਾਵੇਜ਼ ਦੀ ਪੜਤਾਲ ਕਰਨੀ ਹੋਵੇ ਉਹ ਕੰਪਨੀ ਨੂੰ cs@atamfebi.com 'ਤੇ ਬੇਨਤੀ ਭੇਜ ਸਕਦੇ ਹਨ। ਉਨ੍ਹਾਂ ਮੈਂਬਰਾਂ ਦੀ ਸੂਚੀ ਜਿਹੜੇ ਕਿ ਲਾਭਅੰਸ਼ ਪ੍ਰਾਪਤ ਕਰਨ ਦੇ ਹੱਕਦਾਰ ਹਨ, ਦੀ ਰਿਕਾਰਡ ਮਿਤੀ ਜੇਕਰ ਮੈਂਬਰਾਂ ਵੱਲੋਂ ਪ੍ਰਵਾਨ ਕੀਤੀ ਗਈ ਤਾਂ ਵੀਰਵਾਰ, 18 ਸਤੰਬਰ 2025 ਹੋਵੇਗੀ।

ਮੈਂਬਰ ਏ ਜੀ ਐੱਮ 'ਚ ਵੀ ਸੀ/ਓ ਏ ਵੀ ਐੱਮ ਵਿੱਚ ਏ ਜੀ ਐੱਮ ਸ਼ੁਰੂ ਹੋਣ ਤੋਂ 15 ਮਿੰਟ ਪਹਿਲਾਂ ਸ਼ਾਮਲ ਹੋ ਸਕਦੇ ਹਨ ਅਤੇ ਸੀ ਡੀ ਐੱਲ ਐਲ ਵੱਲੋਂ ਪ੍ਰਦਾਨ ਕੀਤੀ ਗਈ ਸਹੂਲਤ ਉਪਰ www.evotingindia.com ਦੀ ਵਰਤੋਂ ਕਰਕੇ ਕੰਪਨੀ ਦੀ ਏ ਜੀ ਐੱਮ ਲਈ ਇਲੈਕਟ੍ਰੋਨਿਕ ਵੋਟਿੰਗ ਸੀਕਵੈਂਸ ਨੰਬਰ (ਈ ਵੀ ਐੱਸ ਐੱਨ) ਪ੍ਰਾਪਤ ਕਰਕੇ ਲਾਗਇਨ ਕਰ ਸਕਦੇ ਹਨ। ਏ ਜੀ ਐੱਮ 'ਚ ਵੀ ਸੀ/ਓ ਏ ਵੀ ਐੱਮ ਰਾਹੀਂ ਸ਼ਾਮਲ ਹੋਣ ਦੀ ਵਿਧੀ ਨੋਟਿਸ 'ਚ ਦਰਸਾਈ ਗਈ ਹੈ।

ਏ ਜੀ ਐੱਮ ਵਿੱਚ ਵੀ ਸੀ/ਓ ਏ ਵੀ ਐੱਮ ਰਾਹੀਂ ਭਾਗ ਲੈ ਰਹੇ ਮੈਂਬਰਾਂ ਦੀ ਗਿਣਤੀ ਕੀਤੀ ਜਾਵੇਗੀ ਅਤੇ ਹਾਜ਼ਰੀ ਲੱਗੇਗੀ, ਜਿਸ ਦਾ ਮਕਸਦ ਐਕਟ ਦੇ ਸੈਕਸ਼ਨ 103 ਤਹਿਤ ਕੋਰਮ ਪੂਰਾ ਹੋਣ ਨੂੰ ਦਰਸਾਉਂਦਾ ਹੈ।

ਏ ਜੀ ਐੱਮ ਵਿੱਚ ਈ-ਵੋਟਿੰਗ ਅਤੇ ਰਿਮੋਟ ਈ-ਵੋਟਿੰਗ ਲਈ ਹਦਾਇਤਾਂ :

ਐਕਟ ਦੇ ਸੈਕਸ਼ਨ 108 ਦੀਆਂ ਵਿਵਸਥਾਵਾਂ ਮੁਤਾਬਕ, ਕੰਪਨੀਜ਼ (ਮੈਨੇਜਮੈਂਟ ਐਂਡ ਐਡਮਿਨਸਟਰੇਸ਼ਨ) ਰੂਲਜ਼ 2014 ਦੇ ਨਿਯਮ 20 ਜਨਰਲ ਮੀਟਿੰਗ ਦੇ ਸੈਕਟਰੀਅਲ ਮਾਪਦੰਡਾਂ ਅਤੇ ਸੇਬੀ ਲਿਸਟਿੰਗ ਰੈਗੂਲੇਸ਼ਨਜ਼ ਦੇ ਰੈਗੂਲੇਸ਼ਨ 44 ਦੇ ਮੁਤਾਬਕ ਏ ਜੀ ਐੱਮ ਦੇ ਏਜੰਡੇ 'ਤੇ ਮੀਟਿੰਗ ਦੀ ਕਾਰਵਾਈ ਲਈ ਰਿਮੋਟ ਈ-ਵੋਟਿੰਗ ਦੀ ਸਹੂਲਤ ਕੰਪਨੀ ਵੱਲੋਂ ਸੀ ਡੀ ਐੱਸ ਐੱਲ ਰਾਹੀਂ ਪ੍ਰਦਾਨ ਕੀਤੀ ਗਈ ਹੈ। ਕੰਪਨੀ ਵੱਲੋਂ ਸੀ ਡੀ ਐੱਸ ਐੱਲ ਨਾਲ ਮਿਲ ਕੇ ਰਿਮੋਟ ਈ-ਵੋਟਿੰਗ ਲਈ ਜ਼ਰੂਰੀ ਬੰਦੋਬਸਤ ਕੀਤੇ ਗਏ ਹਨ। ਸਾਰੇ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ :

ਇੱਕ ਵਿਅਕਤੀ, ਜਿਸ ਦਾ ਨਾਂਅ ਮੈਂਬਰਜ਼ ਲਾਭਪਾਤਰ ਮਾਲਕਾਂ ਦੀ ਲਿਸਟ, ਜੋ ਡਿਪਾਜ਼ਟਰੀਜ਼ ਵੱਲੋਂ ਤਿਆਰ ਕੀਤੀ ਗਈ ਹੈ, ਦੀ ਕੱਟ ਆਫ ਮਿਤੀ ਮਤਲਬ ਵੀਰਵਾਰ, 18 ਸਤੰਬਰ 2025 ਰੱਖੀ ਗਈ ਹੈ ਅਤੇ ਸਿਰਫ ਇਨ੍ਹਾਂ ਹੀ ਵਿਅਕਤੀਆਂ ਨੂੰ ਏ ਜੀ ਐੱਮ ਵਿੱਚ ਰਿਮੋਟ ਈ-ਵੋਟਿੰਗ ਜਾਂ ਈ-ਵੋਟਿੰਗ ਵਿੱਚ ਭਾਗ ਲੈਣ ਲਈ ਸਹੂਲਤ ਪ੍ਰਦਾਨ ਹੋਵੇਗੀ।

ਰਿਮੋਟ ਈ-ਵੋਟਿੰਗ ਹੇਠ ਲਿਖੇ ਸਮੇਂ ਦੌਰਾਨ ਉਪਲੱਬਧ ਹੋਵੇਗੀ :

| | |
|---|---|
| ਰਿਮੋਟ ਈ-ਵੋਟਿੰਗ ਦੀ ਸ਼ੁਰੂਆਤ | ਸਵੇਰੇ 9.00 ਵਜੇ (ਭਾਰਤੀ ਸਮੇਂ ਅਨੁਸਾਰ) ਸੋਮਵਾਰ, 22 ਸਤੰਬਰ 2025 |
| ਰਿਮੋਟ ਈ-ਵੋਟਿੰਗ ਖਤਮ ਹੋਵੇਗੀ | ਸ਼ਾਮ 5.00 ਵਜੇ (ਭਾਰਤੀ ਸਮੇਂ ਅਨੁਸਾਰ) ਬੁੱਧਵਾਰ, 24 ਸਤੰਬਰ 2025 |

- ਬੁੱਧਵਾਰ 24 ਸਤੰਬਰ 2025 ਨੂੰ ਰਿਮੋਟ ਈ-ਵੋਟਿੰਗ ਦੀ ਸਹੂਲਤ ਬੰਦ ਹੋ ਜਾਵੇਗੀ ਅਤੇ ਇਹ ਸਿਰਫ ਏ ਜੀ ਐੱਮ ਦੌਰਾਨ ਹੀ ਉਪਲੱਬਧ ਹੋਵੇਗੀ।
- ਉਹ ਮੈਂਬਰ ਜਿਹੜੇ ਵੀ ਸੀ/ਓ ਏ ਵੀ ਐੱਮ ਰਾਹੀਂ ਏ ਜੀ ਐੱਮ ਵਿੱਚ ਸ਼ਾਮਲ ਹੋਣਗੇ ਅਤੇ ਜਿਨ੍ਹਾਂ ਨੇ ਮਤਿਆਂ ਉਪਰ ਰਿਮੋਟ ਈ-ਵੋਟਿੰਗ ਰਾਹੀਂ ਵੋਟ ਨਹੀਂ ਪਾਈ ਹੋਵੇਗੀ, ਉਹ ਏ ਜੀ ਐੱਮ ਦੌਰਾਨ ਈ-ਵੋਟਿੰਗ ਰਾਹੀਂ ਭਾਗ ਲੈ ਸਕਣਗੇ।
-ਉਹ ਮੈਂਬਰ, ਜਿਨ੍ਹਾਂ ਨੇ ਕੰਪਨੀ ਦੇ ਸ਼ੇਅਰ ਪ੍ਰਾਪਤ ਕੀਤੇ ਹਨ ਅਤੇ ਨੋਟਿਸ ਪ੍ਰਾਪਤ ਜਾਰੀ ਹੋਣ ਤੋਂ ਬਾਅਦ ਮੈਂਬਰ ਬਣੇ ਹਨ, ਉਹ ਆਪਣਾ ਜ਼ਰੂਰੀ ਲਾਗ ਇਨ ਆਈ ਡੀ ਅਤੇ ਪਾਸਵਰਡ ਨੋਟਿਸ ਵਿੱਚ ਦੱਸੇ ਮੁਤਾਬਕ ਪ੍ਰਾਪਤ ਕਰ ਸਕਦੇ ਹਨ।
- ਅਗਰ ਤੁਹਾਡੀ ਈ-ਮੇਲ ਆਈ ਡੀ ਕੰਪਨੀ ਦੇ ਡੀ. ਪੀਜ਼/ਕੰਪਨੀ/ਆਰ ਟੀ ਏ ਕੋਲ ਰਜਿਸਟਰ ਨਹੀਂ ਹੈ ਤਾਂ ਉਹ ਮੈਂਬਰ ਆਪਣੀ ਈ-ਮੇਲ ਆਈ ਡੀ ਆਪਣੀ ਈਮੇਲ ਕੰਪਨੀ ਕੋਲ cs@atamfebi.com 'ਤੇ ਭੇਜ ਕੇ ਰਜਿਸਟਰ ਕਰਵਾ ਸਕਦੇ ਹਨ ਅਤੇ ਇਲੈਕਟ੍ਰੋਨਿਕ ਵਿਧੀ ਰਾਹੀਂ ਸਾਲਾਨਾ ਰਿਪੋਰਟ ਪ੍ਰਾਪਤ ਕਰ ਸਕਦੇ ਹਨ। ਉਹ ਮੈਂਬਰ, ਜਿਨ੍ਹਾਂ ਨੇ ਅਜੇ ਤੱਕ ਆਪਣੀ ਈ-ਮੇਲ ਆਈ ਡੀ ਰਜਿਸਟਰ ਨਹੀਂ ਕਰਵਾਈ, ਉਹ ਡੀ. ਪੀਜ਼ ਕੋਲ ਬੇਨਤੀ ਭੇਜ ਕੇ ਈਮੇਲ ਰਜਿਸਟਰ ਕਰਵਾ ਸਕਦੇ ਹਨ, ਭਾਵੇਂ ਉਨ੍ਹਾਂ ਕੋਲ ਸ਼ੇਅਰ ਡੀਮਟੀਅਲਾਇਜ਼ਡ ਦੀ ਸ਼ਕਲ ਵਿੱਚ ਹਨ ਜਾਂ ਫਿਜੀਕਲ ਕਿਸਮ ਦੇ ਹਨ, ਉਹ ਕੰਪਨੀ/ਆਰ ਟੀ ਏ ਨਾਲ ਸੰਪਰਕ ਕਰ ਸਕਦੇ ਹਨ।
-ਏ ਜੀ ਐੱਮ ਦੌਰਾਨ ਸਾਰੇ ਮੈਂਬਰਾਂ ਲਈ (ਜਿਨ੍ਹਾਂ ਕੋਲ ਫਿਜ਼ੀਕਲ ਤਰੀਕੇ ਦੇ ਸ਼ੇਅਰ ਹਨ/ਜਿਨ੍ਹਾਂ ਦਾ ਈਮੇਲ ਪਤਾ ਡੀ. ਪੀਜ਼/ਕੰਪਨੀ/ਆਰ ਟੀ ਏ ਕੋਲ ਦਰਜ ਨਹੀਂ ਹੈ) ਜਿਵੇਂ ਨੋਟਿਸ 'ਚ ਦੱਸਿਆ ਗਿਆ ਹੈ, ਲਈ ਰਿਮੋਟ ਈ-ਵੋਟਿੰਗ ਜਾਂ ਈ-ਵੋਟਿੰਗ ਸੰਬੰਧੀ ਪ੍ਰਕਿਰਿਆ ਅਤੇ ਹਦਾਇਤਾਂ ਵਿਸਥਾਰ ਵਿੱਚ ਨੋਟਿਸ ਵਿੱਚ ਦੱਸੀਆਂ ਗਈਆਂ ਹਨ।

ਵਿਅਕਤੀਗਤ ਸ਼ੇਅਰ ਹੋਲਡਰ ਜਿਨ੍ਹਾਂ ਕੋਲ ਡੀ ਮੈਟ ਮੋਡ ਦੇ ਸ਼ੇਅਰ ਹਨ ਅਤੇ ਲਾਗਇਨ ਵਿੱਚ ਪਰੇਸ਼ਾਨੀ ਆ ਰਹੀ ਹੈ, ਉਹ ਡਿਪਾਜ਼ਟਰੀ ਮਤਲਬ ਸੀ ਡੀ ਐੱਸ ਐੱਲ ਅਤੇ ਐੱਨ ਐੱਸ ਡੀ ਐੱਲ ਦੇ ਹੈੱਲਪ ਡੈਸਕ 'ਤੇ ਸੰਪਰਕ ਕਰ ਸਕਦੇ ਹਨ।

| ਲਾਗਇਨ ਕਿਸਮ | ਹੈਲਪ ਡੈਸਕ ਦੇ ਵੇਰਵੇ |
|---|---|
| ਉਹ ਵਿਅਕਤੀਗਤ ਸ਼ੇਅਰ ਹੋਲਡਰ, ਜਿਨ੍ਹਾਂ ਕੋਲ ਡੀ ਮੈਟ ਮੋਡ ਦੇ ਸੀ ਡੀ ਐੱਸ ਐੱਲ ਨਾਲ ਸੰਬੰਧਤ ਸ਼ੇਅਰ ਹਨ | ਉਹ ਮੈਂਬਰ ਜਿਹੜੇ ਕਿਸੇ ਕਿਸਮ ਦੀ ਟੈਕਨੀਕਲ ਮੁਸ਼ਕਲ ਦਾ ਸਾਹਮਣਾ ਕਰ ਰਹੇ ਹਨ, ਉਹ ਸੀ ਡੀ ਐੱਸ ਐੱਲ ਦੇ ਹੈਲਪ ਡੈਸਕ ਨੂੰ helpdesk.evoting@cdslindia.com ਜਾਂ ਟੋਲ ਫਰੀ ਨੰਬਰ 1800225533 'ਤੇ ਸੰਪਰਕ ਕਰ ਸਕਦੇ ਹਨ। |
| ਵਿਅਕਤੀਗਤ ਸ਼ੇਅਰ ਹੋਲਡਰ ਜਿਨ੍ਹਾਂ ਕੋਲ ਐੱਨ ਐੱਸ ਡੀ ਐੱਲ ਨਾਲ ਸੰਬੰਧਤ ਸ਼ੇਅਰ ਹਨ | ਉਹ ਮੈਂਬਰ ਜਿਹੜੇ ਕਿਸੇ ਕਿਸਮ ਦੀ ਟੈਕਨੀਕਲ ਮੁਸ਼ਕਲ ਦਾ ਸਾਹਮਣਾ ਕਰ ਰਹੇ ਹਨ, ਉਹ ਐੱਨ ਐੱਸ ਡੀ ਐੱਲ ਦੇ ਹੈਲਪ ਡੈੱਸਕ ਨੰ. evoting@nsdl.co.in ਜਾਂ ਟੋਲ ਫਰੀ ਨੰਬਰ 18001020990 ਅਤੇ 1800224430 'ਤੇ ਸੰਪਰਕ ਕਰ ਸਕਦੇ ਹਨ। |

ਬੋਰਡ ਆਫ਼ ਡਾਇਰੈਕਟਰਜ਼ ਨੇ ਏ ਜੀ ਐਮ ਦੌਰਾਨ ਈ ਵੋਟਿੰਗ ਅਤੇ ਰਿਮੋਟ ਈ-ਵੋਟਿੰਗ ਪ੍ਰਕਿਰਿਆ ਦੇ ਨਿਰੀਖਣ ਲਈ ਨਿਰੀਖਕ ਵਜੋਂ ਸ੍ਰੀ ਪ੍ਰਮਿੰਦਰ ਪਾਲ ਸਿੰਘ ਰੈਲੀ (ਮੈਂਬਰਸ਼ਿਪ ਨੰ. ਐੱਫ ਸੀ ਐਸ 6861) ਮੈਸਰਜ਼ ਪੀ ਐੱਸ ਰੈਲੀ ਐਂਡ ਐਸੋਸੀਏਟਸ, ਪ੍ਰੈਕਟਿਸਿੰਗ ਕੰਪਨੀ ਸੈਕਰੇਟਰੀਜ਼ ਨੂੰ ਨਿਯੁਕਤ ਕੀਤਾ ਹੈ, ਤਾਂ ਜੋ ਈ-ਵੋਟਿੰਗ ਦਾ ਕੰਮ ਸਪੱਸ਼ਟ ਅਤੇ ਪਾਰਦਰਸ਼ੀ ਢੰਗ ਨਾਲ ਹੋ ਸਕੇ।

ਏ ਜੀ ਐੱਮ ਦੌਰਾਨ ਰਿਮੋਟ ਈ-ਵੋਟਿੰਗ ਅਤੇ ਈ-ਵੋਟਿੰਗ ਦੇ ਨਤੀਜੇ ਏ ਜੀ ਐੱਮ ਦੀ ਸਮਾਪਤੀ ਤੋਂ ਦੋ ਕੰਮ ਵਾਲੇ ਦਿਨਾਂ 'ਚ ਐਲਾਨ ਦਿੱਤੇ ਜਾਣਗੇ। ਨਿਰੀਖਕ ਰਿਪੋਰਟ ਸਮੇਤ ਐਲਾਨੇ ਨਤੀਜਿਆਂ ਨੂੰ ਕੰਪਨੀ ਦੀ ਵੈੱਬਸਾਈਟ www.atamvalves.in ਅਤੇ ਸੀ ਡੀ ਐੱਸ ਐੱਲ ਦੀ ਵੈੱਬਸਾਈਟ www.evotingindia.com 'ਤੇ ਇਸ ਦੇ ਤੁਰੰਤ ਬਾਅਦ ਸਟਾਕ ਐਕਚੇਂਜਿਜ਼, ਬੀ ਐਸ ਈ ਅਤੇ ਐੱਨ ਐੱਸ ਈ ਦੀ ਵੈਬਸਾਈਟ www.bseindia.com ਅਤੇ www.nseindia.com 'ਤੇ ਉਪਲੱਬਧ ਕਰ ਦਿੱਤੇ ਜਾਣਗੇ।

ਵਾਸਤੇ ਆਤਮ ਵਾਲਵਲਜ਼ ਲਿਮਟਿਡ
ਸਹੀ/-
ਨਤਿਸ਼ਾ ਚੌਧਰੀ
ਕੰਪਨੀ ਸੈਕਟਰੀ

ਸਥਾਨ : ਜਲੰਧਰ
ਮਿਤੀ : 03-09-2025

# ਅਮਨ ਅਰੋੜਾ ਤੇ ਬਰਿੰਦਰ ਗੋਇਲ ਵੱਲੋਂ ਸਰਹਿੰਦ ਚੋਅ ਦੀ ਸਥਿਤੀ ਦਾ ਜਾਇਜ਼ਾ



ਸੁਨਾਮ, (ਅਸ਼ੋਕ ਬਾਂਸਲ, ਹਾਕਮ ਭੱਟੀ)-ਪੰਜਾਬ ਦੇ ਕੈਬਨਿਟ ਮੰਤਰੀਆਂ ਸ੍ਰੀ ਅਮਨ ਅਰੋੜਾ ਤੇ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਉੱਚ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਅੱਜ ਸਥਾਨਕ ਸਰਹਿੰਦ ਚੋਅ ਸਮੇਤ ਹੋਰ ਇਲਾਕਿਆਂ ਦਾ ਦੌਰਾ ਕੀਤਾ।ਗੱਲਬਾਤ ਕਰਦਿਆਂ ਸ੍ਰੀ ਅਰੋੜਾ ਤੇ ਸ੍ਰੀ ਗੋਇਲ ਨੇ ਦੱਸਿਆ ਕਿ ਸੂਬੇ ਦੇ ਜਲ ਸਰੋਤਾਂ ਵਿੱਚ ਪਿਛਲੇ ਦਿਨੀਂ 300 ਕਿਊਸਕ ਪਾਣੀ ਛੱਡਿਆ ਗਿਆ ਸੀ, ਜਿਸ ਕਰਕੇ ਹੀ ਇਨ੍ਹਾਂ ਦਾ ਪੱਧਰ ਵਧ ਗਿਆ ਸੀ, ਪਰ ਹੁਣ ਪਾਣੀ ਨਹੀਂ ਛੱਡਿਆ ਜਾ ਰਿਹਾ ਹੈ, ਜਿਸ ਕਾਰਨ ਹੁਣ ਪਾਣੀ ਦਾ ਪੱਧਰ ਸੁਨਾਮ ਵਿੱਚੋਂ ਲੰਘਦੀ ਸਰਹਿੰਦ ਚੋਅ ਤੇ ਹੋਰ ਨਹਿਰਾਂ ਤੇ ਨਾਲਿਆਂ ਵਿੱਚੋਂ ਲਗਾਤਾਰ ਘਟਣ ਲੱਗਾ ਹੈ। ਅਗਲੇ ਦਿਨਾਂ ਦੌਰਾਨ ਵੀ ਇਸ ਚੋਅ ਵਿੱਚ ਪਾਣੀ ਵਧਣ ਦਾ ਖਦਸ਼ਾ ਨਹੀਂ ਹੈ।ਉਨ੍ਹਾਂ ਕਿਹਾ ਕਿ ਪਾਣੀ ਦੇ ਰਸਤੇ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਰੁਕਾਵਟ ਨਹੀਂ ਹੈ।ਮੌਨਸੂਨ ਤੋਂ ਪਹਿਲਾਂ ਸਾਰੀਆਂ ਨਹਿਰਾਂ ਤੇ ਨਾਲਿਆਂ ਦੀ ਮੁਕੰਮਲ ਸਫ਼ਾਈ ਆਦਿ ਕਰਵਾਈ ਗਈ ਸੀ।ਉਨ੍ਹਾਂ ਕਿਹਾ ਕਿ ਵੈਸੇ ਤਾਂ ਕਿਸੇ ਖਤਰੇ ਦਾ ਖ਼ਦਸ਼ਾ ਨਹੀਂ ਹੈ, ਪਰ ਫਿਰ ਵੀ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਕਿਸੇ ਵੀ ਅਣਸੁਖਾਵੀਂ ਸਥਿਤੀ ਨਾਲ ਨਿਪਟਣ ਲਈ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਹੋਏ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ ਵਿੱਚ ਨਾ ਆਉਣ ਤੇ ਪ੍ਰਸ਼ਾਸਨ ਉੱਤੇ ਵਿਸ਼ਵਾਸ ਰੱਖਣ। ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਸੁਨਾਮ ਵਾਸੀਆਂ ਨੂੰ ਸਰਹਿੰਦ ਚੋਅ ਵਿੱਚ ਆਉਂਦੇ ਪਾਣੀ ਤੋਂ ਬਚਾਉਣ ਲਈ ਤੇ ਲੋਕਾਂ ਲਈ ਸੈਰਗਾਹ ਵਿਕਸਤ ਕਰਨ ਦੇ ਮਕਸਦ ਨਾਲ ਸਰਹਿੰਦ ਚੋਅ ਦੇ ਨਾਲ ਨਾਲ 'ਕਾਫ਼ਿਗ ਟਰੈਕ' ਬਣਾਇਆ ਗਿਆ ਸੀ ਤੇ ਪਲਾਂਟੇਸ਼ਨ ਕਾਰਵਾਈ ਗਈ ਹੈ, ਜਿਸ ਨਾਲ ਸਰਹਿੰਦ ਚੋਅ ਦੇ ਕਿਨਾਰਿਆਂ ਨੂੰ ਬਹੁਤ ਮਜ਼ਬੂਤੀ ਮਿਲੀ ਹੈ।ਸ੍ਰੀ ਬਰਿੰਦਰ ਗੋਇਲ ਨੇ ਕਿਹਾ ਕਿ ਹੜ੍ਹ ਦੀ ਇਸ ਬੱਦਲ ਫਟਣ ਨਾਲ ਪੂਰਾ ਪੰਜਾਬ ਪ੍ਰਭਾਵਿਤ ਹੋਇਆ ਹੈ, ਪਰ ਪੰਜਾਬ ਸਰਕਾਰ ਵੱਲੋਂ ਵੱਖ ਵੱਖ ਧਿਰਾਂ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਬਚਾਅ ਕਾਰਜਾਂ ਕਾਰਨ ਸਥਿਤੀ ਹੁਣ ਪੂਰੀ ਤਰ੍ਹਾਂ ਕਾਬੂ ਹੇਠ ਹੈ।ਇਸ ਮੌਕੇ ਰਾਜਵਿੰਦਰ ਕੌਰ ਤਹਿਸੀਲਦਾਰ ਸੁਨਾਮ, ਡੀ ਐੱਸ ਪੀ ਹਰਵਿੰਦਰ ਸਿੰਘ ਖਹਿਰਾ, ਨਿਸ਼ਾਨ ਸਿੰਘ ਟੋਨੀ ਪ੍ਰਧਾਨ ਨਗਰ ਕੌਂਸਲ ਸੁਨਾਮ, ਸ਼੍ਰੀ ਜਤਿੰਦਰ ਜੈਨ ਮੀਡੀਆ ਕੋਆਰਡੀਨੇਟਰ ਅਮਨ ਅਰੋੜਾ ਕੈਬਨਿਟ ਮੰਤਰੀ, ਬਲਾਕ ਪ੍ਰਧਾਨ ਸੰਦੀਪ ਜਿੰਦਲ ਸਾਹਿਬ ਸਿੰਘ, ਮਨੀ ਸਰਾਓ, ਮਨਪ੍ਰੀਤ ਬਾਂਸਲ, ਗੁਰਿੰਦਰ ਪਾਲ ਖੇੜੀ, ਦੀਪ ਸਰਪੰਚ ਕਨੋਈ, ਕੁਲਦੀਪ ਸਿੰਘ, ਮਨਪ੍ਰੀਤ ਮਨੀ ਸੇਰੋ ਤੇ ਹੋਰ ਹਾਜ਼ਰ ਸਨ।

# ਅਜਨਾਲਾ ਤੇ ਰਮਦਾਸ ਲਈ 23 ਐਂਬੂਲੈਂਸਾਂ ਰਵਾਨਾ



ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਨੇ ਮੰਗਲਵਾਰ ਅੰਮ੍ਰਿਤਸਰ ਮੈਡੀਕਲ ਕਾਲਜ ਤੋਂ ਅਜਨਾਲਾ ਦੇ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਲਈ 23 ਐਂਬੂਲੈਂਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿਹਤ ਮੰਤਰੀ ਨੇ ਦੱਸਿਆ ਕਿ ਵਿਭਾਗ ਵੱਲੋਂ ਸਬ ਡਿਵੀਜ਼ਨਲ ਹਸਪਤਾਲ ਅਜਨਾਲਾ ਵਿਖੇ ਮੈਡੀਕਲ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ।ਉਨ੍ਹਾਂ ਆਸ਼ਾ ਵਰਕਰਾਂ, ਨਰਸਿੰਗ ਕਾਲਜ ਦੇ ਵਿਦਿਆਰਥੀਆਂ ਨੂੰ ਇਸ ਔਖੀ ਘੜੀ ਵਿੱਚ ਲੋਕਾਂ ਨੂੰ ਹਰ ਘਰ ਤੱਕ ਪਹੁੰਚ ਕਰਨ ਅਤੇ ਲੋੜੀਂਦੀਆਂ ਸੇਵਾਵਾਂ ਪਹੁੰਚਾਉਣ ਲਈ ਪ੍ਰੇਰਿਤ ਵੀ ਕੀਤਾ।ਉਨ੍ਹਾਂ ਨਾਲ ਅਜਨਾਲਾ ਹਲਕੇ ਦੇ ਐੱਮ.ਐੱਲ.ਏ ਅਤੇ ਸਾਬਕਾ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੀ ਮੌਜੂਦ ਸਨ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਪਿੰਡ ਬੇਦੀ ਛੰਨਾ ਵਿਖੇ ਪਹੁੰਚ ਕੇ ਮੈਡੀਕਲ ਕੈਂਪ ਦਾ ਜਾਇਜ਼ਾ ਲਿਆ ਤੇ ਰਾਹਤ ਸਮੱਗਰੀ ਵੀ ਵੰਡੀ।

# ਪਿੰਡ ਧੈਂਗੜਪੁਰ ਵਿਖੇ ਬੰਨ੍ਹ ਨੂੰ ਲੱਗੀ ਢਾਅ ਨੂੰ ਸਮੇਂ ਸਿਰ ਵਧਣ ਤੋਂ ਰੋਕਿਆ



ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)-ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਪਿੰਡ ਧੈਂਗੜਪੁਰ ਵਿਖੇ ਸੋਮਵਾਰ ਰਾਤ ਨੂੰ ਸਤਲੁਜ ਦਰਿਆ ਦੇ ਬੰਨ੍ਹ ਨੂੰ ਲੱਗੀ ਕਰੀਬ 100-150 ਫੁੱਟ ਦੀ ਢਾਅ ਨੂੰ ਪ੍ਰਸ਼ਾਸਨ ਵੱਲੋਂ ਲੋਕਾਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਸਮੇਂ ਸਿਰ ਹੋਰ ਵਧਣ ਤੋਂ ਰੋਕਣ ਦੇ ਨਾਲ-ਨਾਲ ਬੰਨ੍ਹ ਦੀ ਮਜ਼ਬੂਤੀ ਲਈ ਲਗਾਤਾਰ ਉਪਰਾਲੇ ਜਾਰੀ ਹਨ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਐਸ ਡੀਐਮ ਅਨਮਜੋਤ ਕੌਰ, ਐਸ ਡੀ ਐਮ ਬਲਾਚੌਰ ਰਿਤਿਕਾ ਗੋਇਲ ਦੀ ਦੇਖਰੇਖ ਵਿੱਚ ਜਲ ਸਰੋਤ ਵਿਭਾਗ ਦੇ ਅਧਿਕਾਰੀ, ਪਿੰਡਾਂ ਦੇ ਵਸਨੀਕ ਤੇ ਸਮਾਜ ਸੇਵੀ ਸੰਸਥਾਵਾਂ ਨੁਮਾਇੰਦੇ ਲਗਾਤਾਰ ਕੰਮ ਕਰ ਰਹੇ ਹਨ ਤਾਂ ਜੋ ਬੰਨ੍ਹ ਨੂੰ ਕੋਈ ਹੋਰ ਜਿਆਦਾ ਨੁਕਸਾਨ ਨਾ ਹੋ ਸਕੇ। ਮੌਕੇ 'ਤੇ ਮੌਜੂਦ ਐਸ ਡੀ ਐਮ ਅਨਮਜਯੋਤ ਕੌਰ ਨੇ ਇਲਾਕੇ ਦੇ ਲੋਕਾਂ ਦੀ ਸਲਾਹੁਤਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਨਾਲ ਸਮੇਂ ਸਿਰ ਬੰਨ੍ਹ ਦੇ ਨੁਕਸਾਨ ਨੂੰ ਰੋਕ ਲਿਆ ਗਿਆ। ਉਨ੍ਹਾਂ ਕਿਹਾ ਕਿ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਮਗਨਰੇਗਾ ਵਰਕਰ ਅਤੇ ਪਿੰਡ ਵਾਸੀ ਇਸ 100 ਫੁੱਟ ਤੋਂ ਜਿਆਦਾ ਢਾਅ ਨੂੰ ਰੋਕਣ ਵਿੱਚ ਕਾਮਯਾਬ ਰਹੇ ਹਨ। ਉਨ੍ਹਾਂ ਕਿਹਾ ਕਿ ਬੀਤੇ ਦਿਨ ਦਰਿਆ ਵਿੱਚ ਪਾਣੀ ਦਾ ਪੱਧਰ ਬਹੁਤ ਜਿਆਦਾ ਵਧ ਜਾਣ ਕਾਰਨ ਇਹ ਢਾਅ ਲੱਗੀ ਪਰ ਸਮੇਂ ਸਿਰ ਇਸ ਨੂੰ ਹੋਰ ਅੱਗੇ ਵਧਣ ਤੋਂ ਰੋਕਣ ਦੇ ਨਾਲ-ਨਾਲ ਮਿੱਟੀ ਦੇ ਥੈਲਿਆਂ, ਦਰੱਖਤਾਂ, ਲੋਹੇ ਦੇ ਕਰੇਟਾਂ ਆਦਿ ਨਾਲ ਬੰਨ੍ਹ ਨੂੰ ਸੁਰੱਖਿਅਤ ਕੀਤਾ ਗਿਆ।ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਇੰਡਸਟਰੀਅਲ ਟ੍ਰੇਨਿੰਗ ਬੋਰਡ ਦੇ ਵਾਈਸ ਚੇਅਰਮੈਨ ਲਲਿਤ ਮੋਹਨ ਪਾਠਕ ਨੇ ਬੰਨ੍ਹ ਨੂੰ ਢਾਅ ਵਾਲੀ ਜਗ੍ਹਾ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਬਹੁਤ ਹੀ ਸਮੇਂ 'ਤੇ ਬੰਨ੍ਹ ਦੇ ਵੱਡੇ ਨੁਕਸਾਨ ਨੂੰ ਰੋਕਿਆ ਗਿਆ।

## ਨੋਟਿਸ

ਵਿਸ਼ਾ: ਦਰਖਾਸਤ ਬਾਬਤ ਮਾਲ ਰਿਕਾਰਡ ਵਿੱਚ ਨਾਂਅ ਦੀ ਦਰੁਸਤੀ ਕਰਨ ਸਬੰਧੀ ਦ/ਵ ਜਸਵਿੰਦਰ ਸਿੰਘ ਪੁੱਤਰ ਰਾਮ ਧਨ ਪੁੱਤਰ ਰਾਮ ਚੰਦ, ਵਾਸੀ ਰਣੀਆ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਉਪਰੋਕਤ ਵਿਸ਼ੇ ਸੰਬੰਧੀ ਨਿਮਨ ਹਸਤਾਖਰ ਦੇ ਦਫਤਰ ਵਿੱਚ ਪੇਸ਼ ਹੋ ਕੇ ਬੇਨਤੀ ਕੀਤੀ ਕਿ ਰਿਕਾਰਡ ਮਾਲ ਵਾਕਿਆ ਪਿੰਡ ਰਣੀਆ-2, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਦੀ ਜਮ੍ਹਾਂਬੰਦੀ ਸਾਲ 2022-2023 ਦੀ ਖੇਵਟ ਨੰਬਰ 381 ਖਤੌਨੀ ਨੰਬਰ 632 ਤੋਂ 635 ਵਿੱਚ ਉਸ ਦਾ ਨਾਂਅ ਕੁਲਦੀਪ ਸਿੰਘ ਪੁੱਤਰ ਰਾਮ ਧਨ ਪੁੱਤਰ ਰਾਮ ਚੰਦ ਦਰਜ ਹੈ। ਪਰੰਤੂ ਉਸ ਨਾਲ ਸੰਬੰਧਿਤ ਹਰ ਇੱਕ ਕਾਗਜ਼ਾਤ ਜਿਵੇਂ ਕਿ ਉਨ੍ਹਾਂ ਦੇ ਆਧਾਰ ਕਾਰਡ, ਪੈਨ ਕਾਰਡ ਆਦਿ ਵਿੱਚ ਉਸ ਦਾ ਨਾਂਅ ਜਸਵਿੰਦਰ ਸਿੰਘ ਦਰਜ ਹੈ। ਹੁਣ ਉਹ ਰਿਕਾਰਡ ਮਾਲ ਵਿੱਚ ਆਪਣਾ ਨਾਂਅ ਕੁਲਦੀਪ ਸਿੰਘ ਪੁੱਤਰ ਰਾਮ ਧਨ ਪੁੱਤਰ ਰਾਮ ਚੰਦ ਦੀ ਬਜਾਏ ਜਸਵਿੰਦਰ ਸਿੰਘ ਉਰਫ ਕੁਲਦੀਪ ਸਿੰਘ ਤਬਦੀਲ ਕਰਵਾਉਣਾ ਚਾਹੁੰਦਾ ਹੈ। ਦੋਨੋਂ ਨਾਮ ਦਾ ਇੱਕ ਹੀ ਵਿਅਕਤੀ ਹੈ ਅਤੇ ਦੋਵਾਂ ਨਾਵਾਂ ਸੰਬੰਧੀ ਹਰ ਤਰ੍ਹਾਂ ਨਾਲ ਜ਼ਿੰਮੇਵਾਰ ਹੈ।

ਦੋਨੋਂ ਨਾਂਅ ਦੀ ਤਸਦੀਕ ਰਾਮਜੀ ਦਾਸ ਪੁੱਤਰ ਰਾਮਪਾਲ ਦਾਸ - ਰਾਮਪਾਲ ਦਾਸ ਪੁੱਤਰ ਰਾਮ ਚੰਦ ਪੁੱਤਰ ਸ਼ਾਮ ਦਾਸ -ਜਸਮੀਤ ਸਿੰਘ ਪੁੱਤਰ ਗੁਰਦਾਸ ਸਿੰਘ-ਅਮਿਤ ਸਿੰਘ ਨੰਬਰਦਾਰ ਪੁੱਤਰ ਮਹਿੰਦਰ ਸਿੰਘ ਸਾਰੇ ਵਾਸੀਆਨ ਪਿੰਡ ਰਣੀਆ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵੱਲੋਂ ਕੀਤੀ ਗਈ ਹੈ।

ਇਸ ਲਈ ਪੰਜਾਬ ਸਰਕਾਰ ਦੇ ਮੀਮੋ ਨੰਬਰ 25/78/2012-ਭੁਮ-2 /12445-71 ਚੰਡੀਗੜ੍ਹ ਮਿਤੀ 26-7-2013 ਦੇ ਹਵਾਲੇ ਮੁਤਾਬਕ ਮਾਲ ਰਿਕਾਰਡ ਵਿੱਚ ਨਾਂਅ ਤਬਦੀਲੀ ਕਰਾਉਣੀ ਹੈ। ਹੁਣ ਮਾਲ ਰਿਕਾਰਡ ਵਿੱਚ ਕੁਲਦੀਪ ਸਿੰਘ ਉਰਫ ਜਸਵਿੰਦਰ ਸਿੰਘ ਪੁੱਤਰ ਰਾਮ ਧਨ ਪੁੱਤਰ ਰਾਮ ਚੰਦ ਦਾ ਇੰਦਰਾਜ਼ ਕਰਵਾਉਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਇਸ ਦਫਤਰ ਵਿੱਚ ਆਪਣਾ ਇਤਰਾਜ਼ 10 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਇਤਰਾਜ਼ ਕਾਬਲ-ਗੌਰ ਨਹੀਂ ਹੋਵੇਗਾ।

ਤਹਿਸੀਲਦਾਰ-ਕਮ- ਸਰਕਲ ਰੈਵੀਨਿਊ ਅਫਸਰ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।
ਨੰਬਰ 16/ਰੀਡਰ ਮਿਤੀ : 01-09-2025

## ਈ-ਨਿਲਾਮੀ ਨੋਟਿਸ ਅੰਗ ਪ੍ਰਭਾਵਿਤ ਡੀ ਜੀ ਸੈੱਟ-625 ਕੇ ਵੀ ਏ (ਸਕਰੈਪ ਮਟੀਰੀਅਲ)

ਮੈਸਰਜ਼ ਸ੍ਰੀ ਕ੍ਰਿਸ਼ਨ ਕੈਂਪ ਨਾਲ ਸੰਬੰਧਤ 'ਅੰਗ ਪ੍ਰਭਾਵਿਤ ਡੀ ਜੀ ਸੈੱਟ-625 ਕੇ ਵੀ ਏ' 'ਸਕਰੈਪ ਮਟੀਰੀਅਲ' ਨੂੰ "ਜਿਵੇਂ ਹੈ ਜਿੱਥੇ ਹੈ" ਆਧਾਰ 'ਤੇ ਵਿਕਰੀ ਕਰਨ ਲਈ ਚਾਹਵਾਨ ਖਰੀਦਦਾਰਾਂ ਤੋਂ ਈ-ਨਿਲਾਮੀ ਦੀਆਂ ਬੋਲੀਆਂ ਮੰਗੀਆਂ ਜਾਂਦੀਆਂ ਹਨ। ... 31-2220/11, ... ਵੇਚਣ ਵਾਲੇ ... 03-09-2025 ਤੋਂ 10-09-2025 ਦੌਰਾਨ ... 92168-79221 ... 11-09-2025 ... 81780-27813 ... www.salvagesettlers.com ... 11.09.2025 ਨੂੰ 12.00 ਵਜੇ ...

## PUBLIC NOTICE

The General Public is informed that an original Sale Deed executed by Keshav Garg S/o Bhagat Ram, Pardeep Garg S/o Keshav Garg, Rozy Garg-Neeru Garg daughters of Keshav Garg in favour of Neeraj Garg S/o Keshav Garg R/o Dhuri bearing Serial No. 2023-24/122/1/1210 dated 16 June 2023 has been lost at Bus Stand, Dhuri on 05.08.2025. DDR No. 21 dated 08.08.2025 with Police Station City Dhuri. M/s Saffron Healthy Foods, Kakarwal, Dhuri (Sangrur) being current owner of the said property is equitably mortgaging the said property with Punjab & Sind Bank, Dhuri. If any person has any objection in this regard, he should contact the Manager, Punjab & Sind Bank, Dhuri, District Sangrur in writing with the supporting documents within 15 days. If no claim is received within 15 days of notice, it shall be presumed that no person has any claim of any nature in respect of the said property and any subsequent claim shall not bind our clients. Manager, Punjab & Sind Bank, Dhuri. Contact No. 70870-15422

For Punjab & Sind Bank,
Manager, B.O. Dhuri
(D-6272), Distt. Sangrur

# ਕੁਦਰਤੀ ਕਰੋਪੀ ਸਮੇਂ ਲੋਕਾਂ ਨੇ ਦਿੱਤਾ ਇਕਜੁਟਤਾ ਦਾ ਸੁਨੇਹਾ : ਦੇਵ ਮਾਨ



ਭਾਦਸੋਂ/ਪਟਿਆਲਾ, (ਰਾਜਿੰਦਰ ਸਿੰਘ ਥਿੰਦ) ਸੂਬੇ ਅੰਦਰ ਭਾਰੀ ਮੀਂਹ ਤੋਂ ਬਾਅਦ ਆਏ ਹੜ੍ਹਾਂ ਨਾਲ ਮਾਝਾ ਖੇਤਰ 'ਚ ਹੋਏ ਭਾਰੀ ਨੁਕਸਾਨ ਦੇ ਚੱਲਦਿਆਂ ਨਾਭਾ ਹਲਕੇ ਦੇ ਨਗਰ ਭਾਦਸੋਂ ਤੋਂ ਹੜ੍ਹ ਪੀੜਤ ਬੇਜ਼ਬਾਨ ਪਸ਼ੂਆਂ ਵਾਸਤੇ ਚਾਰੇ ਦੀਆਂ ਗੱਠਾਂ ਦਾ ਟਰੱਕ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਰਵਾਨਾ ਕੀਤਾ ਗਿਆ।ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਇਹ ਮਦਦ ਭਾਦਸੋਂ ਦੇ ਪੰਚਾਇਤ ਦੇ ਕੌਂਸਲਰਾਂ, ਦੁਕਾਨਦਾਰ ਵਰਗ, ਨਗਰ, ਟਰੱਕ ਯੂਨੀਅਨ ਤੇ ਪਤਵੰਤਿਆਂ ਵੱਲੋਂ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਸਾਂਝੇ ਤੌਰ 'ਤੇ ਭੇਜੀ ਜਾ ਰਹੀ ਹੈ। ਇਸ ਤੋਂ ਇਲਾਵਾ ਪਟਿਆਲਾ ਦੇ ਦਾਨੀ ਸੱਜਣ ਵੱਲੋਂ ਸੇਬਾਂ ਦੀਆਂ ਪੇਟੀਆਂ ਦੀ ਸੇਵਾ ਕੀਤੀ ਗਈ ਹੈ, ਜੋ ਇਸ ਟਰੱਕ ਨਾਲ ਰਾਜਾਸਾਂਸੀ ਖੇਤਰ ਦੇ ਹੜ੍ਹ ਪ੍ਰਭਾਵਤ ਇਲਾਕੇ ਲਈ ਰਵਾਨਾ ਕੀਤੀ ਗਈਆਂ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਇਸ ਮੁਸ਼ਕਲ ਦੀ ਘੜੀ ਵਿੱਚ ਲੋਕਾਂ ਦੇ ਨਾਲ ਖੜੀ ਹੈ ਤੇ ਸਰਕਾਰ ਦੀ ਸਮੁੱਚੀ ਮਸ਼ੀਨਰੀ ਬਚਾਅ ਕਾਰਜਾਂ ਵਿੱਚ ਲੱਗੀ ਹੋਈ ਹੈ।ਉਨ੍ਹਾਂ ਕਿਹਾ ਕਿ ਭਾਦਸੋਂ ਤੋਂ ਰਾਹਤ ਸਮੱਗਰੀ ਦਾ ਇੱਕ ਟਰੱਕ ਅਗਲੇ ਦੋ ਦਿਨਾਂ ਅੰਦਰ ਹੋਰ ਰਵਾਨਾ ਹੋਵੇਗਾ, ਜਿਸ ਤੋਂ ਇਲਾਵਾ ਨਾਭਾ ਤੋਂ ਚਾਰ ਦੇ ਕਰੀਬ ਟਰੱਕ ਰਾਹਤ ਸਮਗਰੀ ਲੈ ਕੇ ਜਲਦ ਭੇਜੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਕੁਦਰਤੀ ਆਫ਼ਤਾਂ ਸਮੇਂ ਸਾਨੂੰ ਮਿਲਜੁਲ ਕੇ ਮਦਦ ਲਈ ਹੰਭਲਾ ਮਾਰਨਾ ਚਾਹੀਦਾ ਹੈ ਅਤੇ ਪੰਜਾਬੀਆਂ ਨੇ ਇਕ ਦੂਜੇ ਦੀ ਮਦਦ ਕਰਕੇ ਇਸ ਮੁਸ਼ਕਲ ਘੜੀ ਵਿੱਚ ਇਕਜੁਟਤਾ ਦਾ ਸੁਨੇਹਾ ਦਿੱਤਾ ਹੈ।

# ਲੋਕਾਂ ਦੇ ਫੈਸਲੇ ਕਰਾਉਣ ਦੇ ਨਾਂਅ 'ਤੇ ਪੈਸੇ ਹੜੱਪਣ ਵਾਲੀ ਜਥੇਬੰਦੀ ਦੇ ਬਾਈਕਾਟ ਦਾ ਐਲਾਨ



ਮੋਗਾ, (ਇਕਬਾਲ ਸਿੰਘ ਖਹਿਰਾ) ਮਹਿਤਪੁਰ ਇਲਾਕੇ ਨਾਲ ਸੰਬੰਧਿਤ ਕਿਸਾਨ-ਮਜ਼ਦੂਰ ਜਥੇਬੰਦੀਆਂ ਦੀ ਮੀਟਿੰਗ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਦੇ ਕੌਮੀ ਸਕੱਤਰ ਕੇਵਲ ਸਿੰਘ ਖਹਿਰਾ ਦੇ ਗ੍ਰਹਿ ਵਿਖੇ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਦਿਲਬਾਗ ਸਿੰਘ ਚੰਦੀ ਤੇ ਜਮਹੂਰੀ ਕਿਸਾਨ ਸਭਾ ਦੇ ਸੂਬਾਈ ਆਗੂ ਮੇਜਰ ਸਿੰਘ ਖੁਰਲਾਪੁਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਜੱਥੇਬੰਦੀਆਂ ਜਿਵੇਂ ਕੁੱਲ ਹਿੰਦ ਕਿਸਾਨ ਸਭਾ, ਜਮਹੂਰੀ ਕਿਸਾਨ ਸਭਾ, ਭਾਰਤੀ ਕਿਸਾਨ ਯੂਨੀਅਨ ਤੋਤੇਵਾਲ, ਭਾਰਤੀ ਕਿਸਾਨ ਯੂਨੀਅਨ ਦੁਆਬਾ, ਆਲ ਇੰਡੀਆ ਕਿਸਾਨ ਸਭਾ, ਮਨਰੇਗਾ ਵਰਕਰ ਯੂਨੀਅਨ ਆਦਿ ਜਥੇਬੰਦੀਆਂ ਨੇ ਸੰਯੁਕਤ ਕਿਸਾਨ ਮੋਰਚਾ ਮਹਿਤਪੁਰ ਦੇ ਨਾਂਅ ਹੇਠ ਇਹ ਫੈਸਲਾ ਕੀਤਾ ਕਿ ਡੀ.ਐਸ.ਪੀ ਸ਼ਾਹਕੋਟ ਦੀ ਸ਼ਹਿ ਪ੍ਰਾਪਤ ਥਾਣਾ ਸ਼ਾਹਕੋਟ, ਲੋਹੀਆਂ ਤੇ ਮਹਿਤਪੁਰ ਦੀ ਪੁਲਸ ਵੱਲੋਂ ਲੋਕਾਂ ਨਾਲ ਕੀਤੇ ਜਾ ਰਹੇ ਧੱਕੇ, ਝੂਠੇ ਪਰਚੇ, ਵਧ ਰਹੇ ਨਸ਼ੇ ਤੇ ਚੋਰੀਆਂ ਦੀਆਂ ਵਾਰਦਾਤਾਂ ਤੇ ਇਲਾਕੇ ਅੰਦਰ ਵੱਧ ਰਹੀ ਗੁੰਡਾਗਰਦੀ ਆਮ ਲੋਕਾਂ ਨੂੰ ਇਨਸਾਫ਼ ਨਾ ਦੇਣ ਵਿਰੁੱਧ ਥਾਣਾ ਮਹਿਤਪੁਰ ਮੂਹਰੇ ਆਉਣ ਦਿਨਾਂ ਵਿੱਚ ਧਰਨਾ ਲਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਤੇ ਇਲਾਕੇ ਵਿੱਚ ਪੁਲਸ ਦਾ ਹੱਥ ਠੋਕਾ ਬਣ ਕੇ ਲੋਕਾਂ ਨਾਲ ਧੱਕਾ ਕਰਨ ਤੇ ਕਰਾਉਣ ਵਾਲੀ ਜਥੇਬੰਦੀ ਦੇ ਬਾਈਕਾਟ ਦਾ ਐਲਾਨ ਵੀ ਕੀਤਾ ਗਿਆ ਹੈ।

ਆਗੂਆਂ ਕਿਹਾ ਕਿ ਲੋਕਾਂ ਦੇ ਕੰਮ ਕਰਾਉਣ ਬਦਲੇ ਮੋਟੀਆਂ ਰਕਮਾਂ ਲੈਣ ਤੇ ਧਰਨਿਆਂ ਵਿੱਚ ਇੱਕਠ ਦਿਖਾਉਣ ਲਈ ਪੈਸੇ ਦੇ ਕੇ ਪਿੰਡਾਂ ਵਿੱਚੋਂ ਬੰਦੇ ਲਿਜਾਣ ਦਾ ਗਲਤ ਰੁਝਾਨ ਪੈਦਾ ਕਰਨ ਦਾ ਨੋਟਿਸ ਵੀ ਲਿਆ ਗਿਆ। ਉਨ੍ਹਾਂ ਕਿਹਾ ਕਿ ਜ਼ਰੂਰੀ ਕੰਮਾਂ ਵਿੱਚ ਰੁੱਝੀਆਂ ਇੱਕ-ਦੋ ਭਰਾਤਰੀ ਜਥੇਬੰਦੀਆਂ ਨਾਲ ਸਲਾਹ ਕਰਕੇ ਜਲਦ ਹੀ ਧਰਨੇ ਦੀ ਤਰੀਕ ਦਾ ਐਲਾਨ ਵੀ ਕਰ ਦਿੱਤਾ ਜਾਵੇਗਾ।

## COURT NOTICE

(U/o 5 Rule 20 CPC)
In the Court of
Ms. Sandeep Kaur-I
Civil Judge (Junior Division), Khanna
CNR No. PBLDA0-000058-2025
Next Date:- 15-09-2025
M/S National Finance and Leasing Corporation
Vs. Laxman Singh
Publication Issued To:
Laxman Singh
:- S/o Sh. Rameshwar R/o Ward No. 18, Mohalla Basant Nagar Khanna, Tehsil Khanna, Distt. Ludhiana

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 15-09-2025 at 10:00 a.m.

For details logon to https://highcourtchd.gov.in/?mod=district_notice&district=moga-court

Civil Judge (Junior Division) Khanna
Dated, this day of 02-09-2025

## PUBLIC NOTICE

It hereby informs to public at large that Bhagwan Dass Sat Pal has avail loan from AU SMALL FINANCE BANK LIMITED have its branch office at Hoshiarpur. Rakesh Kumar, Rohit Goyal, Sangeeta Rani, Sumit Goyal owned Property i.e. Commercial Building Measuring 12 Marla 234 Sq. Feet under Redline Area Situated at Abadi Naloian, Near Bangi Chowk, Hoshiarpur, Tehsil and District Hoshiarpur. That Earlier Sale Deed No. 5905 dated 02.02.2000 and Sale Deed No. 4065 dated 27.11.2001 and Sale Deed No. 5657 dated 28.01.2002 relatint to property are lost and not traceable. There is no third party interest involve in owner and title is clear. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised Loan by depositing the aforesaid document to any person/bank/corporation/financial institution may approach the Lalit Kakkar (Advocate) Off. : Chamber No. 24, New Courts, Jalandhar. M.No. 98761-07449 and submit objection within 7 days from the date of this notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

## COURT NOTICE

(U/o 5 Rule 20 CPC)
In the Court of
Gurkirat Singh
Civil Judge (Junior Division), Amritsar
CNR No. PBAS02-000439-2025
Next Date:- 06-10-2025

Punjab National Bank, A body Corporate Constituted under the banking companies act 1970 having its branch office at Nawan Pind, District Amritsar through its principal officer/Constituted attorney
Vs.
(1) Sukhdev Singh Since Deceased S/o Tara Singh Through Lr. (A) Harpreet Singh (Son), (B) Baljit Kaur (Daughter), R/O Village Bhoea, PO. Mattewal, Tehsil Baba Bakala Sahib, Distt. Amritsar Etc...
Cs Recovery
Publication Issued To:
(1) Sukhdev Singh Since Deceased S/o Tara Singh Through Lr. (A) Harpreet Singh (Son), (B) Baljit Kaur (Daughter) R/o Village Bhoea, Post Office Mattewal, Tehsil Baba Bakala Sahib, District Amritsar
(2) Harpreet Singh S/o Sukhdev Singh R/o Village Bhoea, Post Office Mattewal, Tehsil Baba Bakala Sahib, District. Amritsar

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 06-10-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 01-09-2025

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਗੜ੍ਹਦੀਵਾਲਾ
ਵਿਸ਼ਾ : ਮਾਲ ਰਿਕਾਰਡ ਵਿਚ ਨਾਂਅ ਦੀ ਦਰੁਸਤੀ ਕਰਨ ਸੰਬੰਧੀ
ਨੋਟਿਸ ਬਨਾਮ ਜਨਰਲ ਪਬਲਿਕ

ਪ੍ਰਾਰਥੀ ਸ੍ਰੀਮਤੀ ਸੁਦੇਸ਼ ਰਾਣੀ ਪੁੱਤਰੀ ਸ੍ਰੀ ਸਾਈ ਦਾਸ, ਪਿੰਡ ਖਿਆਲਾ ਬੁਲੰਦਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਹਾਲ ਪਤਨੀ ਸ੍ਰੀ ਰੱਘਾ ਰਾਮ, ਵਾਸੀ ਬਾਹਣੀਵਾਲ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਨੇ ਇਕ ਦਰਖਾਸਤ ਦਿੱਤੀ ਹੈ ਕਿ ਮਾਲ ਰਿਕਾਰਡ ਵਾਕਿਆ ਰਕਬਾ ਪਿੰਡ ਖਿਆਲਾ ਬੁਲੰਦਾ/49, ਤਹਿ. ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਦੀ ਫਰਦ ਜਮ੍ਹਾਂਬੰਦੀ ਵਿੱਚ ਪ੍ਰਾਰਥੀ ਦਾ ਨਾਂਅ ਊਸ਼ਾ ਰਾਣੀ ਚਲਦਾ ਆ ਰਿਹਾ ਹੈ, ਜਦ ਕਿ ਇਸ ਦਾ ਨਾਂਅ ਸੁਦੇਸ਼ ਰਾਣੀ ਪੁੱਤਰੀ ਸ੍ਰੀ ਸਾਈ ਦਾਸ ਹੈ। ਪ੍ਰਾਰਥੀ ਨੇ ਇਸ ਨਾਂਅ ਦੀ ਦਰੁਸਤੀ ਲਈ ਦਰਖਾਸਤ ਪੇਸ਼ ਕੀਤੀ ਹੈ । ਪ੍ਰਾਰਥੀ ਵੱਲੋਂ ਦਰਖਾਸਤ ਨਾਲ ਆਪਣੇ ਆਧਾਰ ਕਾਰਡ, ਸਕੂਲ ਲਿਵਿੰਗ ਸਰਟੀਫਿਕੇਟ, ਪੈਨ ਕਾਰਡ, ਬੈਂਕ ਪਾਸਬੁੱਕ ਦੇ ਪਹਿਲੇ ਪੇਜ ਦੀ ਕਾਪੀ ਸਬੂਤ ਵਜੋਂ ਪੇਸ਼ ਕੀਤੀ ਹੈ। ਇਸ ਤੋਂ ਇਲਾਵਾ ਪ੍ਰਾਰਥੀ ਵੱਲੋਂ ਦੋ ਅਖਬਾਰਾਂ The Swera ਅਤੇ ਨਵਾਂ ਜ਼ਮਾਨਾ ਦੀ ਕਟਿੰਗ ਪੇਸ਼ ਕੀਤੀ ਹੈ। ਇਸ ਨਾਂਅ ਦੀ ਸੋਧ ਦੇ ਸੰਬੰਧ ਵਿੱਚ ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਅਸਾਲਤਨ ਜਾਂ ਵਕਾਲਤਨ ਮੇਰੇ ਦਫਤਰ/ਅਦਾਲਤ ਵਿੱਚ ਹਾਜ਼ਰ ਹੋ ਕੇ ਆਪਣਾ ਇਤਰਾਜ਼ ਨੋਟਿਸ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਇਤਰਾਜ਼ ਕਾਬਲੇ ਸਮਾਇਤ ਨਾ ਹੋਵੇਗਾ ਅਤੇ ਨਾਂਅ ਦੀ ਸੋਧ ਕਰ ਦਿੱਤੀ ਜਾਵੇਗੀ।

ਅੱਜ ਮਿਤੀ 02.09.2025 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਨਾਲ ਜਾਰੀ ਹੋਇਆ।

ਸਹੀ/- ਨਾਇਬ ਤਹਿਸੀਲਦਾਰ - ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਗੜ੍ਹਦੀਵਾਲਾ।
ਨੰ. 290/ਰੀਡਰ ਮਿਤੀ : 02-09-2025

## COURT NOTICE

In the Court of
Ms. Khushdeep Kaur
Judicial Magistrate- 1st Class -4 Rajpura
CNR No.:- PBPTA1-000954-2021
Next Date:-03-10-2025
COMA-169-2021
M/S De Hues India Pvt. Ltd.
Vs.
Mehtab Cattle Feed Store
Detail of Offence:- 138 N.I. Act
Notice To:
Mehtab Cattle Feed Store
Through its Proprietor Gurbakshish Singh R/o Bharat Colony, Aliwal Road, Batala, Punjab.

In above titled case, the accused could not be served. It is ordered that accused should appear in person or through counsel on 03-10-2025 at 10.00 a.m.

For details logon to https://highcourtchd.gov.in/?mod=district_notice&district=patiala

Judicial Magistrate - 1st Class - 4 Rajpura
Dated, this day of 01-09-2025

## PUBLIC NOTICE

It hereby informs to public at large that Parmjeet Singh has avail loan from AU SMALL FINANCE BANK LIMITED have its branch office at Jalandhar. Ravinder Kaur W/o Paramjeet Singh owned Property i.e. Portion of House No. E.P. 191, Measuring 3 Marla under Redline Area Situated at Mohalla Khodia, Jalandhar City, Tehsil and District Jalandhar. That Earlier GPA No.92 dated 04.10.2023 is lost and not traceable. There is no third party interest involve in owner and title is clear. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised Loan by depositing the aforesaid document to any person/bank/corporation/financial institution may approach the Lalit Kakkar (Advocate) Off. : Chamber No. 24, New Courts, Jalandhar. M.No. 98761-07449 and submit objection within 7 days from the date of this notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ ਤਹਿਸੀਲਦਾਰ, ਮਾਨਸਾ
ਵਿਸ਼ਾ- ਦਰਖਾਸਤ ਵੱਲੋਂ ਜਗਤਾਰ ਸਿੰਘ ਪੁੱਤਰ ਗੁਰਜੀਤ ਸਿੰਘ ਉਰਫ ਗੁਰਤੇਜ ਸਿੰਘ ਪੁੱਤਰ ਅਰਜਨ ਸਿੰਘ, ਪਿੰਡ ਖੋਖਰ ਕਲਾਂ, ਤਹਿਸੀਲ ਵਾ ਜ਼ਿਲ੍ਹਾ ਮਾਨਸਾ ਬਾਬਤ ਮਾਲ ਰਿਕਾਰਡ ਵਿੱਚ ਨਾਂਅ ਦਰੁਸਤ ਕਰਨ ਬਾਰੇ।
ਨੋਟਿਸ ਬਨਾਮ ਆਮ ਜਨਤਾ

ਇਸ ਨੋਟਿਸ ਰਾਹੀਂ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਅਦਾਲਤ ਵਿਖੇ ਜਗਤਾਰ ਸਿੰਘ ਪੁੱਤਰ ਗੁਰਜੀਤ ਸਿੰਘ ਉਰਫ ਗੁਰਤੇਜ ਸਿੰਘ ਪੁੱਤਰ ਅਰਜਨ ਸਿੰਘ ਪਿੰਡ ਖੋਖਰ ਕਲਾਂ, ਤਹਿਸੀਲ ਵਾ ਜ਼ਿਲ੍ਹਾ ਮਾਨਸਾ ਵੱਲੋਂ ਇਕ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਗਈ ਹੈ ਕਿ ਰਿਕਾਰਡ ਮਾਲ ਵਿੱਚ ਉਸਦੇ ਪਿਤਾ ਦਾ ਨਾਂਅ ਗੁਰਜੀਤ ਸਿੰਘ ਪੁੱਤਰ ਅਰਜਨ ਸਿੰਘ ਦਰਜ ਹੈ, ਜਦੋਂ ਕਿ ਉਸਦੇ ਪਿਤਾ ਦਾ ਨਾਂਅ ਰਾਸ਼ਨ ਕਾਰਡ, ਵੋਟਰ ਕਾਰਡ ਵਿੱਚ ਗੁਰਤੇਜ ਸਿੰਘ ਦਰਜ ਹੈ। ਇਹ ਕਿ ਉਸਦੇ ਪਿਤਾ ਨੂੰ ਗੁਰਜੀਤ ਸਿੰਘ ਅਤੇ ਗੁਰਤੇਜ ਸਿੰਘ ਨਾਲ ਵੀ ਜਾਣਿਆ ਜਾਂਦਾ ਹੈ ਅਤੇ ਇਹ ਦੋਵੇਂ ਨਾਂਅ ਇੱਕ ਹੀ ਵਿਅਕਤੀ ਦੇ ਹਨ। ਪ੍ਰਾਰਥੀ ਵੱਲੋਂ ਬੇਨਤੀ ਕੀਤੀ ਕਿ ਉਸਦੇ ਪਿਤਾ ਦੇ ਨਾਂਅ ਮਾਲ ਰਿਕਾਰਡ ਵਿੱਚ ਗੁਰਜੀਤ ਸਿੰਘ ਉਰਫ ਗੁਰਤੇਜ ਸਿੰਘ ਸਹੀ ਦਰੁਸਤ ਕੀਤਾ ਜਾਵੇ।

ਉਕਤ ਮੇਰੇ ਨਾਂਅ ਨੂੰ ਦਰੁਸਤ ਕਰਨ ਵਿੱਚ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਅਸਾਲਤਨ ਜਾਂ ਵਕਾਲਤਨ ਆਪਣਾ ਉਜ਼ਰ ਇਸ ਅਦਾਲਤ ਵਿੱਚ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਉਜ਼ਰ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਨਿਯਮਾਂ ਅਨੁਸਾਰ ਨਾਂਅ ਦੀ ਦਰੁਸਤੀ ਕਰ ਦਿੱਤੀ ਜਾਵੇਗੀ।

ਅੱਜ ਮਿਤੀ 2.09.25 ਨੂੰ ਇਹ ਮੇਰੀ ਮੋਹਰ ਅਦਾਲਤ ਅਤੇ ਦਸਤਖਤਾਂ ਹੇਠ ਜਾਰੀ ਕੀਤਾ ਗਿਆ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ, ਤਹਿਸੀਲਦਾਰ, ਮਾਨਸਾ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ ਤਹਿਸੀਲਦਾਰ, ਮਾਨਸਾ
ਵਿਸ਼ਾ : ਦਰਖਾਸਤ ਵੱਲੋਂ ਪਰਮਜੀਤ ਕੌਰ ਪਤਨੀ ਗੁਰਜੀਤ ਸਿੰਘ ਉਰਫ ਗੁਰਤੇਜ ਸਿੰਘ ਪੁੱਤਰ ਅਰਜਨ ਸਿੰਘ, ਪਿੰਡ ਖੋਖਰ ਕਲਾਂ, ਤਹਿਸੀਲ ਵਾ ਜ਼ਿਲ੍ਹਾ ਮਾਨਸਾ ਬਾਬਤ ਮਾਲ ਰਿਕਾਰਡ ਵਿੱਚ ਨਾਂਅ ਦਰੁਸਤ ਕਰਨ ਬਾਰੇ।
ਨੋਟਿਸ ਬਨਾਮ ਆਮ ਜਨਤਾ

ਇਸ ਨੋਟਿਸ ਰਾਹੀਂ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਅਦਾਲਤ ਵਿਖੇ ਪਰਮਜੀਤ ਕੌਰ ਪਤਨੀ ਗੁਰਜੀਤ ਸਿੰਘ ਉਰਫ ਗੁਰਤੇਜ ਸਿੰਘ ਪੁੱਤਰ ਅਰਜਨ ਸਿੰਘ ਪਿੰਡ ਖੋਖਰ ਕਲਾਂ, ਤਹਿਸੀਲ ਵਾ ਜ਼ਿਲ੍ਹਾ ਮਾਨਸਾ ਵੱਲੋਂ ਇਕ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਗਈ ਹੈ ਕਿ ਰਿਕਾਰਡ ਮਾਲ ਵਿੱਚ ਉਸ ਦੇ ਪਤੀ ਪਰਮਜੀਤ ਕੌਰ ਪਤਨੀ ਗੁਰਜੀਤ ਸਿੰਘ ਪੁੱਤਰ ਅਰਜਨ ਸਿੰਘ ਦਰਜ ਹੈ, ਜਦੋਂ ਕਿ ਉਸ ਦੇ ਪਤੀ ਦਾ ਨਾਂਅ ਰਾਸ਼ਨ ਕਾਰਡ, ਵੋਟਰ ਕਾਰਡ ਵਿੱਚ ਗੁਰਤੇਜ ਸਿੰਘ ਦਰਜ ਹੈ। ਇਹ ਕਿ ਉਸ ਦੇ ਪਤੀ ਨੂੰ ਗੁਰਜੀਤ ਸਿੰਘ ਅਤੇ ਗੁਰਤੇਜ ਸਿੰਘ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ ਅਤੇ ਇਹ ਦੋਵੇਂ ਨਾਂਅ ਇੱਕ ਹੀ ਵਿਅਕਤੀ ਦੇ ਹਨ। ਪ੍ਰਾਰਥਣ ਵੱਲੋਂ ਬੇਨਤੀ ਕੀਤੀ ਕਿ ਉਸ ਦੇ ਪਤੀ ਦੇ ਨਾਂਅ ਮਾਲ ਰਿਕਾਰਡ ਵਿੱਚ ਗੁਰਜੀਤ ਸਿੰਘ ਉਰਫ ਗੁਰਤੇਜ ਸਿੰਘ ਸਹੀ ਦਰੁਸਤ ਕੀਤਾ ਜਾਵੇ।

ਉਕਤ ਮੇਰੇ ਨਾਂਅ ਨੂੰ ਦਰੁਸਤ ਕਰਨ ਵਿੱਚ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਅਸਾਲਤਨ ਜਾਂ ਵਕਾਲਤਨ ਆਪਣਾ ਉਜ਼ਰ ਇਸ ਅਦਾਲਤ ਵਿੱਚ ਪੇਸ਼ ਕਰ ਸਕਦਾ ਹੈ।ਬਾਅਦ ਗੁਜ਼ਰਨੇ ਮਿਆਦ ਕੋਈ ਉਜ਼ਰ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਨਿਯਮਾਂ ਅਨੁਸਾਰ ਨਾਂਅ ਦੀ ਦਰੁਸਤੀ ਕਰ ਦਿੱਤੀ ਜਾਵੇਗੀ।

ਅੱਜ ਮਿਤੀ 2/9/25 ਨੂੰ ਇਹ ਮੇਰੀ ਮੋਹਰ ਅਦਾਲਤ ਅਤੇ ਦਸਤਖਤਾਂ ਹੇਠ ਜਾਰੀ ਕੀਤਾ ਗਿਆ।

ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ, ਤਹਿਸੀਲਦਾਰ, ਮਾਨਸਾ।

# ਕਲਾਸੀਫਾਈਡ ਇਸ਼ਤਿਹਾਰ

## Change of Name

I, Som Lal S/o Harpal Singh R/o VPO Dumunda Distt. Jalandhar 144103 Punjab have changed the name of my minor daughter from Loveleen to Loveleen Kaur. Surname as a Kaur. Concerned note.

I, Anushika Bahree D/o Sh. Vinay Bahree, R/o H. No. 107, Tara Singh Avenue, Kapurthala Road Jalandhar have changed my name from Anushika Bahri to Anushika Bahree. All concerned note please.

I, Vinay Bahree, S/o Sham Kumar Bahree, R/o H. No. 107, Tara Singh Avenue, Kapurthala Road Jalandhar have changed my name from Vinay Bahri to Vinay Bahree. All concerned note please.

I, Sandhya Bahree W/o Sh. Vinay Bahree, R/o H. No. 107, Tara Singh Avenue, Kapurthala Road Jalandhar have changed my name from Sandhya Bahri to Sandhya Bahree. All concerned note please.

I Darthy W/O Bir Singh R/O H.no.16, Bhullar Colony, Po. Dakoha, Jalandhar, Punjab 144023 Have Changed My Name From Darthy To Dorthy.

I Karanjit Kaur Bajwa W/o Amarjit Singh R/o VPO Chawinda Kalan Tehsil Ajnala Amritsar have changed my name to Karanjit Kaur.

I Amarjit Singh Bajwa S/o Gurjit Singh R/o VPO Chawinda Kalan Tehsil Ajnala Amritsar have changed my name to Amarjit Singh

I Laveen S/O Harmeet Bakshi,R/O H.no 516,Mann Nagar,Near Wadala Chowk, Jalandhar Have Changed My Name From Laveen To Laveen Bakshi.all Concerned May Note.

I Vir Singh S/O Jodha Ram R/O H.no.16, Bhullar Colony, Po. Dakoha, Jalandhar, Punjab 144023 Have Changed My Name From Vir Singh To Bir Singh

I Gurpreet Singh S/O Jaswinder Singh R/O Vpo. Parasrampur, Dist Jalandhar 144101 Have Changed My First Name To Gurpreet And Singh As A Surname

I, Pawan Kumar S/o Sardar Masih R/O Vill. Jogowal Bedian, Po. Kalanaur , District Gurdaspur, Punjab, India Pin Code 143512 , I have changed my name from Pawan Kumar to Kumar Pawan,Surname as Kumar and given name as Pawan.

I, Jung Bahadur Singh S/o Joginder Singh R/o Village Balia Manjpur, Tehsil Amritsar have changed my name from Jung Bahadur Singh to Jang Bahadar Singh

I Reeha Seth W/o Abhinandan Dua R/o 5-A, Medical Enclave, Trillium Mall, Circular Road, Amritsar have changed my name from Reeha Seth To Reeha Dua and Dua is my Surname. All Please Note.

I, Amarjit Kaur w/o Sarabjit Singh r/o H.No. 472, New Jawahar Nagar, Jalandhar-144001, Punjab have changed my name from Amarjit Kaur to Amarjeet Kaur. All Please Note.

## Change of Name

I, Parmjit Kaur W/o Tarlok Singh R/o 1452, Gali No.9, Rama Nand Bagh Amritsar have changed my nama from Parmjit Kaur to Parmjeet Kaur

I, Rajwinder Kaur W/o Parminder Singh Uppal R/o Near Bus Stand, Mohlan, Sri Muktsar Sahib have changed my name from Rajwinder Kaur to Rajbir Kaur Uppal

I, Harjit Singh S/o Baljit Singh R/o VPO Naushehra Pannuan Tehsil and District Tarn Taran have declare that Harjit is my Given name and Singh is my Surname

I, Gurbaj Singh S/o Dilbag Singh R/o Village Shakri PO Sarhali Kalan Tarn Taran have declare that Gurbaj is my Given name and Singh is my Given name

I, Baljeet Kaur W/o Jagtar Singh R/o Vill. Khakh, P.O. Sarli Khurd Tehsil Khadur Sahib Distt. Tarn Taran, Punjab-143115 India have changed my name from Baljeet Kaur to Baljit Kaur. Concerned Note.

I, Manjeet Kaur Singh Sidhu W/o Mohinder Singh Sidhu R/o NRI Colony, VPO Lambra, Distt.Jalandhar, Punjab have changed my name from Manjeet Kaur Singh Sidhu to Manjeet Kaur. All please note.

I, Geeta W/o Ram Kumar Khanna R/o H.No. 280, Guru Teg Bahadur Nagar, Jalandhar have changed my name to Geeta Khanna. All concerned please note.

I, Saurav S/O Sunil Jaidka, R/o BX VI-152 Khajuri Gate, Barrian Mohalla Kadi Hati Batala, Gurdaspur, Punjab-143518, have changed my name and shall hereafter be Known as Saurav Jaidka.

I, Ashok Gupta S/O Shiv Lal R/O 50 Near ST Joseph Boy School, Defence Colony Jalandhar-144001, Punjab Have Changed My Name From Ashok Gupta To Ashok Kumar. All Concerned Please Note.

I, Bunty Raja alias Bansi Lal S/o Sh. Krishan Lal R/o ER-161, Pacca Bagh, Jalandhar, Punjab have changed my name from Bunty Raja alias Bansi Lal to Bansi Lal. All concerned please note.

I, Jasbir Kaur W/o Santokh Singh R/o Village Gambhowal, Po. Khudda, Tehsil Dasuya, Distt. Hoshiarpur have changed my name from Jasbir Kaur to Jasvir Kaur. All concerned please note.

I, Geeta Aggarwal W/o Parveen Kumar R/o H.No. 69-A, Kalia Colony, Jalandhar have changed my name from Geeta Aggarwal to Geeta Rani. All concerned please note.

I, Sadhna W/O Sushil Kumar R/O Gal No 03, Railway Road, Shiv Colony ,Dinanagar Gurdaspur Punjab have changed my name from Sadhna to Sadhna Sushil Kumar.

I, Nitika Mahajan W/o Vikas Gupta R/o H.No.108 Garden Avenue, Kherabad Road, Mirankot Chowk, Amritsar have changed my name to Nitika Gupta.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਬੇਦਖਲੀ ਨੋਟਿਸ

ਮੈਂ ਗੁਰਨਾਮ ਰਾਮ ਪੁੱਤਰ ਸੰਸਾਰ ਚੰਦ ਵਾਸੀ ਪਿੰਡ ਘੁੜਕਾ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ। ਇਹ ਕਿ ਮੇਰੀ ਲੜਕੀ ਏਕਤਾ ਸਾਡੇ ਕਹਿਣੇ ਤੋ ਬਾਹਰ ਹੈ। ਇਹ ਕਿ ਮੇਰੀ ਲੜਕੀ ਏਕਤਾ ਨੇ ਆਪਣੀ ਮਨ ਮਰਜ਼ੀ ਨਾਲ ਫਿਰੋਜ਼ ਖਾਨ ਪੁੱਤਰ ਰਾਜ ਮੁਹੰਮਦ ਨਾਮ ਦੇ ਲੜਕੇ ਨਾਲ ਸਾਡੇ ਖਿਲਾਫ ਜਾ ਕੇ ਆਪਣਾ ਵਿਆਹ ਕਰਵਾ ਲਿਆ ਹੈ। ਹੁਣ ਮੈਂ ਆਪਣੀ ਲੜਕੀ ਏਕਤਾ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹੈ। ਇਹ ਕਿ ਜੇਕਰ ਕੋਈ ਵੀ ਵਿਅਕਤੀ ਮੇਰੀ ਲੜਕੀ ਏਕਤਾ ਨਾਲ ਕਿਸੇ ਵੀ ਤਰਾਂ ਦਾ ਲੈਣ ਦੇਣ ਕਰਦਾ ਹੈ ਤਾਂ ਉਹ ਖੁਦ ਜ਼ੁੰਮੇਵਾਰ ਹੋਵੇਗਾ। ਇਹ ਕਿ ਮੇਰੀ ਲੜਕੀ ਆਪਣੇ ਜਾਨ-ਮਾਲ ਦੀ ਵੀ ਖੁਦ ਜ਼ੁੰਮੇਵਾਰ ਹੋਵੇਗੀ। ਇਸ ਵਿੱਚ ਮੇਰਾ ਜਾ ਮੇਰੇ ਪਰਿਵਾਰ ਦਾ ਕੋਈ ਵੀ ਤੱਲਕ ਵਾਸਤਾ ਨਹੀਂ ਹੋਵੇਗਾ।

ਮੈਂ ਸ੍ਰੀਮਤੀ ਕਮਲੇਸ਼ ਰਾਣੀ ਪਤਨੀ ਸ੍ਰੀ ਰੂਪ ਲਾਲ ਵਾਸੀ ਮਕਾਨ ਨੰ.157, ਗਲੀ ਨੰ. 5, ਰਜਿੰਦਰ ਨਗਰ, ਬਟਾਲਾ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰੀਸ਼ ਮਹਿਰਾ ਅਤੇ ਉਸਦੀ ਪਤਨੀ ਨੇਹਾ ਜੋ ਕਿ ਮੇਰੇ ਕਹਿਣੇ, ਸੁਨਣੇ ਤੋਂ ਬਾਹਰ ਹਨ, ਲੜਾਈ ਝਗੜਾ ਕਰਦੇ ਰਹਿੰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈ ਸੁਖਵਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਸੰਗਵਾ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦਾ ਰਹਿਣ ਵਾਲਾ ਹਾਂ। ਮੇਰਾ ਲੜਕਾ ਜਗਰੂਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾਂ।ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਮੈਂ ਅਵਤਾਰ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਮੁੰਡਾ ਪਿੰਡ,ਤਹਿਸੀਲ ਖਡੂਰ ਸਾਹਿਬ, ਜਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਰਮਨਦੀਪ ਕੌਰ ਜੋ ਕਿ ਮੇਰੇ ਕਹਿਣੇ, ਸੁਨਣੇ ਤੋਂ ਬਾਹਰ ਹੈ ਅਤੇ ਘਰ ਵਿੱਚ ਲੜਾਈ ਝਗੜਾ ਕਰਦੀ ਰਹਿੰਦੀ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗੀ। ਅੱਜ ਤੋਂ ਬਾਅਦ ਮੇਰਾ ਅਤੇ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ ਰਿਹਾ।

ਮੈਂ, ਕਿਰਨ ਬਾਲਾ ਵਿਧਵਾ ਸ੍ਰੀ ਗਣੇਸ ਕੁਮਾਰ ਵਾਸੀ ਵਾਰਡ ਨੰ: 7, ਗਾਂਧੀ ਨਗਰ ਕੈਂਪ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਸ਼ ਵਾ ਉਸਦੀ ਪਤਨੀ ਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ ਆਸ਼ਾ ਰਾਣੀ ਪਤਨੀ ਲੇਟ ਗੁਰਜੀਤ ਕੁਮਾਰ ਵਾਸੀ ਮਕਾਨ ਨੰ. 133/7, ਘੁਮਿਆਰਾ ਦਾ ਮੁਹਲਾ ਏਕਤਾ ਨਗਰ ਛੋਟਾ ਹਰੀਪੁਰਾ ਡਾਕ. ਜਵਾਲਾ ਫਲੋਰ ਮਿਲਜ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਸਨੀਆ ਪਤਨੀ ਰਵੀ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਬੁਰੀ ਸੰਗਤ ਦਾ ਸ਼ਿਕਾਰ ਹਨ। ਇਸ ਲਈ ਮੈ ਇਹਨਾ ਨੂੰ ਅਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹਨਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ ਕਰਨ ਵਾਲਾ ਖੁਦ ਜਿਮੇਵਾਰ ਹੋਵੇਗਾ। ਮੇਰਾ ਇਹਨਾਂ ਨਾਲ ਕੋਈ ਤਲਕ-ਵਾਸਤਾ ਨਹੀਂ ਰਿਹਾ ।

ਮੈਂ, ਰਾਜਭੁਪਿੰਦਰ ਸਿੰਘ ਪੁੱਤਰ ਲੇਟ ਗੁਰਦਿਆਲ ਸਿੰਘ, ਵਾਸੀ ਜੇ 18/120, ਗਲੀ ਨੰ:1, ਬਗੀਚੀ ਭਗਤਾਂ ਵਾਲੀ, ਕੋਟ ਮਿਤ ਸਿੰਘ, ਤਰਨ ਤਾਰਨ ਰੋਡ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜੁਗਮੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਊਸ਼ਾ ਰਾਣੀ ਪਤਨੀ ਪਲਵਿੰਦਰ ਕੁਮਾਰ, ਵਾਸੀ 17/401, ਗਲੀ ਮਦਨ ਲਾਲ ਭਾਟੀਆ, ਸੁਲਤਾਨਵਿੰਡ ਗੇਟ, ਢੋਲੀ ਮੁਹੱਲਾ, ਅੰਮ੍ਰਿਤਸਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਬੇਟਾ ਅਰੁਣ ਕੁਮਾਰ ਅਤੇ ਉਸ ਦੀ ਪਤਨੀ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਗੁਰਬਖਸ਼ ਕੌਰ ਪਤਨੀ ਲੇਟ ਸ੍ਰੀ ਹਰਬਲਾਸ, ਵਾਸੀ ਨੇੜੇ ਬਾਬਾ ਫੂਲ ਨਾਥ, ਪਿੰਡ ਨਾਨਕ ਨਗਰੀ ਚਹੇੜੂ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਵੀ ਕੁਮਾਰ ਅਤੇ ਮੇਰੀ ਨੂੰਹ ਰਜਨੀ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈ ਜਤਿੰਦਰ ਸਿੰਘ ਪੁੱਤਰ ਚਰਨ ਸਿੰਘ ਵਾਸੀ ਪਰਿੰਗੜੀ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦਾ ਰਹਿਣ ਵਾਲਾ ਹਾਂ। ਮੇਰਾ ਲੜਕਾ ਗੁਰਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾਂ।ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਮੈਂ, ਸਤਿੰਦਰ ਕੌਰ ਪਤਨੀ ਲੇਟ ਹਰਜਿੰਦਰ ਸਿੰਘ, ਵਾਸੀ ਐੱਲ-6/835, ਗਲੀ ਨੰ: 2, ਨਿਊ ਸ਼ਹੀਦ ਊਧਮ ਸਿੰਘ ਨਗਰ, ਤਰਨ ਤਾਰਨ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਜਸਪ੍ਰੀਤ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ। ਸੰਬੰਧਤ ਨੋਟ ਕਰਨ।

ਅਸੀਂ, ਸਤਨਾਮ ਸਿੰਘ ਪੁੱਤਰ ਹਰਬੰਸ ਸਿੰਘ ਅਤੇ ਪਰਮਜੀਤ ਕੌਰ ਪਤਨੀ ਸਤਨਾਮ ਸਿੰਘ, ਵਾਸੀਆਨ ਮਕਾਨ ਨੰ: 1, ਗਲੀ ਨੰ: 1, ਇੰਦਰਾ ਕਾਲੋਨੀ, ਕੋਟ ਖਾਲਸਾ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਪ੍ਰਭਜੋਤ ਸਿੰਘ ਅਤੇ ਇਸ ਦੀ ਪਤਨੀ ਸਪਨਾ ਅਤੇ ਇਨ੍ਹਾਂ ਦੀ ਲੜਕੀ (04 ਸਾਲ), ਜੋ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਆਪਣੀ ਮਨਮਰਜ਼ੀ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਅਸੀਂ, ਰਾਜ ਕੁਮਾਰ ਪੁੱਤਰ ਪ੍ਰੀਤਮ ਲਾਲ ਅਤੇ ਅਲਕਾ ਪਤਨੀ ਰਾਜ ਕੁਮਾਰ, ਵਾਸੀਆਨ 5691, 8, ਨਵਾਂ ਕੋਟ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਚੇਤਨ ਮਨਚੰਦਾ ਅਤੇ ਉਸ ਦੀ ਪਤਨੀ ਨੀਤਿਕਾ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਆਪਣੀ ਮਨਮਰਜ਼ੀ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

## ਨਾਂਅ ਦੀ ਬਦਲੀ

ਮੈਂ, ਮੀਨੂ ਰਾਣੀ ਪਤਨੀ ਮੁਰਲੀ ਧਰ ਸਿੰਗਲਾ, ਵਾਸੀ ਵਾਰਡ ਨੰਬਰ 16-ਏ/130, ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਨੇਹਾ ਸਿੰਗਲਾ ਰੱਖ ਲਿਆ ਹੈ।

## ਆਮ ਸੂਚਨਾ

ਮੈਂ ਮਨਜੀਤ ਸਿੰਘ (ਅਧਾਰ ਕਾਰਡ ਨੰਬਰ 8931-3076-7975) ਪੁੱਤਰ ਸ. ਨੰਦ ਸਿੰਘ ਵਾਸੀ ਪਿੰਡ ਬਹੋਨਾ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਮਲਦੀਪ ਸਿੰਘ ਗਿੱਲ ਜੋ ਵਿਦੇਸ਼ ਅਮਰੀਕਾ ਵਿਚ ਰਹਿ ਰਿਹਾ ਹੈ ਜੋ ਮੇਰੇ ਕਹਿਣੇ ਤੋਂ ਬਾਹਰ ਸੀ ਨੂੰ ਬੇਦਖਲ ਕੀਤਾ ਸੀ ਹੁਣ ਮੇਰਾ ਲੜਕਾ ਕਮਲਦੀਪ ਸਿੰਘ ਗਿੱਲ ਮੇਰੇ ਕਹਿਣੇ ਵਿਚ ਹੈ ਮੈਂ ਆਪਣੇ ਲੜਕੇ ਕਮਲਦੀਪ ਸਿੰਘ ਗਿੱਲ ਦਾ ਬੇਦਖਲੀ ਨੋਟਿਸ ਵਾਪਸ ਲੈਂਦਾ ਹਾਂ ਸੰਬੰਧਿਤ ਨੋਟ ਕਰਨ।

ਅਸੀ ਨਰੇਸ਼ ਕੁਮਾਰ ਗੁਲਾਟੀ ਪੁੱਤਰ ਦੁਆਰਕਾ ਦਾਸ ਗੁਲਾਟੀ ਅਤੇ ਨਿਧੀ ਗੁਲਾਟੀ ਪਤਨੀ ਨਰੇਸ਼ ਕੁਮਾਰ ਗੁਲਾਟੀ ਵਾਸੀਅਨ ਮਕਾਨ ਨੰ: 131-A ਗਲੀ ਨੰ 9, NRI ਕਾਲੋਨੀ ਲੁਹਾਰਕਾ ਰੋਡ ਗੁਮਟਾਲਾ ਅੰਮ੍ਰਿਤਸਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਧਰੁਵ ਗੁਲਾਟੀ ਜਿਸ ਨੂੰ ਅਸੀਂ 18/12/2017 ਨੂੰ ਅਪਣੀ ਜਮੀਨ ਜਾਇਦਾਦ ਤੋਂ ਬੇਦਖਲ ਕੀਤਾ ਸੀ। ਇਹ ਹੈ ਕਿ ਹੁਣ ਸਾਡਾ ਲੜਕਾ ਸਾਡੇ ਕਹਿਣੇ ਵਿੱਚ ਹੈ ਅਤੇ ਸਾਡੀ ਹਰ ਗੱਲ ਮੰਨਦਾ ਹੈ।ਇਹ ਹੈ ਕਿ ਹੁਣ ਸਾਡਾ ਲੜਕ ਧਰੁਵ ਗੁਲਾਟੀ ਸਾਡੀ ਜਮੀਨ ਜਾਇਦਾਦ ਦਾ ਵਾਰਿਸ ਹੋਵੇਗਾ।ਸਾਰੇ ਸੰਬਧਤ ਕਿਰਪਾ ਕਰਕੇ ਨੋਟ ਕਰਨ।

ਇਕ ਟਿਊਬਵੈਲ ਕੁਨੈਕਸ਼ਨ ਜਿਸਦਾ ਖਾਤਾ ਨੰਬਰ PR 12 / 1182 A, 7.5 BHP ਜੋ ਕਿ ਸਵਰਨ ਕੌਰ ਪਤਨੀ ਬਖਸ਼ੀਸ਼ ਸਿੰਘ ਵਾਸੀ ਪਿੰਡ ਬੰਡਾਲਾ ਜਿਲਾ ਅੰਮ੍ਰਿਤਸਰ ਦੇ ਨਾਮ ਤੇ ਚਲ ਰਿਹਾ ਹੈ ਨੂੰ ਬਲਵਿੰਦਰ ਕੌਰ ਪਤਨੀ ਪਰਮਜੀਤ ਸਿੰਘ ਵਾਸੀ ਪਿੰਡ ਬੰਡਾਲਾ ਜਿਲਾ ਅੰਮ੍ਰਿਤਸਰ ਨੇ ਆਪਣੇ ਨਾਮ ਤੇ ਕਰਨ ਦੀ ਅਰਜੀ ਦਿਤੀ ਹੈ ਜੇਕਰ ਕਿਸੇ ਨੂੰ ਕਿਸੇ ਕਿਸਮ ਦਾ ਕੋਈ ਇਤਰਾਜ ਹੋਵੇ ਤਾਂ ਉਹ ਉਪ ਮੰਡਲ ਬੰਡਾਲਾ ਵਿਖੇ ਆਪਣਾ ਇਤਰਾਜ 15 ਦਿਨਾਂ ਦੇ ਅੰਦਰ ਅੰਦਰ ਪੇਸ਼ ਕਰ ਸਕਦਾ ਹੈ ਨਹੀਂ ਤਾਂ ਤਬਦੀਲੀ ਕਰ ਦਿਤੀ ਜਾਵੇਗੀ ਪੀ. ਐਸ. ਪੀ. ਸੀ. ਐਲ.

## COURT NOTICE

(U/o 5 Rule 20 CPC)
(Under Guardian And Ward Act)
In the Court of
Ms. Shampy Chaudhary
Additional Civil Judge Senior Division-1, Faridkot
CNR No. PBFD02-000868-2022
Next Date:- 02-12-2025
State Bank of India
Vs. Baljinder Singh

The plaintiff prays for recovery of amount of Rs. ----- from defendant No. ---- along with interest with effect from
Notice To:
(2) Rajvir Kaur
Father : Gurdeep Singh
Daughter of Harbans Singh R/o Village Ghugiana Teh. Faridkot, District Faridkot

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 02-12-2025 at 10:00 a.m.

For details logon to https://highcourtchd.gov.in/?mod=district_notice&district=mogacourt.

Additional Civil Judge Senior Division-1 Faridkot
Dated, this day of 07-06-2025

## COURT NOTICE

(U/o 5 Rule 20 CPC)
In the Court of
Ms. Shampy Chaudhary
Additional Civil Judge Senior Division-1, Faridkot
CNR No. PBFD02-001203-2022
Next Date:- 07-11-2025
Chindeer Singh
Vs. Baldev Singh

Suit For separate Posession and The Plaintiff prays for permanent Injunction against Defendant No. restraining them/him from
Publication Issued To:
14. Karanbir Singh S/o Gurwinder Singh S/o Resham Singh
:- R/o St. No. 25-R-Dogar Basti Faridkot

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 07-11-2025 at 10:00 a.m.

For details logon to https://highcourtchd.gov.in/?mod=district_notice&district=moga-court.

Additional Civil Judge Senior Division-1, Faridkot
Dated, this day of 22-08-2025

## ਨੋਟਿਸ

ਵਿਸ਼ਾ: ਦਰਖਾਸਤ ਬਾਬਤ ਮਾਲ ਰਿਕਾਰਡ ਵਿੱਚ ਨਾਂਅ ਦੀ ਦਰੁਸਤੀ ਕਰਨ ਸਬੰਧੀ ਦ/ਵ ਸੇਵਕ ਸਿੰਘ ਪੁੱਤਰ ਰਣਜੀਤ ਸਿੰਘ ਪੁੱਤਰ ਵਰਿਆਮ ਸਿੰਘ ਵਾਸੀ ਬੁਰਜ ਹਮੀਰਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ।

ਉਪਰੋਕਤ ਵਿਸ਼ੇ ਸੰਬੰਧੀ ਨਿਮਨ ਹਸਤਾਖਰ ਦੇ ਦਫਤਰ ਵਿੱਚ ਪੇਸ਼ ਹੋ ਕੇ ਬੇਨਤੀ ਕੀਤੀ ਕਿ ਜਮ੍ਹਾਂਬੰਦੀ ਸਾਲ 2020-21 ਦੀ ਖੇਵਟ ਨੰਬਰ 210 ਖਤੌਨੀ ਨੰਬਰ 421 ਵਿੱਚ ਉਸ ਦਾ ਨਾਂਅ ਸੁਖਦੇਵ ਸਿੰਘ ਪੁੱਤਰ ਰਣਜੀਤ ਸਿੰਘ ਪੁੱਤਰ ਵਰਿਆਮ ਸਿੰਘ ਦਰਜ ਹੈ। ਪਰੰਤੂ ਉਸ ਨਾਲ ਸੰਬੰਧਿਤ ਹਰ ਇੱਕ ਕਾਗਜ਼ਾਤ ਜਿਵੇਂ ਕਿ ਉਨ੍ਹਾਂ ਦੇ ਆਧਾਰ ਕਾਰਡ, ਪੈਨ ਕਾਰਡ ਆਦਿ ਵਿੱਚ ਉਸ ਦਾ ਨਾਂਅ ਸੇਵਕ ਸਿੰਘ ਦਰਜ ਹੈ। ਉਹ ਲਾ-ਜਨ, ਲਾ-ਵਲਦ ਹੈ ਅਤੇ ਉਸ ਦੇ ਸਾਰੇ ਸਕੇ ਭੈਣ-ਭਾਈਆਂ ਦੀ ਮੌਤ ਹੋ ਚੁੱਕੀ ਹੈ। ਰਿਕਾਰਡ ਮਾਲ ਵਿੱਚ ਆਪਣਾ ਨਾਂਅ ਸੁਖਦੇਵ ਸਿੰਘ ਪੁੱਤਰ ਰਣਜੀਤ ਸਿੰਘ ਪੁੱਤਰ ਵਰਿਆਮ ਸਿੰਘ ਤਬਦੀਲ ਕਰਵਾਉਣਾ ਚਾਹੁੰਦਾ ਹੈ। ਉਹ ਦੋ ਨਾਵਾਂ ਸੁਖਦੇਵ ਸਿੰਘ ਅਤੇ ਸੇਵਕ ਸਿੰਘ ਨਾਲ ਜਾਣਿਆ ਜਾਂਦਾ ਹੈ।ਦੋਵੇਂ ਨਾਂਅ ਦਾ ਇੱਕ ਹੀ ਵਿਅਕਤੀ ਹੈ ਅਤੇ ਆਪਣੇ ਦੋਵਾਂ ਨਾਂਵਾਂ ਸੰਬੰਧੀ ਹਰ ਤਰ੍ਹਾਂ ਨਾਲ ਜ਼ਿੰਮੇਵਾਰ ਹੈ।

ਦੋਨੋਂ ਨਾਂਅ ਦੀ ਤਸਦੀਕ ਜਸਪ੍ਰੀਤ ਸਿੰਘ ਪੁੱਤਰ ਟਹਿਲ ਸਿੰਘ, ਅਮਨਦੀਪ ਸਿੰਘ ਪੁੱਤਰ ਹਰਭਜਨ ਸਿੰਘ, ਸੁਰਿੰਦਰਪਾਲ ਕੌਰ ਪਤਨੀ ਹਰਜਿੰਦਰ ਸਿੰਘ ਵਾਸੀਆਨ ਬੁਰਜ ਹਮੀਰਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵੱਲੋਂ ਕੀਤੀ ਗਈ ਹੈ।

ਇਸ ਲਈ ਪੰਜਾਬ ਸਰਕਾਰ ਦੇ ਮੀਮੋ ਨੰਬਰ 25/78/2012-ਭੁਮ-2 /12445-71 ਚੰਡੀਗੜ੍ਹ ਮਿਤੀ 26-7-2013 ਦੇ ਹਵਾਲੇ ਮੁਤਾਬਕ ਮਾਲ ਰਿਕਾਰਡ ਵਿੱਚ ਨਾਂਅ ਤਬਦੀਲੀ ਕਰਾਉਣੀ ਹੈ । ਹੁਣ ਮਾਲ ਰਿਕਾਰਡ ਵਿੱਚ ਸੇਵਕ ਸਿੰਘ ਉਰਫ ਸੁਖਦੇਵ ਸਿੰਘ ਪੁੱਤਰ ਰਣਜੀਤ ਸਿੰਘ ਪੁੱਤਰ ਵਰਿਆਮ ਸਿੰਘ ਦਾ ਇੰਦਰਾਜ਼ ਕਰਵਾਉਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਇਸ ਦਫਤਰ ਵਿੱਚ ਆਪਣਾ ਇਤਰਾਜ਼ 10 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਇਤਰਾਜ਼ ਕਾਬਲ-ਗੌਰ ਨਹੀਂ ਹੋਵੇਗਾ ।

ਤਹਿਸੀਲਦਾਰ-ਕਮ- ਸਰਕਲ ਰੈਵੀਨਿਊ ਅਫਸਰ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ।
ਨੰਬਰ 15/ਰੀਡਰ ਮਿਤੀ : 01-09-2025

## COURT NOTICE

(U/o 5 Rule 20 CPC)
In the Court of
Ms. Ekta Sedha
Civil Judge Junior Division - 2 Samana Samana
CNR No. PBPTC0-000483-2025
Next Date 05-01-2026
Vakeel Singh
Vs.
General Public
Publication Issued To:
General Public

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 05-01-2026 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division - 2 Samana Samana
Dated, this day of 30-08-2025

## ਉੱਤਰ ਰੇਲਵੇ

### ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਇਲੈਕਟ੍ਰਿਕ ਲੋਕੋ ਸ਼ੈਡ, ਉੱਤਰ ਰੇਲਵੇ, ਲੁਧਿਆਣਾ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਨਿਵਿਦਾਵਾਂ ਨੰ. 2025-26-03A ਦੀ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਨਿਵਿਦਾ ਮਿਤੀ 24.09.2025 ਨੂੰ 15:00 ਵਜੇ ਤਕ ਪੇਸ਼ ਕਰ ਸਕਦੇ ਹਨ। ਇਨਾਂ ਨਿਵਿਦਾਵਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਨਿਵਿਦਾਕਰਤਾ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦੇ ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਨਾਲ ਭੁਗਤਾਨ ਕਰ ਸਕਦੇ ਹਨ। ਮੈਨੂੰਅਲ ਭੁਗਤਾਨ ਜਿਵੇਂ ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਜਮ੍ਹਾ ਰਸੀਦਾਂ ਤੇ ਐਫ.ਡੀ.ਆਰ. ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਟੈਂਡਰ ਸੰਖਿਆ | ਕੰਮ ਦਾ ਵੇਰਵਾ | ਅੰਦਾਜਨ ਲਾਗਤ (ਰੁ.) | ਟੈਂਡਰ ਦੀ ਕੀਮਤ (ਰੁ.) | ਨਿਵਿਦਾ ਸਮਾਪਤੀ ਮਿਤੀ ਤੇ ਸਮਾਂ | ਬਿਆਨਾ (ਰਾਸ਼ੀ) (ਰੁ.) | ਕੰਮ ਦੀ ਅਵਧੀ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|---|---|
| 2025-26-03A | ਇਲੈਕਟ੍ਰਿਕ ਇੰਜਣਾਂ ਦੀ ਛੱਤ ਤੇ ਲਗੇ ਇਲੈਕਟ੍ਰਿਕ ਲੋਕੋ ਕੈਬ ਏਅਰ ਕੰਡੀਸ਼ਨਰ ਦੀ ਏਐਮਸੀ। | 2,02,83,909.44/- | 0 | 24.09.2025 15:00 ਵਜੇ ਤਕ | 2,51,400/- | 24 ਮਹੀਨੇ | 24.09.2025 15:00 ਵਜੇ ਦੇ ਬਾਅਦ | www.ireps.gov.in |

ਨੰ. 230-Elect/TRS/LDH/WC/CAB-AC/OT/2025-26/03A ਤਾਰੀਕ :- 01.09.2025 2648/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਆਰਜ਼ੀ ਬੰਨ੍ਹ 'ਚ ਪਏ ਪਾੜ ਨੇ ਬਿਆਸ ਦਰਿਆ ਦਾ ਵਹਿਣ ਬਦਲਿਆ

**ਸੁਲਤਾਨਪੁਰ ਲੋਧੀ (ਹਨੀ)**- ਬਿਆਸ ਦਰਿਆ ਨੇ ਆਰਜ਼ੀ ਬੰਨ੍ਹ ਨੂੰ ਢਾਅ ਲਾ ਕੇ ਆਪਣਾ ਵਹਿਣ ਬਦਲ ਲਿਆ ਹੈ। ਦਰਿਆ ਦੇ ਬਦਲੇ ਵਹਿਣ ਨਾਲ ਮਚੀ ਤਬਾਹੀ ਦੌਰਾਨ 2 ਘਰਾਂ ਦੇ ਖੰਡਰ ਹੀ ਬਚੇ ਹਨ। ਇਹ ਦੋਵੇਂ ਘਰ ਆਰਜ਼ੀ ਬੰਨ੍ਹ ਦੇ ਨੇੜੇ ਸਨ, ਜਿੱਥੇ ਪਾੜ ਪਿਆ ਹੈ। ਪਾਣੀ ਦੇ ਤੇਜ਼ ਵਹਾਅ ਕਾਰਣ ਆਰਜ਼ੀ ਬੰਨ੍ਹ ਵਿੱਚ ਪਏ ਪਾੜ ਦੀ ਚੌੜਾਈ 2000 ਫੁੱਟ ਤੋਂ ਵੱਧ ਗਈ ਹੈ। ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਪਿੰਡ ਰਾਮਪੁਰ ਗੌਰ੍ਹਾ ਦੇ ਉਸ ਆਰਜ਼ੀ ਬੰਨ੍ਹ ਤੇ ਪਹੁੰਚੇ ਜਿੱਥੇ ਇਹ ਪਾੜ ਪਿਆ ਹੈ। ਉਹਨਾਂ ਨੇ ਬੰਨ੍ਹ ਬਚਾਉਣ ਲਈ ਯਤਨ ਕਰ ਰਹੇ ਪਿੰਡ ਵਾਸੀਆਂ ਨਾਲ ਸਹਿਯੋਗ ਕੀਤਾ। ਰਾਮਪੁਰ ਗੌਰ੍ਹਾ ਪਿੰਡ ਦੇ ਨੌਜਵਾਨਾਂ ਨੇ ਦੱਸਿਆ ਕਿ ਇਹ ਆਰਜ਼ੀ ਬੰਨ੍ਹ ਹੀ ਉਹਨਾਂ ਦੀ ਖੇਤੀਬਾੜੀ ਨੂੰ ਬਚਾਉਣ ਵਿੱਚ ਮਦੱਦ ਕਰਦਾ ਸੀ। ਬਿਆਸ ਦਰਿਆ ਵਿਚ ਅਜੇ ਵੀ 2 ਲੱਖ ਕਿਊਸਿਕ ਪਾਣੀ ਵੱਗਣ ਨਾਲ ਆਰਜ਼ੀ ਬੰਨ੍ਹ ਨੂੰ ਬਚਾਉਣ ਇੱਕ ਚੁਣੌਤੀ ਬਣਿਆ ਹੋਇਆ ਹੈ। ਸੰਤ ਸੀਚੇਵਾਲ ਹੜ੍ਹ ਪੀੜਤਾਂ ਦੀ ਸਹਾਇਤਾ ਵਾਸਤੇ ਰੋਜ਼ਾਨਾ 10 ਘੰਟੇ ਦੇ ਕਰੀਬ ਕਿਸ਼ਤੀ ਚਲਾ ਕਿ ਹਰ ਘਰ ਪਹੁੰਚਣ ਦਾ ਯਤਨ ਕਰਦੇ ਹਨ। ਸਵੇਰੇ 8 ਵਜੇ ਤੋਂ ਕਿਸ਼ਤੀ ਵਿੱਚ ਬੈਠ ਜਾਂਦੇ ਹਨ ਤੇ ਇਸ ਕਿਸ਼ਤੀ ਵਿੱਚ ਤਿਰਪਾਲਾਂ ਪੀਣ ਵਾਲਾ ਪਾਣੀ, ਪ੍ਰਸ਼ਾਦੇ, ਸ਼ਬਜ਼ੀ, ਬਰਸਤੀਆਂ, ਦਵਾਈਆਂ, ਰਸ, ਬਿਸਕੁਟ ਆਦਿ ਵਰਗੀਆਂ ਰਾਹਤ ਸਮੱਗਰੀ ਹੁੰਦੀ ਹੈ। ਪਹਿਲੇ ਗੇੜੇ ਨੂੰ ਲਗਭਗ ਤਿੰਨ ਤੋਂ ਚਾਰ ਘੰਟੇ ਲਗਦੇ ਹਨ। ਉਸਤੋਂ ਬਾਅਦ ਦੂਰ ਦਰਾਡੇ ਡੇਰਿਆਂ ਤੇ ਰਹਿੰਦੇ ਲੋਕਾਂ ਤੱਕ ਪਹੁੰਚ ਕਰਕੇ ਉਹਨਾਂ ਨੂੰ ਪ੍ਰਸ਼ਾਦੇ ਪਹੁੰਚਾਏ ਜਾਂਦੇ ਹਨ। ਇਸੇ ਦੌਰਾਨ ਜਦੋਂ ਕੋਈ ਪ੍ਰਸ਼ਾਸ਼ਨਿਕ ਅਧਿਕਾਰੀ ਜਾਂ ਸਮਾਜ ਸੇਵੀ ਜੱਥੇਬੰਦੀਆਂ ਅਤੇ ਰਾਜਨੀਤਿਕ ਪਾਰਟੀਆਂ ਦੇ ਆਗੂ ਉਹਨਾਂ ਨੂੰ ਮਿਲਦੇ ਹਨ ਤਾਂ ਉਹ ਵੀ ਹੜ੍ਹ ਪੀੜਤਾਂ ਲਈ ਲਿਆਂਦੀ ਸਮੱਗਰੀ ਆਪ ਵੰਡਣ ਦੀ ਇੱਛਾ ਜ਼ਾਹਿਰ ਕਰਦੇ ਹਨ। ਜ਼ਿਕਰਯੋਗ ਹੈ ਕਿ ਸੰਤ ਸੀਚੇਵਾਲ ਰੋਜ਼ਾਨਾ 32 ਕਿਲੋਮੀਟਰ ਦੇ ਦਾਇਰੇ ਵਿੱਚ ਆਉਂਦੇ ਇਹਨਾਂ ਡੇਰਿਆਂ ਅਤੇ ਪਿੰਡਾਂ ਤੱਕ ਪਹੁੰਚ ਕਰਦੇ ਹਨ। ਨਵੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਬਾਊਪੁਰ ਵਿਖੇ ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਮੁਲਾਕਾਤ ਕੀਤੀ ਅਤੇ ਹੜ੍ਹ ਵਿੱਚ ਉਹਨਾਂ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਦੀ ਪ੍ਰਸ਼ੰਸਾ ਕੀਤੀ। ਗਿਆਨੀ ਹਰਪ੍ਰੀਤ ਸਿੰਘ ਨੇ ਸੰਤ ਸੀਚੇਵਾਲ ਨੇ ਕਲਾਵੇ ਵਿੱਚ ਲਿਆਂਦਿਆ ਕਿਹਾ ਕਿ ਜਿਹੜੇ ਮਹਾਂਪੁਰਸ਼ਾਂ ਦੀ ਨਿੰਦਿਆ ਕਰਦੇ ਸਨ, ਉਹਨਾਂ ਨੇ ਹੜ੍ਹ ਪੀੜਤਾਂ ਦੀ ਮਦੱਦ ਕਰਕੇ ਸਭ ਨੂੰ ਚੁਪ ਕਰਾਤਾ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਲਿਆਂਦੀ ਗਈ ਰਾਹਤ ਸਮੱਗਰੀ ਉਹਨਾਂ ਨੇ ਸੰਤ ਸੀਚੇਵਾਲ ਦੇ ਹਵਾਲੇ ਕੀਤੀ। ਕਿਸ਼ਤੀ ਰਾਹੀ ਉਹਨਾਂ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਨਿਰੀਖਣ ਵੀ ਕੀਤਾ।



● ਲੋਕਾਂ ਵੱਲੋਂ ਬੰਨ੍ਹ ਨੂੰ ਲੱਗ ਰਹੀ ਢਾਅ ਰੋਕਣ ਦੇ ਯਤਨ ਜਾਰੀ

# ਡਿਪਟੀ ਕਮਿਸ਼ਨਰ ਵੱਲੋਂ ਵਿਧਾਇਕ ਇੰਦਰਜੀਤ ਕੌਰ ਮਾਨ ਨਾਲ ਆਲੋਵਾਲ ਦਾ ਦੌਰਾ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਲਗਾਤਾਰ ਦੋ ਦਿਨ ਤੋਂ ਪੈ ਰਹੇ ਮੀਂਹ ਤੇ ਸਤਲੁਜ ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਬਣੇ ਹਾਲਾਤ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਨਕੋਦਰ ਤੋਂ ਵਿਧਾਇਕ ਇੰਦਰਜੀਤ ਕੌਰ ਮਾਨ ਦੇ ਨਾਲ ਪਿੰਡ ਆਲੋਵਾਲ ਦਾ ਦੌਰਾ ਕੀਤਾ ਗਿਆ। ਪਿੰਡ ਵਿੱਚ ਪਾਣੀ ਜਮ੍ਹਾ ਹੋਣ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਪਾਣੀ ਦੀ ਨਿਕਾਸੀ ਲਈ ਜ਼ਰੂਰੀ ਮਸ਼ੀਨਰੀ ਤੁਰੰਤ ਲਗਾਉਣ ਦੀਆਂ ਹਦਾਇਤਾਂ ਕੀਤੀਆਂ। ਵਿਧਾਇਕ ਤੇ ਡਿਪਟੀ ਕਮਿਸ਼ਨਰ ਨੇ ਇਥੇ ਲੋਕਾਂ ਨਾਲ ਮੁਲਾਕਾਤ ਕਰਦਿਆਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਹਰ ਹਾਲਾਤ ਤੋਂ ਪੂਰੀ ਤਰ੍ਹਾਂ ਸੁਚੇਤ ਹੈ ਤੇ ਹੜ੍ਹ ਵਰਗੀ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਹਰ ਹਾਲਾਤ 'ਤੇ ਪੂਰੀ ਚੌਕਸੀ ਨਾਲ ਨਜ਼ਰ ਰੱਖੀ ਜਾ ਰਹੀ ਹੈ ਤੇ ਪ੍ਰਸ਼ਾਸਨ ਦੀਆਂ ਟੀਮਾਂ ਪਹਿਲਾਂ ਹੀ ਫੀਲਡ ਵਿੱਚ ਤਾਇਨਾਤ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਤੋਂ ਬਚਾਅ ਸਮੇਤ ਰਾਹਤ ਕਾਰਜਾਂ ਲਈ ਪੁਖ਼ਤਾ ਪ੍ਰਬੰਧ ਪਹਿਲਾਂ ਹੀ ਯਕੀਨੀ ਬਣਾਏ ਗਏ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਭਰ ਵਿੱਚ 54 ਰਾਹਤ ਕੈਂਪ ਸਥਾਪਤ ਕਰਨ ਤੋਂ ਇਲਾਵਾ ਲੋੜੀਂਦੀ ਮਸ਼ੀਨਰੀ, ਰਾਸ਼ਨ, ਦਵਾਈਆਂ ਸਮੇਤ ਜ਼ਰੂਰੀ ਇੰਤਜ਼ਾਮ ਕੀਤੇ ਗਏ ਹਨ ਅਤੇ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਵਿਧਾਇਕ ਅਤੇ ਡਿਪਟੀ ਕਮਿਸ਼ਨਰ ਨੇ ਫੀਲਡ ਵਿੱਚ ਤਾਇਨਾਤ ਅਧਿਕਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਪੂਰੀ ਤਨਦੇਹੀ ਅਤੇ ਸਮਰਪਣ ਭਾਵਨਾ ਨਾਲ ਆਪਣੀ ਡਿਊਟੀ ਨਿਭਾਉਣ ਤੇ ਲੋਕਾਂ ਨੂੰ ਹਰ ਸੰਭਵ ਸਹਿਯੋਗ ਤੇ ਸਹਾਇਤਾ ਪ੍ਰਦਾਨ ਕਰਨ ਦੀ ਅਪੀਲ ਕੀਤੀ।



# ਦੇਸ਼ ਭਗਤ ਯਾਦਗਾਰ ਕਮੇਟੀ ਨੇ ਹੜ੍ਹਾਂ ਸੰਬੰਧੀ ਉਠਾਏ ਸੁਆਲ ਤੇ ਮੰਗਾਂ ਲਈ ਉਠਾਈ ਆਵਾਜ਼

**ਜਲੰਧਰ (ਕੇਸਰ)** ਪੰਜਾਬ ਅੰਦਰ ਹੜ੍ਹਾਂ ਕਾਰਨ ਮੌਤਾਂ ਦੇ ਕਹਿਰ, ਉਜਾੜੇ, ਫ਼ਸਲਾਂ ਦੀ ਤਬਾਹੀ, ਘਰਾਂ ਦੇ ਢਹਿ ਢੇਰੀ ਹੋਣ ਅਤੇ ਘਰੋਂ ਬੇਘਰ ਹੋਏ ਬੁਰੀ ਤਰ੍ਹਾਂ ਚੌਤਰਫ਼ੇ ਸੰਕਟ ਮੂੰਹ ਆਏ ਚੜ੍ਹਦੇ ਲਹਿੰਦੇ ਪੰਜਾਬ ਵਾਸੀਆਂ ਨਾਲ ਗਹਿਰੀ ਹਮਦਰਦੀ ਦਾ ਇਜ਼ਹਾਰ ਪ੍ਰਗਟ ਕੀਤਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਹੈ ਕਿ ਪੰਜਾਬ ਅੰਦਰ ਭਾਰੀ ਮੀਂਹ, ਹੜ੍ਹ ਅਤੇ ਡੈਮਾਂ ਦੇ ਫਲੱਡ ਗੇਟ ਖੋਲ੍ਹੇ ਜਾਣਾ ਕਿਸੇ ਪੱਖੋਂ ਵੀ ਅਚਨਚੇਤ ਵਰਤਾਰਾ ਨਹੀਂ। ਕਿਸ ਨੂੰ ਨਹੀਂ ਪਤਾ ਕਿ ਅਜਿਹੇ ਹਾਲਾਤ ਦਾ ਬਣ ਜਾਣਾ ਸੁਭਾਵਿਕ ਹੈ ਜਦੋਂ ਪਾਣੀ ਨੂੰ ਰੋਕਣ, ਭੰਡਾਰ ਕਰਨ, ਸਾਂਭ-ਸੰਭਾਲ ਕਰਕੇ, ਸੋਕੇ ਜਾਂ ਲੋੜ ਵੇਲੇ ਵਰਤੋਂ ਵਿੱਚ ਲਿਆਉਣ ਦੀ ਅਗਾਊਂ ਯੋਜਨਾਬੰਦੀ ਕਰਨਾ ਹਕੂਮਤੀ ਪ੍ਰਬੰਧਾਂ ਦੀ ਕਾਰਜ ਵਿਉਂਤ ਦਾ ਹਿੱਸਾ ਬਣਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਹਾਲਾਤ ਦਾ ਦਰਪਣ ਇੱਕ ਵਾਰ ਫੇਰ ਇਹ ਦਿਖਾਉਂਦਾ ਹੈ ਕਿ ਲੋਕਾਂ ਦੇ ਕਿਸੇ ਵੀ ਮਸਲੇ, ਆਫ਼ਤ ਮੌਕੇ ਲੋਕ ਤੇ ਸਿਰਫ਼ ਲੋਕ ਹੀ ਇੱਕ ਦੂਜੇ ਦਾ ਸਹਾਰਾ ਬਣਦੇ ਨੇ, ਜਿਵੇਂ ਹੁਣ ਹੜ੍ਹਾਂ ਵੇਲੇ ਵੀ ਇੰਝ ਹੀ ਦੇਖਣ ਵਿੱਚ ਆ ਰਿਹਾ ਹੈ। ਕਮੇਟੀ ਨੇ ਮੰਗ ਕੀਤੀ ਹੈ ਕਿ ਹੜ੍ਹਾਂ ਦੀ ਰੋਕਥਾਮ ਲਈ ਠੋਸ ਭਵਿੱਖਮੁਖੀ ਨੀਤੀਆਂ 'ਤੇ ਅਮਲ ਕੀਤਾ ਜਾਵੇ। ਬਿਪਤਾ ਮਾਰੇ ਲੋਕਾਂ, ਕਿਸਾਨਾਂ, ਮਜ਼ਦੂਰਾਂ ਦੀ ਤੁਰੰਤ ਬਾਂਹ ਫੜੀ ਜਾਵੇ।

# ਸਰਕਾਰੀ ਹਸਪਤਾਲ ਦੀ ਪੁਰਾਣੀ ਇਮਾਰਤ ਤੇ ਪੁਲਸ ਚੌਕੀ ਦੇ ਬਾਹਰ ਬਣੀ ਪਾਣੀ ਵਾਲੀ ਟੈਂਕੀ 'ਚ ਪਾਣੀ ਭਰਿਆ

**ਕਾਲਾ ਸੰਘਿਆਂ (ਮਨਜੀਤ ਮਾਨ)**- ਜ਼ਿਲ੍ਹਾ ਕਪੂਰਥਲਾ ਦਾ ਇਤਿਹਾਸਕ ਕਸਬਾ ਕਾਲਾ ਸੰਘਿਆਂ ਵਿਖੇ ਬਹੁਤੀਆਂ ਥਾਵਾਂ ਤੇ ਮੀਂਹ ਦੇ ਪਾਣੀ ਨਾਲ ਜਲ ਥਲ ਹੋਇਆ ਪਿਆ ਹੈ। ਕਾਲਾ ਸੰਘਿਆਂ ਦੇ ਸਰਕਾਰੀ ਹਸਪਤਾਲ ਦੀ ਪੁਰਾਣੀ ਇਮਾਰਤ ਵਿੱਚ ਕਰੀਬ 4 ਫੁੱਟ ਪਾਣੀ ਵਿੱਚ ਡੁੱਬਣ ਨਾਲ ਹਸਪਤਾਲ ਵਿੱਚ ਵੱਡੀ ਮਾਤਰਾ ਵਿੱਚ ਪਈਆਂ ਦਵਾਈਆਂ ਦਾ ਸਟਾਕ ਅਤੇ ਲਿਖਤੀ ਰਿਕਾਰਡ ਕਾਫ਼ੀ ਮਾਤਰਾ ਵਿੱਚ ਡੁੱਬ ਗਿਆ ਤੇ ਬਚੀਆਂ ਦਵਾਈਆਂ ਵੀ ਕਾਫੀ ਹੱਦ ਤੱਕ ਨੁਕਸਾਨੀਆਂ ਗਈਆਂ। ਸਰਕਾਰੀ ਹਸਪਤਾਲ ਦੇ ਡਾਕਟਰਾਂ ਦੀ ਟੀਮ ਵੱਲੋਂ ਫਰਜ਼ ਸੇਵਾ ਸੁਸਾਇਟੀ ਦੇ ਆਗੂ ਬਲਜੀਤ ਸਿੰਘ ਸੰਘਾ ਅਤੇ ਪਵਨਪ੍ਰੀਤ ਸਿੰਘ ਸੰਘਾ ਨਾਲ ਸੰਪਰਕ ਕੀਤਾ ਅਤੇ ਉਹਨਾਂ ਦੀ ਟੀਮ ਦੇ ਨੌਜਵਾਨਾਂ ਵੱਲੋਂ ਇਹਨਾਂ ਦਵਾਈਆਂ ਵਿੱਚੋਂ ਬਹੁਤਾਤ ਗਿਣਤੀ ਦਵਾਈਆਂ ਨੂੰ ਟਰੈਕਟਰ ਟਰਾਲੀ ਵਿੱਚ ਭਰ ਕੇ ਬਾਹਰ ਕੱਢ ਕੇ ਨਵੇਂ ਚਲ ਰਹੇ ਹਸਪਤਾਲ ਵਿੱਚ ਪਹੁੰਚਾਇਆ ਤੇ ਕਾਫ਼ੀ ਹੱਦ ਤੱਕ ਦਵਾਈਆਂ ਦਾ ਬਚਾਅ ਕੀਤਾ। ਇਥੇ ਹੀ ਪਾਣੀ ਵਾਲ਼ੀ ਟੈਂਕੀ ਤੇ ਵੀ ਕਰੀਬ 5 ਫੁੱਟ ਤੱਕ ਪਾਣੀ ਭਰ ਗਿਆ ਜਿਸ ਕਾਰਨ ਕਾਲਾ ਸੰਘਿਆਂ ਵਿਖੇ ਇਸ ਟੈਂਕੀ ਤੋਂ ਪੀਣ ਵਾਲੇ ਪਾਣੀ ਦੀ ਸਪਲਾਈ ਵੀ ਬੰਦ ਹੋ ਗਈ ਅਤੇ ਪਾਣੀ ਦੀ ਸਪਲਾਈ ਬੰਦ ਹੋਣ ਕਾਰਨ ਆਉਣ ਵਾਲੇ ਦਿਨਾਂ ਵਿੱਚ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਥਾਨਕ ਕਸਬੇ ਦੀ ਪੁਲਿਸ ਚੌਕੀ ਵਿਚ ਵੀ 5 ਤੋਂ 6 ਫੁੱਟ ਪਾਣੀ ਭਰ ਗਿਆ। ਪ੍ਰਾਪਤ ਜਾਣਕਾਰੀ ਮੁਤਾਬਕ ਪੁਲਿਸ ਚੌਕੀ 'ਚ ਅੱਧੀ ਰਾਤ ਤੋਂ ਬਾਅਦ ਕਰੀਬ ਤਿੰਨ ਵਜੇ ਅਚਾਨਕ ਪਾਣੀ ਆ ਗਿਆ ਜਿਸ ਕਾਰਨ ਚੌਕੀ 'ਚ ਮੌਜੂਦ ਮੁਲਾਜ਼ਮਾਂ ਨੇ ਮੁਸਤੈਦੀ ਵਿਖਾਉਂਦੇ ਹੋਏ ਸਰਕਾਰੀ ਰਿਕਾਰਡ ਸੰਭਾਲਿਆ ਅਤੇ ਗੁਰਦੁਆਰਾ ਬਾਬਾ ਕਾਹਨ ਦਾਸ ਪ੍ਰਬੰਧਕ ਕਮੇਟੀ ਦੀ ਮਦਦ ਨਾਲ ਟਰਾਲੀ ਮਗਵਾ ਦੇ ਸਾਰਾ ਸਮਾਨ ਟਰਾਲੀ ਵਿੱਚ ਭਰ ਕੇ ਬਾਹਰ ਕੱਢ ਕੇ ਚੌਂਕੀ ਖ਼ਾਲੀ ਕੀਤੀ। ਭਾਰੀ ਮੀਂਹ ਕਾਰਨ ਇਲਾਕੇ ਦੀਆਂ ਬਹੁਤ ਸਾਰੀਆਂ ਸੜਕਾਂ ਅਤੇ ਹੋਰ ਰਸਤੇ ਬੁਰੀ ਤਰ੍ਹਾਂ ਟੁੱਟ ਚੁੱਕੇ ਹਨ ਅਤੇ ਲੋਕਾਂ ਨੂੰ ਲੰਘਣ ਵਿੱਚ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ।





# ਸਤਨਾਮ ਜਲਾਲਪੁਰ ਨੇ ਸਤਲੁਜ ਦਰਿਆ ਦੇ ਧੈਂਗੜਪੁਰ, ਔਲੀਆਪੁਰ ਤੇ ਬੇਲਾ ਤਾਜੋਵਾਲ ਦੇ ਬੰਨ੍ਹਾਂ ਦਾ ਕੀਤਾ ਦੌਰਾ

**ਬਲਾਚੌਰ (ਜਸਵਿੰਦਰ ਬੈਂਸ)**- ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੇ ਦਿਸ਼ਾ ਨਿਰਦੇਸ਼ ਤਹਿਤ ਸਤਨਾਮ ਜਲਾਲਪੁਰ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਨਵਾਂਸ਼ਹਿਰ ਨੇ ਆਮ ਆਦਮੀ ਪਾਰਟੀ ਦੀ ਜ਼ਿਲ੍ਹੇ ਦੀ ਟੀਮ ਨੂੰ ਨਾਲ ਲੈ ਕੇ ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਟੀਮ ਨਾਲ ਧੈਂਗੜਪੁਰ, ਔਲੀਆਪੁਰ, ਬੇਲਾ ਤਾਜੋਵਾਲ ਦੇ ਬੰਨ੍ਹਾਂ ਦਾ ਦੌਰਾ ਕੀਤਾ। ਇਸ ਸਮੇਂ ਸ਼ਹੀਦ ਭਗਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ, ਏ ਡੀ ਸੀ ਜਨਰਲ, ਏ ਡੀ ਸੀ ਡਿਵੈਲਪਮੈਂਟ, ਐਸ ਡੀ ਐਮ ਨਵਾਂ ਸ਼ਹਿਰ, ਐਸ ਡੀ ਐਮ ਬਲਾਚੌਰ, ਡੀ ਐਸ ਪੀ ਨਵਾਂ ਸ਼ਹਿਰ,ਤਹਿਸੀਲਦਾਰ ਬਲਾਚੌਰ, ਨਾਇਬ ਤਹਿਸੀਲਦਾਰ ਨਵਾਂ ਸ਼ਹਿਰ, ਐਕਸੀਅਨ ਡਰੇਨਜ਼ ਤੋਂ ਇਲਾਵਾ ਐਸ ਡੀ ਓ, ਜੇ ਈ ਭੂਮੀ ਰੱਖਿਆ ਵਿਭਾਗ ਵਗੈਰਾ ਸਾਰੇ ਹਾਜ਼ਰ ਸਨ ।ਜਿਲਾ ਪ੍ਰਸ਼ਾਸਨ ਨਾਲ ਵਿਚਾਰ ਵਟਾਂਦਰਾ ਕਰਕੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਸਮਝਦੇ ਹੋਏ ਜ਼ਰੂਰੀ ਵਸਤਾਂ ਜਿਵੇਂ ਕਿ ਡੀਜ਼ਲ, ਪੈਟਰੋਲ, ਲਾਈਫ ਜੈਕਟ, ਵੱਡੇ ਬੋਰੇ ਫਲੱਡ ਲਾਈਟਾਂ, ਤੰਬੂ ਵਗੈਰਾ ਦਾ ਇੰਤਜ਼ਾਮ ਕੀਤਾ ਗਿਆ ਤਾਂ ਜੋ ਕਿਸੀ ਵੀ ਅਣਸੁਖਾਵੀਂ ਸਥਿਤੀ ਨਾਲ ਨਿਪਟਿਆ ਜਾ ਸਕੇ। ਆਸ ਪਾਸ ਦੇ ਪਿੰਡ ਵਾਸੀਆਂ ਦਾ ਵੀ ਭਰਪੂਰ ਸਹਿਯੋਗ ਮਿਲ ਰਿਹਾ ਹੈ ਜਿਹੜੇ ਕਿ ਦਿਨ ਰਾਤ ਮੋਢੇ ਨਾਲ ਮੋਢਾ ਜੋੜ ਕੇ ਸਤਲੁਜ ਦਰਿਆ ਦੇ ਢਾਹ ਨੂੰ ਰੋਕਣ ਲਈ ਭਰਪੂਰ ਯਤਨ ਕਰ ਰਹੇ ਹਨ। ਸਤਨਾਮ ਜਲਾਲਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਵੀ ਇਸ ਸਮੇਂ ਪ੍ਰਸ਼ਾਸਨ ਨਾਲ ਜੁਟੀ ਹੋਈ ਹੈ। ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਨੇ ਵਿਸ਼ਵਾਸ ਦਵਾਇਆ ਕਿ ਉਹਨਾਂ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਡਿਊਟੀ ਲਗਾ ਕੇ ਕਿਹਾ ਕਿ ਪੂਰੀ ਨਿਗਰਾਨੀ ਰੱਖੀ ਜਾਵੇ । ਇਸ ਦੀ ਜਾਣਕਾਰੀ ਦਿੰਦੇ ਹੋਏ ਚੰਦਰ ਮੋਹਨ ਜੇ ਡੀ ਜ਼ਿਲ੍ਹਾ ਮੀਡੀਆ ਇੰਚਾਰਜ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਜ਼ਿਲ੍ਹਾ ਆਮ ਆਦਮੀ ਪਾਰਟੀ ਦੇ ਸਾਰੇ ਵਲੰਟੀਅਰ ਇੱਕਜੁਟ ਹੋ ਕੇ ਪਿੰਡ ਵਾਸੀਆਂ ਦਾ ਸਾਥ ਦੇ ਰਹੇ ਹਨ।



# ਹੜ੍ਹ ਪੀੜਤਾਂ ਦੀ ਮਦਦ ਲਈ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੀ ਮੀਟਿੰਗ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਰਾਵੀ ਬਿਆਸ ਅਤੇ ਸਤਲੁਜ ਦਰਿਆਵਾਂ ਕੰਢੇ ਪੈਂਦੇ ਇਲਾਕਿਆਂ ਵਿੱਚ ਹੜ੍ਹ ਆਉਣ ਕਾਰਨ ਭਾਰੀ ਤਬਾਹੀ ਮੱਚ ਗਈ ਹੈ । ਇਹਨਾਂ ਇਲਾਕਿਆਂ ਵਿੱਚ ਹੜ੍ਹ ਆਉਣ ਕਾਰਨ ਲੋਕ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ ਜਿਨ੍ਹਾਂ ਦੀ ਮਦਦ ਲਈ ਬਹੁਤ ਸਾਰੀਆਂ ਸੰਸਥਾਵਾਂ ਲਗਾਤਾਰ ਕੰਮ ਕਰ ਰਹੀਆਂ ਹਨ ਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਜਥੇਬੰਦੀ ਦੇ ਪ੍ਰਧਾਨ ਪਰਮਿੰਦਰ ਸਿੰਘ ਲਾਚੋਵਾਲ ਦੀ ਅਗਵਾਈ ਹੇਠ ਅਸਲਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਵਿਸ਼ੇਸ਼ ਮੀਟਿੰਗ ਹੋਈ। ਵਿਚਾਰਾਂ ਕਰਨ ਤੋਂ ਬਾਅਦ ਗੁਰਦੀਪ ਸਿੰਘ ਖੁਣਖੁਣ ਤੇ ਪਰਮਿੰਦਰ ਸਿੰਘ ਲਾਚੋਵਾਲ ਨੇ ਕਿਹਾ ਕਿ ਜਲਦ ਹੀ ਹੜ ਪ੍ਰਭਾਵਿਤ ਇਲਾਕਿਆਂ ਵਿੱਚ ਜਾ ਕੇ ਫੌਰੀ ਜਰੂਰੀ ਵਸਤਾਂ ਸੰਗਤਾਂ ਨੂੰ ਦਿੱਤੀਆਂ ਜਾਣਗੀਆਂ। ਉਹਨਾਂ ਨੇ ਇਸ ਸਮੇਂ ਇਹ ਵੀ ਦੱਸਿਆ ਕਿ ਸਾਡੀ ਹੜ ਪ੍ਰਭਾਵਿਤ ਇਲਾਕਿਆਂ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ ਨਾਲ ਵੀ ਗੱਲਬਾਤ ਹੋਈ ਹੈ। ਉਹਨਾਂ ਦੱਸਿਆ ਕਿ ਡੇਰਾ ਬਾਬਾ ਨਾਨਕ ਦੇ ਇਲਾਕੇ ਵਿੱਚ ਅਜੇ ਤੱਕ ਹੜ ਪੀੜਤਾਂ ਲਈ ਮਦਦ ਨਹੀਂ ਪਹੁੰਚੀ ਜਰੂਰ ਉਥੇ ਇਹ ਮਦਦ ਮਿਲ ਜਾਵੇ ਤਾਂ ਬਹੁਤ ਚੰਗਾ ਹੈ ਇਸ ਸਮੇਂ ਹਰਪ੍ਰੀਤ ਸਿੰਘ ਲਾਲੀ ਪੰਡੋਰੀ ਖਜੂਰ, ਅਕਬਰ ਸਿੰਘ ਬੁਰੇ ਜੱਟਾਂ, ਰਣਧੀਰ ਸਿੰਘ ਅਸਲਪੁਰ, ਬਿੱਕਰ ਸਿੰਘ ਸ਼ੇਰਪੁਰ, ਗੁਰੁਨਾਮ ਸਿੰਘ ਸਿੰਗੜੀਵਾਲਾ, ਜਸਪਾਲ ਸਿੰਘ ਰਾਜਾ, ਸਤਵੰਤ ਸਿੰਘ ਮੁਰਾਦਪੁਰ, ਬਾਬਾ ਕਿਰਪਾਲ ਸਿੰਘ ਪਡੋਰੀ ਖਜੂਰ, ਬਲਵੀਰ ਸਿੰਘ ਬੱਗੇਵਾਲ, ਪ੍ਰੀਤਮ ਸਿੰਘ ਨੰਗਲ ਜਲਾਲ,ਬਲਦੇਵ ਸਿੰਘ ਅਸਲਪੁਰ ਆਦਿ ਹਾਜ਼ਰ ਸਨ।



# ਪਵਨ ਕੁਮਾਰ ਟੀਨੂੰ ਨੇ ਹੜ੍ਹ ਪ੍ਰਭਾਵਤ ਲੋਕਾਂ ਲਈ ਰਾਹਤ ਸਮੱਗਰੀ ਭੇਜੀ

**ਆਦਮਪੁਰ (ਪਰਮਜੀਤ ਸਿੰਘ)**- ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਪਵਨ ਕੁਮਾਰ ਟੀਨੂੰ ਨੇ ਆਦਮਪੁਰ ਵਿਧਾਨ ਸਭਾ ਹਲਕੇ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਰਾਹਤ ਸਮੱਗਰੀ ਭੇਜੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਇਸ ਔਖੇ ਸਮੇਂ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਡਟ ਕੇ ਖੜੀ ਹੈ। ਟੀਨੂੰ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਵੱਡੇ ਪੱਧਰ 'ਤੇ ਕੰਮ ਸ਼ੁਰੂ ਕੀਤਾ ਹੈ। ਉਨ੍ਹਾਂ ਕਿਹਾ ਕਿ ਆਦਮਪੁਰ ਵਿਧਾਨ ਸਭਾ ਖੇਤਰ ਤੋਂ ਹੜ੍ਹ ਪ੍ਰਭਾਵਿਤ ਲੋਕਾਂ ਲਈ ਤਰਪਾਲਾਂ, ਛੱਤਰੀਆਂ, ਮੱਛਰਦਾਨੀ, ਦਵਾਈਆਂ, 800 ਪਾਣੀ ਦੇ ਡੱਬੇ ਅਤੇ ਰੋਟੀ ਭੇਜੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੈਂਪ ਤੋਂ ਬਾਅਦ ਪ੍ਰਭਾਵਿਤ ਲੋਕਾਂ ਨੂੰ ਰਾਹਤ ਸਮੱਗਰੀ ਵੰਡੀ ਜਾਵੇਗੀ। ਇਸ ਤੋਂ ਇਲਾਵਾ ਲੋਕਾਂ ਨੂੰ ਡਾਕਟਰੀ ਸਹਾਇਤਾ ਪ੍ਰਦਾਨ ਕਰਨ ਲਈ ਡਾਕਟਰਾਂ ਦੀ ਇੱਕ ਟੀਮ ਭੇਜੀ ਜਾ ਰਹੀ ਹੈ। ਉਨ੍ਹਾਂ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਸੰਗਠਨਾਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ ਇਸ ਪਵਿੱਤਰ ਕਾਰਜ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ, ਤਾਂ ਜੋ ਪ੍ਰਭਾਵਿਤ ਲੋਕਾਂ ਨੂੰ ਇਸ ਮੁਸ਼ਕਲ ਸਮੇਂ ਵਿੱਚੋਂ ਬਾਹਰ ਕੱਢਿਆ ਜਾ ਸਕੇ। ਇਸ ਮੌਕੇ ਉਨ੍ਹਾਂ ਰਾਜ ਕੁਮਾਰ ਰਾਜਾ, ਅਮਿਤ, ਮਨੀਸ਼, ਸੋਨੂੰ, ਸੰਜੀਵ ਗਾਂਧੀ, ਹਰਦੀਪ ਸਿੰਘ, ਚਰਨਜੀਤ ਸਿੰਘ, ਆਸ਼ੂ, ਪਰਮਜੀਤ ਪੰਮਾ, ਹਰਕੀਤ ਸਿੰਘ ਨਿੱਝਰ ਹਲਕਾ, ਕਿਸਾਨ ਵਿੰਗ ਆਦਮਪੁਰ ਦੇ ਕੋਆਰਡੀਨੇਟਰ ਅਜੈ ਕੁਮਾਰ, ਕਮਲਜੀਤ ਸਿੰਘ, ਸਰਪੰਚ ਤਰਲੋਚਨ ਸਿੰਘ ਤੇ ਹੋਰਾਂ ਦਾ ਰਾਹਤ ਸਮੱਗਰੀ ਵਿੱਚ ਯੋਗਦਾਨ ਪਾਉਣ ਲਈ ਧੰਨਵਾਦ ਕੀਤਾ।



# ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਨੇ ਦੋ ਸਾਲਾ ਅਜਲਾਸ ਕੀਤਾ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਬੀਤੇ ਦਿਨੀ ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਨੇ ਨਿਊਟਨ ਅਰੀਨਾ ਸਰੀ ਵਿਖੇ ਦੋ-ਸਾਲਾ ਇਜਲਾਸ ਦੇ ਸਬੰਧ ਵਿਚ ਸਮਾਗਮ ਕੀਤਾ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸੁਰਿੰਦਰ ਸਿੰਘ ਢੇਸੀ, ਪਰਮਜੀਤ ਸਿੰਘ ਗਾਂਧਰੀ ਅਤੇ ਬਹਾਦਰ ਸਿੰਘ ਮੱਲ੍ਹੀ ਨੇ ਸ਼ਿਰਕਤ ਕੀਤੀ।ਐਸੋਸੀਏਸ਼ਨ ਦੇ ਜਨਰਲ ਸਕੱਤਰ ਹਰਿੰਦਰਜੀਤ ਸੰਧੂ ਨੇ ਇਸ ਸਮਾਗਮ ਵਿਚ ਪਹੁੰਚੇ ਪਤਵੰਤਿਆਂ ਨੂੰ ਜੀ ਆਇਆਂ ਕਹਿਣ ਤੋਂ ਉਪਰੰਤ ਮਲਕੀਤ ਸਿੰਘ ਮੱਲਾ ਵੱਲੋਂ ਸੰਤ ਰਾਮ ਉਦਾਸੀ ਦੀ ਇਨਕਲਾਬੀ ਕਵਿਤਾ ਪੇਸ਼ ਕਰਕੇ ਸਮਾਗਮ ਵਿਚ ਰਵਾਨਗੀ ਲਿਆਂਦੀ। ਪ੍ਰਧਾਨ ਸੁਰਿੰਦਰ ਢੇਸੀ ਨੇ ਇਕਵਾ ਦੇ ਮੁੱਢਲੇ ਅਸੂਲਾਂ ਦੀ ਜਾਣਕਾਰੀ ਦਿੱਤੀ, ਜਿਸ ਤਰ੍ਹਾਂ ਨਸਲਵਾਦ, ਸਮਾਜਿਕ ਨਾ-ਬਰਾਬਰੀ, ਫ਼ਿਕਾਪ੍ਰਸਤੀ, ਸੈਕੂਲਰਿਜ਼ਮ, ਜਿਸ ਲਈ ਇਹ ਸੰਸਥਾ 16 ਮਾਰਚ 1977 ਵਿਚ ਹੋਂਦ ਵਿਚ ਆਈ ਅਤੇ ਇਨ੍ਹਾਂ ਮੁੱਦਿਆਂ 'ਤੇ ਲਗਾਤਾਰ ਸੰਘਰਸ਼ਸ਼ੀਲ ਰਹੀ ਹੈ। ਹਰਿੰਦਰਜੀਤ ਸੰਧੂ ਨੇ ਦੋ ਸਾਲਾ ਰਿਪੋਰਟ ਪੜ੍ਹੀ, ਜਿਸ ਵਿਚ ਇਸ ਸਭਾ ਦੀਆਂ ਪ੍ਰਾਪਤੀਆਂ ਦਰਸਾਈਆਂ ਗਈਆਂ। ਹਰ ਸੀਨੀਅਰਜ਼ ਲਈ ਬੱਸ ਪਾਸ ਦੀ ਸਹੂਲਤ, ਪ੍ਰੋਸਟੇਟ ਗਲੈਂਡ ਦਾ ਦੋ ਸਾਲ ਬਾਅਦ ਮੁਫਤ ਟੈਸਟ, ਸ਼ਿੰਗਲ ਦੀ ਨਾਮੁਰਾਦ ਬੀਮਾਰੀ ਦੀ ਮੁਫਤ ਦਵਾਈ ਆਦਿ ਲਈ ਸੂਬਾ ਸਰਕਾਰ ਤਕ ਪਹੁੰਚ ਕਰਕੇ ਪ੍ਰੀਮੀਅਰ ਡੇਵਿਡ ਈ ਬੀ ਨਾਲ ਮੀਟਿੰਗ ਕੀਤੀ ਗਈ ਤੇ ਉਨ੍ਹਾਂ ਵਾਅਦਾ ਕੀਤਾ ਸੀ ਕਿ ਇਨ੍ਹਾਂ ਮੰਗਾਂ ਦਾ ਹੱਲ ਕੀਤਾ ਜਾਵੇਗਾ। ਕੈਨੇਡਾ, ਭਾਰਤ ਅਤੇ ਸਮੁੱਚੇ ਸੰਸਾਰ ਦੇ ਹਰ ਭਖਦੇ ਮਸਲੇ 'ਤੇ ਕਾਨਫਰੰਸਾਂ ਕੀਤੀਆਂ ਗਈਆਂ, ਸਕੂਲ ਸਿਲੇਬਸ ਵਿਚ ਸੋਗੀ (ਸੈਖੂਸੀਅਲ ਓਰੀਐਂਟੇਸ਼ਨ ਐਂਡ ਜੈਂਡਰ ਇਡੈਂਟੀਫਿਕੇਸ਼ਨ) ਗੰਭੀਰ ਵਿਸ਼ੇ 'ਤੇ ਖੁੱਲ੍ਹੀ ਪਬਲਿਕ ਚਰਚਾ ਕਰਵਾਈ ਗਈ। ਤਕਰੀਬਨ ਹਰ ਮਹੀਨੇ ਇਹ ਸਭਾ ਕਾਰਜ਼ਸ਼ੀਲ ਰਹੀ। ਉਪਰੋਕਤ ਸਮੁੱਚੀ ਕਾਰਵਾਈ ਦੀ ਜਨਰਲ ਇਜਲਾਸ ਵੱਲੋਂ ਪ੍ਰਵਾਨਗੀ ਲਈ ਗਈ। ਮਾਹੌਲ ਨੂੰ ਜੋਸ਼ੀਲਾ ਬਣਾਉਣ ਲਈ ਬੀਬਾ ਹਰਮਨਦੀਪ ਸੰਧੂ ਨੇ ਹਮੇਸ਼ਾ ਦੀ ਤਰ੍ਹਾਂ ਆਪਣੀ ਬੁਲੰਦ ਆਵਾਜ਼ ਵਿਚ ਕਰਤਾਰ ਸਿੰਘ ਬਲੱਗਣ ਦੀ ਇਨਕਲਾਬੀ ਕਵਿਤਾ ਪੇਸ਼ ਕਰਕੇ ਸਰੋਤਿਆਂ ਵਿਚ ਜੋਸ਼ ਭਰ ਦਿੱਤਾ। ਕਾਮਰੇਡ ਸੁਰਿੰਦਰ ਸੰਘਾ, ਜੋਗਾ ਰੰਧਾਵਾ, ਸੁਰਿੰਦਰ ਢੇਸੀ ਤੇ ਸੰਨੀ ਗਿੱਲ ਨੇ ਮੌਜੂਦਾ ਭਖਦੇ ਮਸਲਿਆਂ 'ਤੇ ਪਹਿਰਾ ਦੇਣ ਲਈ 9 ਮਤੇ ਪੇਸ਼ ਕੀਤੇ, ਜਿਨ੍ਹਾਂ ਨੂੰ ਸਭਾ ਵੱਲੋਂ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ ਗਈ। ਮੀਡੀਆ ਸਕੱਤਰ ਸੁਰਿੰਦਰ ਸੰਘਾ ਮੁੱਖ ਬੁਲਾਰੇ ਸਨ, ਉਨ੍ਹਾਂ ਆਪਣੇ ਸੰਬੋਧਨ ਵਿਚ ਪੁਰਾਣੇ ਲੋਕ ਸੰਘਰਸ਼ਾਂ ਦਾ ਜ਼ਿਕਰ ਕੀਤਾ ਅਤੇ ਬਹੁਤ ਹੀ ਭਾਵੁਕਤਾ ਨਾਲ ਜਿਥੇ ਫਲਸਤੀਨੀਆਂ ਨਾਲ ਹੋ ਰਹੇ ਅਣਮਨੁੱਖੀ ਵਰਤਾਰੇ ਦੀ ਨਿੰਦਾ ਕੀਤੀ। ਸਮਾਗਮ ਵਿਚ ਸੀਨੀਅਰਜ਼ ਭਾਰੀ ਗਿਣਤੀ ਵਿਚ ਮੌਜੂਦ ਸਨ।




# ਹੜ੍ਹ ਤੇ ਭਾਰੀ ਮੀਂਹ ਕਾਰਨ ਲੋਕ ਦਰਿਆ ਤੇ ਬੰਨ੍ਹ ਵੱਲ ਨਾ ਜਾਣ : ਡੀ ਸੀ

**ਕਪੂਰਥਲਾ (ਪ੍ਰੀਤ ਸੰਗੋਜਲਾ)**- ਬਿਆਸ ਦਰਿਆ , ਕਾਲੀ ਵੇਈਂ ਵਿਚ ਪਾਣੀ ਦਾ ਪੱਧਰ ਵਧਣ ਤੇ ਲਗਾਤਾਰ ਹੋ ਰਹੀ ਭਾਰੀ ਬਾਰਿਸ਼ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਕਪੂਰਥਲਾ ਵੱਲੋਂ ਲੋਕਾਂ ਲਈ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ ।ਐਡਵਾਈਜਰੀ ਅਨੁਸਾਰ ਅਪੀਲ ਕੀਤੀ ਗਈ ਹੈ ਕਿ ਲੋਕ ਦਰਿਆ ਅਤੇ ਨਾਲ ਲੱਗਦੇ ਧੁੱਸੀ ਬੰਨ੍ਹ ਵੱਲ ਜਾਣ ਤੋਂ ਗੁਰੇਜ਼ ਕਰਨ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ ।ਡਿਪਟੀ ਕਮਿਸ਼ਨਰ ਕਪੂਰਥਲਾ ਸ੍ਰੀ ਅਮਿਤ ਕੁਮਾਰ ਪੰਚਾਲ ਨੇ ਕਿਹਾ ਹੈ ਕਿ ਲੋਕਾਂ ਦੀ ਜਾਨ-ਮਾਲ ਦੀ ਸਲਾਮਤੀ ਪ੍ਰਸ਼ਾਸਨ ਦੀ ਪਹਿਲ ਹੈ , ਜਿਸ ਕਰਕੇ ਲੋਕਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਐਡਵਾਈਜਰੀ ਜਾਰੀ ਕੀਤੀ ਗਈ ਹੈ ।

# ਸਰਬਜੀਤ ਜੱਖੂ ਦਰਬਾਰ ਦੇ ਗੱਦੀਨਸ਼ੀਨ ਨਿਯੁਕਤ



**ਨਕੋਦਰ (ਮਨਜੀਤ ਮਾਨ)**- ਹਰਭਜਨ ਸਿੰਘ ਪੁੱਤਰ ਬੰਤਾ ਰਾਮ ਜੋ ਪਿਛਲੇ ਦਿਨੀਂ ਇਸ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ, ਹਰਭਜਨ ਸਿੰਘ ਦੇ ਸਪੁੱਤਰ ਸਰਬਜੀਤ ਜੱਖੂ ਨੂੰ ਦਰਬਾਰ ਪੀਰ ਬਾਬਾ ਲੱਖ ਦਾਤਾ ਲਾਲਾਂ ਵਾਲਾ ਪੀਰ ਬੱਲ ਹੁਕਮੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਰਬਜੀਤ ਜੱਖੂ ਨੂੰ ਗੱਦੀ ਨਸ਼ੀਨ ਨਿਯੁਕਤ ਕੀਤਾ ਗਿਆ। ਇਸ ਮੌਕੇ ਪਿੰਡ ਤੇ ਸ਼ਹਿਰ ਨਿਵਾਸੀਆਂ ਨੇ ਗੱਦੀ ਨਸ਼ੀਨ ਸਰਬਜੀਤ ਜੱਖੂ ਨੂੰ ਮੁਬਾਰਕਬਾਦ ਦਿੱਤੀ।

# ਹੜ੍ਹ ਪੀੜਤਾਂ ਦੀ ਮਦਦ ਲਈ ਦਾਨੀ ਸੱਜਣਾਂ ਦੀ ਸਹੂਲਤ ਲਈ ਪ੍ਰਸ਼ਾਸਨ ਵੱਲੋਂ ਸੰਪਰਕ ਨੰਬਰ ਜਾਰੀ

**ਕਪੂਰਥਲਾ (ਪ੍ਰੀਤ ਸੰਗੋਜਲਾ, ਮਨਜੀਤ ਮਾਨ)**- ਕਪੂਰਥਲਾ ਜ਼ਿਲ੍ਹੇ ਵਿੱਚ ਹੜ੍ਹ ਪੀੜਤਾਂ ਦੀ ਮਦਦ ਲਈ ਰਾਹਤ ਸਮੱਗਰੀ ਲੈ ਕੇ ਆ ਰਹੇ ਦਾਨੀ ਸੱਜਣਾਂ/ਸਮਾਜ ਸੇਵੀ ਸੰਸਥਾਵਾਂ ਦੀ ਮੰਗ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਕਪੂਰਥਲਾ ਵੱਲੋਂ ਜ਼ਿਲ੍ਹਾ ਮਾਲ ਅਫ਼ਸਰ ਨੂੰ ਨੋਡਲ ਅਧਿਕਾਰੀ ਵਜੋਂ ਤਾਇਨਾਤ ਕਰਨ ਦੇ ਨਾਲ ਸੰਪਰਕ ਨੰਬਰ 62800-49331 ਜਾਰੀ ਕੀਤਾ ਗਿਆ ਹੈ।ਡਿਪਟੀ ਕਮਿਸ਼ਨਰ ਕਪੂਰਥਲਾ ਸ੍ਰੀ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਕਪੂਰਥਲਾ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪੀੜਤਾਂ ਦੀ ਮਦਦ ਲਈ ਵੱਡੀ ਗਿਣਤੀ ਵਿੱਚ ਦਾਨੀ ਲੋਕਾਂ , ਸਮਾਜ ਸੇਵੀ ਸੰਸਥਾਵਾਂ, ਧਾਰਮਿਕ ਜਥੇਬੰਦੀਆਂ ਤੇ ਆਮ ਲੋਕਾਂ ਵੱਲੋਂ ਰਾਹਤ ਸਮੱਗਰੀ ਲਿਆਂਦੀ ਜਾ ਰਹੀ ਹੈ ਪਰ ਇਲਾਕੇ ਦੀ ਭੂਗੋਲਿਕ ਸਥਿਤੀ ਬਾਰੇ ਜਾਣਕਾਰੀ ਨਾ ਹੋਣ ਤੇ ਸਹੀ ਲੋੜਵੰਦਾਂ ਬਾਰੇ ਜਾਣਕਾਰੀ ਨਾ ਹੋਣ ਕਰਕੇ ਉਨ੍ਹਾਂ ਨੂੰ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ । ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਾਨੀ ਸੱਜਣਾਂ ਨੂੰ ਪੇਸ਼ ਆ ਰਹੀ ਇਸ ਮੁਸ਼ਕਿਲ ਦੇ ਹੱਲ ਲਈ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਮਾਲ ਅਫ਼ਸਰ ਨੂੰ ਰਾਹਤ ਸਮੱਗਰੀ ਦੇ ਨੋਡਲ ਅਫ਼ਸਰ ਵਜੋਂ ਅਧਿਕਾਰਤ ਕੀਤਾ ਗਿਆ ਹੈ ।ਇਸ ਤੋਂ ਇਲਾਵਾ ਮਾਰਕੀਟ ਕਮੇਟੀ ਸੁਲਤਾਨਪੁਰ ਲੋਧੀ ਦੇ ਦਫ਼ਤਰ ਜੋ ਕਿ ਖੁੱਲੀ ਜਗ੍ਹਾ ਵਿੱਚ ਸਥਿਤ ਹੈ, ਨੂੰ ਰਾਹਤ ਸਮੱਗਰੀ ਦੇਣ ਲਈ ਨਿਸ਼ਚਿਤ ਕੀਤਾ ਗਿਆ ਹੈ । ਇਹ ਸਥਾਨ ਕਪੂਰਥਲਾ-ਸੁਲਤਾਨਪੁਰ ਸੜਕ (ਵਾਇਆ ਆਰ ਸੀ ਐਫ) ਉਪਰ ਸੁਲਤਾਨਪੁਰ ਲੋਧੀ ਸ਼ਹਿਰ ਦੇ ਨਜ਼ਦੀਕ ਹੈ । ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਦਾਨੀ ਸੱਜਣਾਂ ਵੱਲੋਂ ਭੇਜੀ ਗਈ ਰਾਹਤ ਸਮੱਗਰੀ ਯੋਗ ਲੋੜਵੰਦਾਂ ਤੱਕ ਪੁੱਜਦੀ ਕਰਨੀ ਯਕੀਨੀ ਬਣਾਈ ਜਾਵੇਗੀ।

# ਚੇਤਾ 'ਚ ਹੜ੍ਹਾਂ ਦਾ ਪਾਣੀ ਘਰਾਂ ਚ ਵੜਿਆ

**ਬੰਗਾ (ਅਵਤਾਰ ਕਲੇਰ)**- ਪੰਜਾਬ 'ਚ ਕਈ ਦਿਨਾਂ ਤੋਂ ਭਾਰੀ ਬਾਰਿਸ਼ ਪੈ ਰਹੀ ਹੈ। ਦਰਿਆਵਾਂ 'ਚ ਪਾਣੀ ਜ਼ਿਆਦਾ ਛੱਡਣ ਕਾਰਨ ਪੰਜਾਬ ਵਿੱਚ ਬਹੁਤੇ ਥਾਵਾਂ ਤੇ ਹੜ੍ਹ ਆਏ ਹੋਏ ਹਨ। ਕਈ ਘਰ ਢਹਿ ਗਏ ਤੇ ਜਿਹਨਾਂ ਦੇ ਘਰ ਬਾਲਾ ਛੱਤਾਂ ਹਨ ਉਹ ਤਕਰੀਬਨ ਸਾਰੇ ਹੀ ਚੋਂਦੇ ਹਨ। ਲੋਕ ਕੰਮਕਾਰ ਤੋਂ ਵਿਹਲੇ ਘਰਾਂ 'ਚ ਬੈਠੇ ਹਨ। ਗਰੀਬਾਂ ਨੂੰ ਦੋ ਵਕਤ ਦੀ ਰੋਟੀ ਮਿਲਣੀ ਔਖੀ ਹੋਈ ਹੈ।ਬੰਗਾ ਹਲਕੇ ਦਾ ਪਿੰਡ ਚੇਤਾ ਜੋ ਕਿ ਜ਼ਿਲ੍ਹਾ ਹੁਸ਼ਿਆਰਪੁਰ ਤੇ ਫਗਵਾੜਾ ਹਲਕੇ ਦੀ ਹੱਦ ਨੂੰ ਛੂੰਹਦਾ ਹੈ। ਸਾਰੇ ਪਿੰਡ ਵਿੱਚ ਹੜ੍ਹਾਂ ਦਾ ਪਾਣੀ ਭਰ ਗਿਆ ਹੈ। ਪਿੰਡ ਚੇਤਾ ਦੀ ਸਰਪੰਚ ਬੀਬੀ ਰਾਣੀ, ਰੂਪ ਲਾਲ ਸਾਬਕਾ ਸਰਪੰਚ, ਪਰਮਜੀਤ ਸਾਬਕਾ ਸਰਪੰਚ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਢਾਡਾ, ਨਡਾਲੋਂ ਅਤੇ ਪੰਜੌੜਾ ਤੋਂ ਚੋਆ ਰਾਹੀਂ ਆਇਆ ਪਾਣੀ ਪਿੰਡ ਚੇਤਾ ਤੇ ਬਹੁਤ ਮਾਰ ਕਰਦਾ ਹੈ। ਉਨ੍ਹਾਂ ਦੱਸਿਆ ਕਿ ਸਾਡਾ ਪਿੰਡ ਚੇਤਾ ਨਜ਼ਦੀਕੀ ਪਿੰਡਾਂ ਦੇ ਮੁਕਾਬਲੇ ਨੀਵਾਂ ਹੈ। ਹਰ ਸਾਲ ਬਰਸਾਤ ਦੇ ਮੌਸਮ ਵਿੱਚ ਚੇਤੇ ਵਿਖੇ ਪਾਣੀ ਆ ਜਾਂਦਾ ਹੈ। ਪਿੰਡ ਵਿੱਚ ਕਈ ਘਰਾਂ ਦੀਆਂ ਛੱਤਾਂ ਡਿੱਗ ਪਈਆਂ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਹਰ ਸਾਲ ਆ ਰਹੇ ਬਰਸਾਤ ਦੇ ਪਾਣੀ ਦਾ ਹੱਲ ਕੀਤਾ ਜਾਵੇ। ਇਸ ਮੌਕੇ ਬੀਬੀ ਰਾਣੀ ਸਰਪੰਚ ਚੇਤਾ, ਰੂਪ ਲਾਲ ਸਾਬਕਾ ਸਰਪੰਚ, ਪਰਮਜੀਤ ਸਾਬਕਾ ਸਰਪੰਚ,ਸੋਮ ਦੱਤ, ਇੰਦਰਜੀਤ ਸਿੰਘ ਪੰਚ, ਸੋਨੂੰ ਪੰਚ, ਰਾਜ ਪਾਲ,ਛਿੰਦਾ ਜਪਾਨੀ ਆਦਿ ਹਾਜ਼ਰ ਸਨ।



# ਡਾ. ਰਵਜੋਤ ਨੇ ਇੱਕ ਸਾਲ ਦੀ ਤਨਖਾਹ ਮੁੱਖ ਮੰਤਰੀ ਰਾਹਤ ਫੰਡ 'ਚ ਕੀਤੀ ਦਾਨ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਆਪਣੀ ਇਕ ਸਾਲ ਦੀ ਤਨਖਾਹ ਮੁੱਖ ਮੰਤਰੀ ਰਾਹਤ ਫੰਡ ਵਿਚ ਦਾਨ ਕੀਤੀ ਹੈ। ਉਨ੍ਹਾਂ ਨੇ ਇਹ ਚੈੱਕ ਟਾਂਡਾ ਦੇ ਦੌਰੇ 'ਤੇ ਆਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸੌਂਪਿਆ। ਡਾ. ਰਵਜੋਤ ਨੇ ਇਸ ਮੌਕੇ ਕਿਹਾ ਕਿ ਉਨ੍ਹਾਂ ਦੀ ਕੁੱਲ ਸਾਲਾਨਾ ਤਨਖਾਹ 12 ਲੱਖ ਰੁਪਏ ਹੈ, ਜੋ ਉਨ੍ਹਾਂ ਨੇ ਮੁੱਖ ਮੰਤਰੀ ਰਾਹਤ ਫੰਡ ਨੂੰ ਸਮਰਪਿਤ ਕੀਤੀ ਹੈ। ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਆਈ ਕੁਦਰਤੀ ਆਫ਼ਤ ਨੇ ਆਮ ਲੋਕਾਂ ਦਾ ਭਾਰੀ ਨੁਕਸਾਨ ਕੀਤਾ ਹੈ। ਅਜਿਹੇ ਸਮੇਂ ਵਿੱਚ ਸਰਕਾਰ ਅਤੇ ਸਮਾਜ ਦੇ ਹਰ ਵਰਗ ਨੂੰ ਮਿਲ ਕੇ ਰਾਹਤ ਅਤੇ ਪੁਨਰਵਾਸ ਕਾਰਜਾਂ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਕੈਬਨਿਟ ਮੰਤਰੀ ਨੇ ਇਹ ਵੀ ਅਪੀਲ ਕੀਤੀ ਕਿ ਸਮਰੱਥ ਲੋਕਾਂ ਤੇ ਸਮਾਜਿਕ ਸੰਗਠਨਾਂ ਨੂੰ ਅੱਗੇ ਆ ਕੇ ਮੁੱਖ ਮੰਤਰੀ ਰਾਹਤ ਫੰਡ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਸਮੇਂ ਸਿਰ ਮਦਦ ਮਿਲ ਸਕੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਹਰ ਸੰਭਵ ਕਦਮ ਚੁੱਕ ਰਹੀ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਰਾਹਤ ਕਾਰਜਾਂ ਵਿੱਚ ਪੂਰੀ ਤਰ੍ਹਾਂ ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ ਗਏ ਹਨ।



# ਖਾਲਸਾ ਕਾਲਜ 'ਚ ਐੱਚ ਆਈ ਵੀ ਤੇ ਏਡਜ਼ ਸੰਬੰਧੀ ਨੁੱਕੜ ਨਾਟਕ

**ਸੁਲਤਾਨਪੁਰ ਲੋਧੀ (ਹਨੀ)**- ਗੁਰੂ ਨਾਨਕ ਖਾਲਸਾ ਕਾਲਜ ਦੇ ਰੈੱਡ ਰਿਬਨ ਕਲੱਬ ਵੱਲੋਂ ਤੇ ਪੰਜਾਬ ਸਟੇਟ ਏਡਸ ਕੰਟਰੋਲ ਸੁਸਾਇਟੀ ਚੰਡੀਗੜ੍ਹ ਤੇ ਸਿਹਤ ਵਿਭਾਗ ਸੁਲਤਾਨਪੁਰ ਲੋਧੀ ਦੇ ਸਾਂਝੇ ਯਤਨਾਂ ਨਾਲ ਐਚ ਆਈ ਵੀ ਅਤੇ ਏਡਜ਼ ਪ੍ਰਤੀ ਜਾਗਰੂਕਤਾ ਸਬੰਧੀ ਇੱਕ ਨੁੱਕੜ ਨਾਟਕ ਦੀ ਪੇਸ਼ਕਾਰੀ ਕੀਤੀ ਗਈ । ਜਿਸ ਰਾਹੀਂ ਵਿਦਿਆਰਥੀਆਂ ਨੂੰ ਐਚ ਆਈ ਵੀ ਅਤੇ ਏਡਜ਼ ਦੇ ਮਾਰੂ ਪ੍ਰਭਾਵਾਂ ਤੋਂ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ। ਇਹ ਨਾਟਕ ਆਜ਼ਾਦ ਭਗਤ ਸਿੰਘ ਵਿਰਾਸਤ ਮੰਚ ਵੱਲੋਂ ਖੇਡਿਆ ਗਿਆ। ਜਿਸ ਵਿੱਚ ਦਲਜੀਤ ਸਿੰਘ ਸੋਨਾ, ਪਰਮਜੀਤ ਸਿੰਘ, ਅਨਮੋਲਪ੍ਰੀਤ ਕੌਰ, ਮਨਪ੍ਰੀਤ ਕੌਰ, ਹਰਮਨਜੋਤ ਸਿੰਘ, ਪ੍ਰਭਜੋਤ ਕੌਰ, ਸਟੀਵਨ ਕੰਡਾ, ਜਸਮੀਤ ਸਿੰਘ ਆਦਿ ਕਲਾਕਾਰਾਂ ਨੇ ਭਾਗ ਲਿਆ । ਨੁੱਕੜ ਨਾਟਕ ਦਾ ਆਯੋਜਨ ਡਾ. ਮਨੀ ਛਾਬੜਾ ਮੁਖੀ ਰੈਡ ਰਿਬਨ ਕਲੱਬ ਦੀ ਅਗਵਾਈ ਹੇਠ ਅਤੇ ਪੰਕਜ ਗੁਪਤਾ ਆਈ ਸੀ ਟੀ ਸੀ ਕੌਂਸਲਰ ਸਿਵਲ ਹਸਪਤਾਲ ਤੇ ਕਰਮਜੀਤ ਕੌਰ ਪ੍ਰੋਜੈਕਟ ਮੈਨੇਜਰ ਆਫ ਟੀ ਆਈ ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਦੌਰਾਨ ਮੰਚ ਦਾ ਸੰਚਾਲਨ ਪ੍ਰੋਫੈਸਰ ਅਰਸ਼ਪ੍ਰੀਤ ਕੌਰ ਵੱਲੋਂ ਕੀਤਾ ਗਿਆ। ਆਈ ਹੋਈ ਟੀਮ ਵੱਲੋਂ ਏਡਜ਼ ਸੰਬੰਧੀ ਪੁੱਛੇ ਗਏ ਸਵਾਲਾਂ ਦਾ ਸਹੀ ਜਵਾਬ ਦੇਣ 'ਤੇ ਕਾਲਜ ਦੇ ਵਿਦਿਆਰਥੀਆਂ ਸਾਦਕਪ੍ਰੀਤ ਸਿੰਘ ਬੀ ਸੀ ਏ ਭਾਗ ਪਹਿਲਾ ਅਤੇ ਸੰਦੀਪ ਕੌਰ ਬੀ ਏ ਭਾਗ ਪਹਿਲਾ ਦਾ ਸਨਮਾਨ ਵੀ ਕੀਤਾ ਗਿਆ। ਸਮਾਗਮ ਦੌਰਾਨ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਜਸਬੀਰ ਕੌਰ ਨੇ ਵਿਦਿਆਰਥੀਆਂ ਨੂੰ ਏਡਜ ਪ੍ਰਤੀ ਜਾਗਰੂਕ ਰਹਿਣ ਲਈ ਆਪਣੇ ਸੁਝਾਅ ਦਿੱਤੇ। ਇਸ ਮੌਕੇ ਪ੍ਰੋ. ਸੁਖਪਾਲ ਸਿੰਘ ਕੋਆਰਡੀਨੇਟਰ ਲੜਕੀਆਂ ਵਿੰਗ, ਪ੍ਰੋ.ਰਾਜਦੀਪ ਕੌਰ ਜੋਸਨ ਮੁਖੀ ਪੰਜਾਬੀ ਤੇ ਆਰਟਸ ਵਿਭਾਗ ਪ੍ਰੋ. ਰਾਜਪ੍ਰੀਤ ਕੌਰ ਮੁਖੀ ਕੰਪਿਊਟਰ ਅਤੇ ਆਈ.ਟੀ. ਵਿਭਾਗ ਪ੍ਰੋ. ਰਿਸ਼ੂ ਬਾਲਾ ਪ੍ਰੋ. ਹਰਪ੍ਰੀਤ ਸਿੰਘ, ਪ੍ਰੋ.ਗੁਰਪ੍ਰੀਤ ਕੌਰ, ਪ੍ਰੋ. ਸਰਬਜੀਤ ਕੌਰ, ਪ੍ਰੋ. ਜਸਵੀਰ ਕੌਰ, ਪ੍ਰੋ. ਸੰਦੀਪ ਕੌਰ, ਪ੍ਰੋ. ਹਰਦੀਸ਼ ਕੌਰ ਪ੍ਰੋ. ਨਿਵਿਆ,ਪ੍ਰੋ. ਰਮਨ, ਪ੍ਰੋ. ਹਰਪ੍ਰੀਤ ਕੌਰ,ਪ੍ਰੋ. ਹਰਪ੍ਰੀਤ ਸਿੰਘ, ਪ੍ਰੋ. ਹਰਜਾਪ ਸਿੰਘ, ਪ੍ਰੋ. ਰਮਨਦੀਪ ਕੌਰ,ਪ੍ਰੋ. ਕੋਮਲਪ੍ਰੀਤ ਕੌਰ, ਪ੍ਰੋ.ਪ੍ਰਵੀਨ ਕੌਰ ਆਦਿ ਹਾਜ਼ਰ ਸਨ।




# ਹੈੱਲਥ ਮਿਸ਼ਨ ਮੁਲਾਜ਼ਮਾਂ ਨੂੰ ਨਹੀਂ ਮਿਲੀ ਜੁਲਾਈ ਮਹੀਨੇ ਦੀ ਤਨਖਾਹ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸ਼ਹੀਦ ਭਗਤ ਸਿੰਘ ਨਗਰ ਹੈਲਥ ਮਿਸ਼ਨ ਮੁਲਾਜ਼ਮਾਂ ਨੂੰ ਜੁਲਾਈ ਮਹੀਨੇ ਦੀ ਤਨਖਾਹ ਨਹੀਂ ਮਿਲੀ। ਇਹ ਜਾਣਕਾਰੀ ਨਵਾਂਸ਼ਹਿਰ ਸਿਵਲ ਹਸਪਤਾਲ ਦੇ ਅਮਨਦੀਪ ਕੌਰ ਨੇ ਦੱਸਿਆ ਕਿ ਪੰਜਾਬ ਇਸ ਵੇਲੇ ਹੜ੍ਹਾਂ ਦੀ ਮਾਰ ਨਾਲ ਜੂਝ ਰਿਹਾ ਹੈ। ਕਈ ਜ਼ਿਲ੍ਹੇ ਅਤੇ ਸ਼ਹਿਰ ਪਾਣੀ ਵਿੱਚ ਡੁੱਬੇ ਪਏ ਹਨ। ਸਿੱਟੇ ਵਜੋਂ ਲੋਕ ਬੇਘਰ ਹੋਏ ਪਏ ਹਨ ਅਤੇ ਆਪਣੀਆਂ ਜਾਨਾਂ ਬਚਾਉਣ ਵਿੱਚ ਲੱਗੇ ਹੋਏ ਹਨ। ਪੰਜਾਬ ਦੇ ਸਿਹਤ ਵਿਭਾਗ ਦੇ ਨੈਸ਼ਨਲ ਹੈਲਥ ਮਿਸ਼ਨ ਦੇ ਨਾਲ ਸੰਬੰਧਿਤ ਮੁਲਾਜ਼ਮਾ ਦੇ ਹਜ਼ਾਰਾਂ ਪਰਿਵਾਰਾਂ ਵਿੱਚ ਹੜ੍ਹਾਂ ਦੀ ਮਾਰ ਵਿੱਚ ਆਏ ਹੋਏ ਹਨ ਤਨਖਾਹ ਨਾ ਮਿਲਣ ਕਾਰਨ ਕੱਚੇ ਕਰਮਚਾਰੀਆਂ ਵਿੱਚ ਹਾਹਾਕਾਰ ਮਚੀ ਹੋਈ ਹੈ। ਜੇ ਪੰਜਾਬ ਸਰਕਾਰ ਸਮੇਂ ਸਿਰ ਤਨਖਾਹ ਜਾਰੀ ਨਹੀਂ ਕਰਦੀ ਤਾਂ ਮਜਬੂਰੀ ਵਿੱਚ ਜਥੇਬੰਦੀ ਨੂੰ ਸਖਤ ਕਦਮ ਚੁੱਕਣਾ ਪਵੇਗਾ।

# ਦਸਵੀਂ ਦਾ ਦਿਹਾੜਾ ਸ਼ਰਧਾ ਭਾਵਨਾ ਨਾਲ ਉਤਸ਼ਾਹ-ਪੂਰਵਕ ਮਨਾਇਆ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਧਾਰਮਿਕ ਸਮਾਗਮ ਵਿੱਚ ਭਾਈ ਬਲਦੇਵ ਸਿੰਘ ਲੌਂਗੋਵਾਲ ਸੰਗਰੂਰ ਵਾਲਿਆਂ ਦੇ ਇੰਟਰਨੈਸ਼ਨਲ ਪੰਥਕ ਢਾਡੀ ਜੱਥੇ ਨੇ ਭਾਈ ਘਨੱਈਆ ਜੀ ਦਾ ਜੀਵਨ ਬ੍ਰਿਤਾਂਤ ਤੇ ਉਨ੍ਹਾਂ ਦੁਆਰਾ ਸਮੂਹ ਮਾਨਵਤਾ ਲਈ ਕੀਤੀ ਗਈ ਸੇਵਾਵਾਂ ਬਾਰੇ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਸਹਿਤ ਸੁਣਾਇਆ। ਭਾਈ ਰਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਇਲਾਹੀ ਬਾਣੀ ਨਾਲ ਸੰਗਤਾਂ ਨੂੰ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਸੰਦੀਪ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦੀ ਮਹੱਤਤਾ ਦੱਸਦੇ ਹੋਏ ਅੰਮਿਤ ਛਕ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਆ।ਇਸ ਤੋਂ ਇਲਾਵਾ ਭਾਈ ਜਤਿੰਦਰ ਸਿੰਘ ਸ਼੍ਰੋਮਣੀ ਪ੍ਰਚਾਰਕ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ, ਭਾਈ ਈਸ਼ਵਰ ਸਿੰਘ ਜੀ ਲੁਧਿਆਣੇ ਵਾਲੇ, ਜੱਥੇਦਾਰ ਬਾਬਾ ਨਰਿੰਦਰ ਸਿੰਘ ਜੀ, ਭਾਈ ਰਣਜੀਤ ਸਿੰਘ ਯਮੁਨਾ ਨਗਰ ਵਾਲੇ, ਮਿੱਤਰ ਪਿਆਰੇ ਨੂੰ ਕਵੀਸ਼ਰੀ ਜੱਥਾ, ਭਾਈ ਲਖਵਿੰਦਰ ਸਿੰਘ ਜੀ ਅੰਮ੍ਰਿਤਸਰ ਵਾਲੇ, ਭਾਈ ਅਮਰਜੀਤ ਸਿੰਘ ਖਾਲਸਾ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਹਰਬਖਸ਼ ਸਿੰਘ, ਭਾਈ ਗੁਰਮੀਤ ਸਿੰਘ ਅਤੇ ਭਾਈ ਸੁਖਵਿੰਦਰ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ । ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਦਸਵੀਂ ਦੇ ਦਿਹਾੜੇ ਤੇ ਹਜ਼ਾਰਾਂ ਸੰਗਤਾਂ ਨੇ ਇਸ ਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ । ਹਰ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ । ਇਸ ਦਿਨ ਕਰਵਾਏ ਗਏ ਅੰਮ੍ਰਿਤ ਸੰਚਾਰ ਵਿੱਚ ਵੱਡੀ ਗਿਣਤੀ ਵਿੱਚ ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ। ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਗਿਆ । ਇਸ ਮੌਕੇ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਇਸ ਅਸਥਾਨ ਤੇ ਡਿਸਪੈਂਸਰੀ ਅਤੇ ਲੈਬਾਰਟਰੀ ਚਲ ਰਹੀ ਹੈ ਜਿਸ ਵਿੱਚ ਸਾਰੇ ਟੈਸਟ ਅਤਿ ਆਧੁਨਿਕ ਕੰਪਿਊਟਰਾਈਜ ਤਰੀਕੇ ਨਾਲ ਕੀਤੇ ਜਾਂਦੇ ਹਨ। ਮਾਹਿਰ ਡਾਕਟਰਾਂ ਵੱਲੋ ਮਰੀਜ਼ਾਂ ਦਾ ਮੁਆਇਨਾ ਕੀਤਾ ਜਾਂਦਾ ਹੈ ਅਤੇ ਦਵਾਈ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪ੍ਰਬੰਧਕ ਕਮੇਟੀ ਵੱਲੋ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਐਮ ਆਰ ਆਈ, ਸੀਟੀ ਸਕੈਨ, ਅਲਟਰਾਸਾਊਂਡ ਅਤੇ ਐਕਸ ਰੇ ਦੀਆਂ ਮਸ਼ੀਨਾਂ ਵੀ ਸੰਗਤਾਂ ਦੀ ਸਹੂਲਤ ਲਈ ਲਗਾਈਆਂ ਗਈਆਂ ਹਨ।




# ਗੁਰਮਤਿ ਸਮਾਗਮ ਕਰਵਾਏ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਿੱਖ ਮਿਸ਼ਨਰੀ ਕਾਲਜ ਰਜਿ. ਲੁਧਿਆਣਾ ਦੇ ਜ਼ੋਨ ਹੁਸ਼ਿਆਰਪੁਰ ਵੱਲੋਂ 15 ਭਗਤਾਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 16 ਰੋਜ਼ਾ ਗੁਰਮਤਿ ਸਮਾਗਮ ਹੁਸ਼ਿਆਰਪੁਰ ਦੇ ਵੱਖ-ਵੱਖ ਗੁਰਦੁਆਰਿਆਂ ਵਿੱਚ ਕਰਵਾਏ ਗਏ। ਅਖੀਰਲਾ ਸਮਾਗਮ ਗੁਰਦੁਆਰਾ ਸ੍ਰੀ ਕਲਗੀਧਰ ਚਰਨ ਪਾਵਨ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਕਰਵਾਇਆ ਗਿਆ। ਜਿਸ ਵਿੱਚ ਭਾਈ ਜਬਰਤੋੜ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਗਿਆਨੀ ਬਲਦੇਵ ਸਿੰਘ ਪਾਉਂਟਾ ਸਾਹਿਬ ਵਾਲਿਆਂ ਨੇ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਮਹੱਤਤਾ ਸੰਗਤਾਂ ਨੂੰ ਦ੍ਰਿੜ ਕਰਵਾਈ। ਉਹਨਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਮਾਜ ਦੇ ਹਰ ਵਰਗ ਵਾਸਤੇ ਪ੍ਰੇਰਨਾ ਦਿੰਦੀ ਹੈ। ਇਸ ਮੌਕੇ ਭਾਈ ਹਰਜਿੰਦਰ ਸਿੰਘ ਅਸਲਾਮਾਬਾਦ ਵਾਲਿਆਂ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ।ਅਵਤਾਰ ਸਿੰਘ ਜੋਨਲ ਆਰਗੇਨਾਈਜ਼ਰ ਜ਼ੋਨ ਹੁਸ਼ਿਆਰਪੁਰ ਵੱਲੋਂ ਗੁਰਦੁਆਰਾ ਸ੍ਰੀ ਕਲਗੀਧਰ ਚਰਨ ਪਾਵਨ ਦੇ ਪ੍ਰਬੰਧਕਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਸਥਾ ਵੱਲੋਂ ਧਾਰਮਿਕ ਪੁਸਤਕਾਂ ਦਾ ਲਿਟਰੇਚਰ ਸਟਾਲ ਲਗਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਹਰਜਿੰਦਰ ਸਿੰਘ, ਲਾਲ ਸਿੰਘ ਅਸਲਾਮਾਬਾਦ, ਅਜੈ ਪਾਲ ਸਿੰਘ, ਪਰਮਿੰਦਰ ਸਿੰਘ, ਨਰਿੰਦਰ ਸਿੰਘ ਪੁਰਹੀਰਾ, ਕੁਲਦੀਪ ਸਿੰਘ ਹੈਡ ਗ੍ਰੰਥੀ, ਗੁਰਚਰਨ ਸਿੰਘ, ਅਵਤਾਰ ਸਿੰਘ ਡਵਿਡਾ ਰਹਾਣਾ, ਨਛੱਤਰ ਸਿੰਘ, ਰਣਜੀਤ ਸਿੰਘ, ਅਵਤਾਰ ਸਿੰਘ ਅਸਲਾਮਾਬਾਦ, ਕੈਪਟਨ ਯਸਪਾਲ ਸਿੰਘ ਦਿੱਲੀ, ਬਲਜੀਤ ਸਿੰਘ ਮਿਸ਼ਨਰੀ ਮੈਂਬਰ ਤੇ ਸਿੱਖ ਸੰਗਤਾਂ ਨੇ ਹਾਜ਼ਰੀ ਭਰੀ।



# ਡਿਪਟੀ ਕਮਿਸ਼ਨਰ ਵੱਲੋਂ ਰਾਹਤ ਕੇਂਦਰਾਂ ਦਾ ਦੌਰਾ

● ਹੜ੍ਹਾਂ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਈ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਰਾਹਤ ਕੇਂਦਰਾਂ ਦਾ ਦੌਰਾ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਰਾਹਤ ਕੇਂਦਰਾਂ ਵਿੱਚ ਤਾਇਨਾਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਪੂਰੀ ਲਗਨ ਅਤੇ ਮਿਹਨਤ ਨਾਲ ਡਿਊਟੀ ਨਿਭਾਉਣ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਕਿਹਾ ਕਿ ਹੜ੍ਹਾਂ ਦੇ ਹਾਲਾਤ ਵਿੱਚ ਅਗਾਊਂ ਉਚਿਤ ਬੰਦੋਬਸਤ ਯਕੀਨੀ ਬਣਾਏ ਜਾਣ, ਤਾਂ ਜੋ ਲੋੜ ਪੈਣ 'ਤੇ ਲੋਕਾਂ ਨੂੰ ਸੁਚਾਰੂ ਢੰਗ ਤੇ ਸਮਯਬੱਧ ਭਾਵਨਾ ਨਾਲ ਰਾਹਤ ਪ੍ਰਦਾਨ ਕੀਤੀ ਜਾ ਸਕੇ। ਉਨ੍ਹਾਂ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਹੜ੍ਹ ਸੰਭਾਵਿਤ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਸਹੂਲਤ ਲਈ ਜ਼ਿਲ੍ਹੇ ਵਿੱਚ 54 ਰਾਹਤ ਕੇਂਦਰ ਸਥਾਪਤ ਕੀਤੇ ਗਏ ਹਨ, ਜਿੱਥੇ ਮੈਡੀਕਲ ਸਹੂਲਤ ਤੋਂ ਇਲਾਵਾ ਲੋਕਾਂ ਨੂੰ ਹਰ ਲੋੜੀਂਦੀ ਸਹਾਇਤਾ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ 8 ਰਾਹਤ ਕੇਂਦਰ ਮੌਜੂਦਾ ਸਮੇਂ ਕਾਰਜਸ਼ੀਲ ਹਨ, ਜਿੱਥੇ ਅਹਿਤਿਆਤ ਵਜੋਂ ਸੰਵੇਦਨਸ਼ੀਲ ਇਲਾਕਿਆਂ ਦੇ ਵਸਨੀਕਾਂ ਨੂੰ ਤਬਦੀਲ ਕੀਤਾ ਗਿਆ ਹੈ। ਉਨ੍ਹਾਂ ਇੱਥੇ ਰਹਿ ਰਹੇ ਪਰਵਾਰਾਂ ਨਾਲ ਮੁਲਾਕਾਤ ਕਰਦਿਆਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਘਬਰਾਉਣ ਦੀ ਲੋੜ ਨਹੀਂ ਹੈ, ਪੰਜਾਬ ਸਰਕਾਰ ਔਖੇ ਸਮੇਂ ਮੋਢੇ ਨਾਲ ਮੋਢਾ ਜੋੜ ਕੇ ਉਨ੍ਹਾਂ ਦੇ ਨਾਲ ਖੜ੍ਹੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹੜ੍ਹਾਂ ਸੰਬੰਧੀ ਜਾਣਕਾਰੀ ਅਤੇ ਸਹਾਇਤਾ ਲਈ ਹੜ੍ਹ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ, ਜਿਸ ਦਾ ਹੈਲਪ ਲਾਈਨ ਨੰਬਰ 0181-2240064 ਹੈ।

# ਸਤਲੁਜ ਦਰਿਆ ਦੇ ਵਧੇ ਪਾਣੀ ਦਾ ਪੱਧਰ ਘਟਿਆ : ਡਿਪਟੀ ਕਮਿਸ਼ਨਰ



**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਪਿੰਡ ਬੇਲਾ ਤਾਜੋਵਾਲ ਤੇ ਧੈਂਗੜਪੁਰ ਵਿਖੇ ਸਤਲੁਜ ਦਰਿਆ ਦੇ ਬੰਨ੍ਹ ਦੀ ਹੋਰ ਮਜ਼ਬੂਤੀ ਦੇ ਚੱਲ ਰਹੇ ਕਾਰਜਾਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਮੌਜੂਦਾ ਸਮੇਂ ਦਰਿਆ 'ਚ ਪਾਣੀ ਦੇ ਵਹਾਅ ਦਾ ਪੱਧਰ 65 ਹਜ਼ਾਰ ਕਿਊਸਿਕ ਦੇ ਨੇੜੇ ਹੈ ਜੋ ਕਿ ਬੀਤੀ ਰਾਤ 1.25 ਲੱਖ ਕਿਊਸਿਕ ਸੀ। ਦਰਿਆ ਵਿੱਚ ਪਾਣੀ ਦੇ ਪੱਧਰ ਘਟਣ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਹਾ ਕਿ ਬੀਤੇ 24 ਘੰਟਿਆਂ ਦੌਰਾਨ ਪਾਣੀ ਦੇ ਪੱਧਰ ਵਿੱਚ ਹੋਏ ਵਾਧੇ ਕਾਰਨ ਪਿੰਡ ਬੇਲਾ ਤਾਜੋਵਾਲ ਅਤੇ ਧੈਂਗੜਪੁਰ ਵਿਖੇ ਬੰਨ੍ਹ ਨੂੰ ਥੋੜ੍ਹਾ ਨੁਕਸਾਨ ਪੁੱਜਾ ਸੀ ਜੋ ਪ੍ਰਸ਼ਾਸਨਿਕ ਟੀਮਾਂ, ਪਿੰਡ ਵਾਸੀਆਂ, ਸਮਾਜਿਕ ਸੰਸਥਾਵਾਂ ਤੇ ਸਿਆਸੀ ਨੁਮਾਇੰਦਿਆਂ ਦੇ ਸਹਿਯੋਗ ਨਾਲ ਠੀਕ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨਿਕ ਅਧਿਕਾਰੀ ਅਤੇ ਪਿੰਡਾਂ ਦੇ ਵਸਨੀਕ ਲਗਾਤਾਰ ਕੰਮ ਕਰਕੇ ਬੰਨ੍ਹ ਦੀ ਮਜ਼ਬੂਤੀ ਨੂੰ ਯਕੀਨੀ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਕੁਝ ਦਿਨ ਪਹਿਲਾਂ ਪਾਣੀ ਦਾ ਪੱਧਰ 45 ਹਜ਼ਾਰ ਕਿਊਸਿਕ ਦਰਜ ਕੀਤਾ ਗਿਆ ਜੋ ਬੀਤੀ ਰਾਤ 1.25 ਲੱਖ ਕਿਊਸਿਕ ਦੇ ਨੇੜੇ ਪਹੁੰਚ ਗਿਆ ਸੀ ਅਤੇ ਮੌਜੂਦਾ ਸਮੇਂ 65 ਹਜ਼ਾਰ ਕਿਊਸਿਕ ਹੋਣ ਨਾਲ ਸਥਿਤੀ ਬਿਲਕੁਲ ਕਾਬੂ ਹੇਠ ਹੈ। ਉਨ੍ਹਾਂ ਦੱਸਿਆ ਕਿ ਬਲਾਚੌਰ ਦੇ ਬੇਲਾ ਤਾਜੋਵਾਲ ਅਤੇ ਧੈਂਗੜਪੁਰ ਤੋਂ ਇਲਾਵਾ ਨਵਾਂਸ਼ਹਿਰ ਦੇ ਦਰਿਆਪੁਰ, ਤਲਵੰਡੀ ਸੀਬੂ ਅਤੇ ਬੁਰਜ ਟਹਿਲ ਦਾਸ ਵਿਖੇ ਐਸ ਡੀ ਐਮਜ਼ ਦੀ ਅਗਵਾਈ ਹੇਠ ਲਗਾਤਾਰ ਬੋਰੇ ਲਾਊਣ ਤੇ ਬੰਨ੍ਹ ਦੀ ਮਜ਼ਬੂਤੀ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਥਾਂ 'ਤੇ ਹੜ੍ਹ ਦੀ ਸਥਿਤੀ ਦਾ ਖਦਸ਼ਾ ਜ਼ਾਹਰ ਹੁੰਦਾ ਹੈ ਤਾਂ ਉਹ ਤੁਰੰਤ ਪ੍ਰਸ਼ਾਸਨਿਕ ਅਧਿਕਾਰੀਆਂ ਜਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਾਪਿਤ 24ਗ7 ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਦੇ ਨੰਬਰ 01823-220645 'ਤੇ ਸੂਚਨਾ ਦੇਣ। ਜ਼ਿਕਰਯੋਗ ਹੈ ਕਿ ਨਵਾਂਸ਼ਹਿਰ ਤਹਿਸੀਲ ਲਈ ਸਥਾਪਿਤ ਕੰਟਰੋਲ ਰੂਮ ਦਾ ਨੰਬਰ 01823-299016, ਬਲਾਚੌਰ ਵਿਖੇ ਸਥਾਪਿਤ ਕੰਟਰੋਲ ਰੂਮ ਦਾ ਨੰਬਰ 01885-220075, ਤਹਿਸੀਲ ਬੰਗਾ ਵਿਖੇ ਸਥਾਪਿਤ ਕੰਟਰੋਲ ਰੂਮ ਦਾ ਨੰਬਰ 01823-264666 'ਤੇ ਜਾਣਕਾਰੀ ਦਿੱਤੀ ਜਾ ਸਕਦੀ ਹੈ। ਇਸੇ ਤਰ੍ਹਾਂ ਹੜ੍ਹਾਂ ਦੀ ਸਥਿਤੀ ਵਿੱਚ ਸਿਹਤ ਵਿਭਾਗ ਨਾਲ ਸਬੰਧਤ ਸੇਵਾਵਾਂ ਲਈ 01823-227471 ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਐੱਸ ਡੀ ਕਾਲਜ ਫਾਰ ਵੂਮੈਨ 'ਚ ਤਿੰਨ ਰੋਜ਼ਾ ਰਾਸ਼ਟਰੀ ਖੇਡ ਮੇਲਾ



**ਸੁਲਤਾਨਪੁਰ ਲੋਧੀ (ਹਨੀ)**- ਐਸ ਡੀ ਕਾਲਜ ਫਾਰ ਵੂਮੈਨ ਵਿਖੇ ਤਿੰਨ ਰੋਜ਼ਾ ਰਾਸ਼ਟਰੀ ਖੇਡ ਮੇਲੇ ਦਾ ਆਯੋਜਨ ਕੀਤਾ ਗਿਆ। ਪਹਿਲੇ ਦਿਨ ਐਨ ਐਸ ਐਸ ਵਿਭਾਗ ਦੇ ਮੁਖੀ ਸੁਨੀਤਾ ਕਲੇਰ ਵੱਲੋਂ ਰਾਸ਼ਟਰੀ ਖੇਡ ਦਿਵਸ 'ਤੇ ਲੈਕਚਰ ਦਿੱਤਾ ਅਤੇ ਵਿਦਿਆਰਥਣਾਂ ਨੂੰ ਖੇਡ ਦੀ ਭਾਵਨਾ ਵਿਕਸਿਤ ਕਰਨ ਲਈ ਸਹੁੰ ਚੁਕਾਈ। ਦੂਸਰੇ ਦਿਨ ਭਾਸ਼ਣ ਪ੍ਰਤੀਯੋਗਤਾ ਕਰਵਾਈ ਗਈ ਜਿਸ ਵਿੱਚ ਬੀ.ਏ ਭਾਗ ਦੂਜਾ ਦੀ ਨਵਜੋਤ ਕੌਰ ਮੱਟੂ ਤੇ ਅਮਨਦੀਪ ਕੌਰ ਜੇਤੂ ਰਹੀ । ਬੀ.ਏ ਭਾਗ ਪਹਿਲਾ ਦੀ ਪਵਿੱਤਰਪਾਲ ਕੌਰ ਦੂਜੇ ਅਤੇ ਬੀ ਏ ਭਾਗ ਤੀਜਾ ਦੀ ਨੇਹਾ ਤੀਜੇ ਸਥਾਨ 'ਤੇ ਰਹੀ। ਤੀਸਰੇ ਦਿਨ ਆਨਲਾਈਨ ਕੁਇਜ਼ ਕੰਪੀਟੀਸ਼ਨ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ। ਇਸ ਦੌਰਾਨ ਜੈਸਮੀਨ ਬੀ ਏ ਭਾਗ ਤੀਜਾ ਪਹਿਲੇ, ਅਮਨਪ੍ਰੀਤ ਬੀ ਏ ਭਾਗ ਪਹਿਲਾ ਦੂਜੇ ਅਤੇ ਬੀ.ਏ ਭਾਗ ਦੂਜਾ ਦੀ ਨਵਜੋਤ ਕੌਰ ਤੀਜੇ ਸਥਾਨ 'ਤੇ ਰਹੀ। ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਨੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਦੀ ਸ਼ਲਾਘਾ ਕੀਤੀ।

# ਕਮਿਊਨਿਟੀ ਹੈਲਥ ਸੈਂਟਰ ਬਲਾਕ ਹਾਰਟਾ ਬਡਲਾ ਹੜ੍ਹ ਪ੍ਰਭਾਵਤ ਇਲਾਕਿਆਂ ਨੂੰ ਸਿਹਤ ਸਹੂਲਤਾਂ ਦੇਣ ਲਈ ਸਰਗਰਮ : ਡਾ. ਬੈਂਸ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਸਿਵਲ ਸਰਜਨ ਹੁਸ਼ਿਆਰਪੁਰ ਡਾ. ਪਵਨ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾ. ਮਨਪ੍ਰੀਤ ਸਿੰਘ ਬੈਂਸ ਵਲੋਂ ਬੀਤੇ ਦਿਨਾਂ ਤੋਂ ਲਗਾਤਾਰ ਪੈ ਰਹੇ ਮੀਂਹ ਦੇ ਕਾਰਨ ਆਮ ਲੋਕਾਂ ਨੂੰ ਡੇਂਗੂ, ਮਲੇਰੀਆ, ਡਾਇਰੀਆ ਆਦਿ ਬਿਮਾਰੀਆਂ ਪ੍ਰਤੀ ਜਾਗਰੂਕ ਕਰਨ ਦੇ ਮੱਦੇਨਜ਼ਰ ਬਲਾਕ ਦੇ ਹੈਲਥ ਵਰਕਰਾਂ ਅਤੇ ਹੈਲਥ ਇੰਸਪੈਕਟਰਾਂ ਨਾਲ ਮੀਟਿੰਗ ਕੀਤੀ ਜਿਸ ਵਿੱਚ ਕੁਝ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਬਿਮਾਰੀਆਂ ਤੋਂ ਲੋਕਾਂ ਨੂੰ ਬਚਾਉਣ ਲਈ ਸਿਹਤ ਵਿਭਾਗ ਪੂਰੀ ਤਰ੍ਹਾਂ ਨਾਲ ਸਰਗਰਮ ਹੈ ।ਇਸ ਮੌਕੇ ਡਾ.ਮਨਪ੍ਰੀਤ ਸਿੰਘ ਬੈਂਸ ਨੇ ਹੜ੍ਹ ਦੌਰਾਨ ਇਨਫੈਕਸ਼ਨ ਵਾਲੀਆਂ ਬਿਮਾਰੀਆਂ ਤੋਂ ਬਚਾਅ ਅਤੇ ਕੰਟਰੋਲ ਸੰਬੰਧੀ ਸੁਝਾਅ ਦਿੰਦਿਆਂ ਕਿਹਾ ਕਿ ਜਿੱਥੋਂ ਤੱਕ ਹੋ ਸਕੇ ਹੜ੍ਹ ਦੇ ਪਾਣੀ ਨਾਲ ਸਿੱਧੇ ਸੰਪਰਕ ਤੋਂ ਬਚੋ। ਪਾਣੀ ਭਰੇ ਇਲਾਕਿਆਂ ਵਿੱਚ ਸੁਰੱਖਿਆ ਵਾਲੇ ਜੁੱਤੇ (ਗਮਬੂਟ ਆਦਿ) ਪਹਿਨ ਕੇ ਰੱਖੋ ਅਤੇ ਸਾਬਣ ਤੇ ਪਾਣੀ ਨਾਲ ਵਾਰ-ਵਾਰ ਹੱਥ ਧੋਵੋ, ਖਾਸ ਕਰਕੇ ਖਾਣਾ ਖਾਣ ਤੋਂ ਪਹਿਲਾਂ। ਭੋਜਨ ਅਤੇ ਪੀਣ ਵਾਲੇ ਪਾਣੀ ਨੂੰ ਚੰਗੀ ਤਰਾਂ ਢਕ ਕੇ ਰੱਖੋ ਤੇ ਭੋਜਨ ਸੁਰੱਖਿਅਤ ਤਰੀਕੇ ਨਾਲ ਪਕਾਓ ਅਤੇ ਸਟੋਰ ਕਰੋ। ਉਨ੍ਹਾਂ ਦੱਸਿਆ ਕਿ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਸਿਰਫ਼ ਉਬਾਲਿਆ ਜਾਂ ਕਲੋਰੀਨ ਵਾਲਾ ਪਾਣੀ ਪੀਓ। ਜਿੱਥੇ ਪਾਣੀ ਉਬਾਲਣਾ ਸੰਭਵ ਨਾ ਹੋਵੇ, ਉੱਥੇ ਕਲੋਰੀਨ ਦੀਆਂ ਗੋਲੀਆਂ ਦੀ ਵਰਤੋਂ ਕਰੋ। ਪਾਣੀ ਨੂੰ ਸਾਫ਼, ਢਕੇ ਹੋਏ ਭਾਂਡਿਆਂ ਵਿੱਚ ਸਟੋਰ ਕਰੋ ਅਤ ਭਾਂਡੇ 'ਚੋਂ ਪਾਣੀ ਕੱਢਣ ਲਈ ਲੰਮੀ ਡੰਡੀ ਵਾਲੇ ਭਾਂਡੇ ਜਾਂ ਟੂਟੀ ਦੀ ਵਰਤੋਂ ਕਰੋ। ਫਲ/ਸਬਜ਼ੀਆਂ ਨੂੰ ਸਾਫ਼ ਪਾਣੀ ਨਾਲ ਧੋਵੋ; ਹੜ੍ਹ ਦੇ ਪਾਣੀ ਦੇ ਸੰਪਰਕ ਵਿੱਚ ਆਉਣ ਵਾਲਾ ਭੋਜਨ ਨਾ ਖਾਓ। ਇਸ ਤੋਂ ਇਲਾਵਾ ਮੱਖੀਆਂ/ ਮੱਛਰ (ਵੈਕਟਰ ਬੋਰਨ) ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਕੰਟੇਨਰਾਂ, ਟਾਇਰਾਂ, ਛੱਤਾਂ, ਟੋਇਆਂ, ਕੂਲਰਾਂ ਵਿੱਚ ਖੜ੍ਹਾ ਪਾਣੀ ਖਾਲੀ ਕਰ ਦਿਓ ਅਤੇ ਛੱਤ ਉੱਪਰਲੇ ਟੈਂਕਾਂ ਅਤੇ ਪਾਣੀ ਸਟੋਰ ਕਰਨ ਵਾਲੇ ਭਾਂਡਿਆਂ ਨੂੰ ਚੰਗੀ ਤਰ੍ਹਾਂ ਢਕ ਕੇ ਰੱਖੋ। ਖਾਸ ਕਰਕੇ ਬੱਚਿਆਂ ਅਤੇ ਗਰਭਵਤੀ ਔਰਤਾਂ ਲਈ ਮੱਛਰਦਾਨੀ ਦੀ ਵਰਤੋਂ ਕਰੋ। ਪੂਰੀਆਂ ਬਾਹਾਂ ਵਾਲੇ ਕੱਪੜੇ ਪਾਓ ਅਤੇ ਮੱਛਰ ਤੋਂ ਬਚਾਅ ਵਾਲੀ ਕਰੀਮ ਆਦਿ ਲਗਾਓ। ਡਾ.ਬੈਂਸ ਨੇ ਕਿਹਾ ਕਿ ਹੜ੍ਹਾਂ ਦੌਰਾਨ ਸੱਪ ਦੇ ਕੱਟਣ ਦੀਆਂ ਘਟਨਾਵਾਂ ਆਮ ਹਨ, ਇਸ ਲਈ ਕੋਸ਼ਿਸ਼ ਕਰੋ ਕਿ ਪਾਣੀ ਵਿੱਚ ਨਾ ਜਾਓ। ਸੱਪ ਦੇ ਕੱਟਣ ਤੋਂ ਰੋਕਥਾਮ ਲਈ ਹਨੇਰੇ ਤੋਂ ਬਾਅਦ ਪਾਣੀ ਭਰੇ ਜਾਂ ਝਾੜੀਆਂ ਵਾਲੇ ਖੇਤਰਾਂ ਵਿੱਚ ਜਾਣ ਤੋਂ ਬਚੋ; ਜੇ ਜਾਣਾ ਪਵੇ ਤਾਂ ਸੋਟੀ/ਟਾਰਚ ਆਦਿ ਦੀ ਵਰਤੋਂ ਕਰੋ। ਆਪਣੇ ਆਲੇ ਦੁਆਲੇ ਕੂੜਾ, ਚੂਹਿਆਂ ਦੀਆਂ ਖੁੱਡਾਂ ਆਦਿ, ਲੱਕੜ/ ਪੱਥਰਾਂ ਆਦਿ ਦੇ ਢੇਰ ਸਾਫ਼ ਕਰਕੇ ਰੱਖੋ ਜੋ ਕਿ ਸੱਪ ਆਦਿ ਨਾ ਆਉਣ। ਉਨਾਂ ਕਿਹਾ ਕਿ ਚਮੜੀ ਦੀ ਐਲਰਜੀ, ਲਾਗ, ਫੰਗਲ ਬਿਮਾਰੀਆਂ ਦੀ ਰੋਕਥਾਮ ਲਈ ਹੜ੍ਹ ਦੇ ਪਾਣੀ ਨਾਲ ਲੰਬੇ ਸਮੇਂ ਤੱਕ ਸੰਪਰਕ ਤੋਂ ਬਚੋ; ਜਿੰਨੀ ਜਲਦੀ ਹੋ ਸਕੇ ਸੁੱਕੇ ਕੱਪੜੇ ਪਾਓ। ਹੜ੍ਹ ਦੇ ਪਾਣੀ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਸਾਫ਼ ਪਾਣੀ ਅਤੇ ਸਾਬਣ ਨਾਲ ਨਹਾਓ। ਫੰਗਲ ਇਨਫੈਕਸ਼ਨ ਰੋਕਣ ਲਈ ਚਮੜੀ ਜ਼ਿਆਦਾ ਸਮੇਂ ਤੱਕ ਗਿੱਲੀ ਨਾ ਰੱਖੋ ਬਲਕਿ ਚਮੜੀ ਸੁੱਕੀ ਰਹੇ। ਚਮੜੀ 'ਤੇ ਖੁਰਕ, ਲਾਲੀ, ਧੱਫੜ ਆਦਿ ਹੋਣ 'ਤੇ ਡਾਕਟਰ ਦੀ ਸਲਾਹ ਨਾਲ ਕਰੀਮ/ ਪਾਊਡਰ ਆਦਿ ਲਗਾਓ ।



# ਭਗਵਾਨ ਸ੍ਰੀ ਚੰਦਰ ਦੇ ਪ੍ਰਕਾਸ਼ ਪੁਰਬ ਸਮਾਗਮ ਸ਼ਰਧਾ-ਪੂਰਵਕ ਮਨਾਏ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਫਰਜੰਦ ਮਹਾਨ ਤਪੱਸਵੀ ਭਗਵਾਨ ਸ੍ਰੀ ਚੰਦਰ ਜੀ ਦੇ 531ਵੇਂ ਪ੍ਰਕਾਸ਼ ਉਤਸਵ ਸਮਾਗਮ ਡੇਰਾ ਸੰਤ ਇੰਦਰ ਦਾਸ ਸੇਖੈ ਵਿਖੇ ਇਲਾਕਾ ਨਿਵਾਸੀ ਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ ਹੇਠ ਮੌਜੂਦਾ ਗੱਦੀ ਨਸ਼ੀਨ ਸੰਤ ਇੰਦਰ ਦਾਸ, ਸੰਤ ਪ੍ਰਮੇਸ਼ਵਰੀ ਦਾਸ ਦੀ ਅਗਵਾਈ ਹੇਠ ਸ਼ਰਧਾ ਪੂਰਵਕ ਮਨਾਏ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਗਏ ਜਿਸ ਵਿੱਚ ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ, ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ. ਮੀਤ ਪ੍ਰਧਾਨ, ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ, ਸੰਤ ਧਰਮਪਾਲ ਸ਼ੇਰਗੜ, ਸੰਤ ਬਲਵੰਤ ਸਿੰਘ ਡਿੰਗਰੀਆਂ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਗਿਆਨੀ ਰਾਮ ਸਰੂਪ ਖੰਨੀ ਲਲਵਾਣ, ਸੰਤ ਮਨੋਹਰ ਦਾਸ, ਸੰਤ ਪ੍ਰੇਮ ਦਾਸ, ਸੰਤ ਬੀਬੀ ਪੂਨਮ ਹੀਰਾ, ਸੰਤ ਬੀਬੀ ਕਮਲੇਸ਼ ਕੌਰ ਨਾਹਲਾਂ ਅਤੇ ਰਾਗੀ ਢਾਡੀ,ਕਵੀਸ਼ਰੀ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਰਾਹੀਂ ਨਿਹਾਲ ਕੀਤਾ। ਇਸ ਮੌਕੇ ਗੱਦੀ ਨਸ਼ੀਨ ਸੰਤ ਇੰਦਰ ਦਾਸ, ਸੰਤ ਪ੍ਰਮੇਸ਼ਵਰੀ ਦਾਸ ਵੱਲੋਂ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸਖਸ਼ੀਅਤਾਂ ਨੂੰ ਸਿਰਪਾਓ ਭੇਟ ਕਰਕੇ ਸਨਮਾਨਤ ਕੀਤਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ।ਸਟੇਜ ਸਕੱਤਰ ਦੀ ਸੇਵਾ ਮਾਸਟਰ ਪਰਮਜੀਤ ਸਿੰਘ ਨੇ ਨਿਭਾਈ। ਸੰਗਤਾਂ ਲਈ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਗੁਰਦੁਆਰਾ ਟਿੱਬੀ ਸਾਹਿਬ ਤੋਂ ਰਾਹਤ ਸਮੱਗਰੀ ਦੇ 12 ਟਰੱਕ ਰਵਾਨਾ

**ਬਲਾਚੌਰ (ਜਸਵਿੰਦਰ ਬੈਂਸ)**- ਰੂਪਨਗਰ ਦੇ ਐਸ ਐਸ ਪੀ ਗੁਲਨੀਤ ਸਿੰਘ ਖੁਰਾਣਾ ਤੇ ਐਸ ਡੀ ਐਮ ਕ੍ਰਿਤਿਕਾ ਗੋਇਲ ਨੇ ਗੁਰਦੁਆਰਾ ਸ੍ਰੀ ਟਿੱਬੀ ਸਾਹਿਬ ਤੋਂ ਬਾਬਾ ਅਵਤਾਰ ਸਿੰਘ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਖੇਤਰਾਂ ਲਈ ਰਾਹਤ ਸਮੱਗਰੀ ਦੇ 12 ਟਰੱਕ ਰਵਾਨਾ ਕੀਤੇ ਗਏ। ਐਸ ਡੀ ਐਮ ਨੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਇਸ ਉਪਰਾਲੇ ਲਈ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬੀ ਇਕ-ਦੂਜੇ ਦੀ ਮਦਦ ਲਈ ਹਮੇਸ਼ਾ ਤਤਪਰ ਰਹਿੰਦੇ ਹਨ ਅਤੇ ਮੌਜੂਦਾ ਸੰਕਟ ਵਾਲੇ ਸਮੇਂ ਵਿੱਚ ਸਾਰਿਆਂ ਨੂੰ ਇਕਜੁਟ ਹੋ ਕੇ ਕੰਮ ਕਰਨਾ ਚਾਹੀਦਾ ਹੈ। ਬਾਬਾ ਅਵਤਾਰ ਸਿੰਘ ਨੇ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਪਹਿਲੇ ਪੜਾਅ ਵਿੱਚ 12 ਟਰੱਕ, ਜਿਨ੍ਹਾਂ ਵਿੱਚ ਚਾਰਾ ਅਤੇ ਖਾਣ ਵਾਲੇ ਪਦਾਰਥ ਸ਼ਾਮਲ ਹਨ, ਡੇਰਾ ਬਾਬਾ ਨਾਨਕ ਅਤੇ ਰਮਦਾਸ ਵਿਖੇ ਹੜ੍ਹ ਦੀ ਮਾਰ ਹੇਠ ਆਏ ਖੇਤਰਾਂ ਲਈ ਭੇਜੇ ਜਾ ਰਹੇ ਹਨ।



# ਸਿਕੰਦਰਪੁਰ ਵਿਖੇ ਕਿਸਾਨਾਂ ਦੀਆਂ ਪੰਜ ਮੋਟਰਾਂ ਤੋਂ ਤਾਰਾਂ ਚੋਰੀ

**ਅਲਾਵਲਪੁਰ (ਮਦਨ ਬੰਗੜ)**- ਬੀਤੀ ਰਾਤ ਨਜ਼ਦੀਕੀ ਪਿੰਡ ਸਿਕੰਦਰਪੁਰ ਵਿਖੇ ਕਿਸਾਨਾਂ ਦੀਆਂ ਮੋਟਰਾਂ ਤੋਂ ਤਾਰਾਂ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੀੜਿਤ ਕਿਸਾਨ ਪ੍ਰਿਤਪਾਲ ਸਿੰਘ ਮੌਜੂਦਾ ਸਰਪੰਚ ਸਿਕੰਦਰਪੁਰ, ਰਸ਼ਪਾਲ ਸਿੰਘ, ਸੁਖਵਿੰਦਰ ਸਿੰਘ, ਕੁਲਦੀਪ ਸਿੰਘ, ਜਸਪ੍ਰੀਤ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਬਲਵਿੰਦਰ ਸਿੰਘ, ਪ੍ਰਿਤਪਾਲ ਸਿੰਘ ਅਤੇ ਪ੍ਰਭਜੋਤ ਸਿੰਘ ਦੀਆਂ ਲਗਭਗ ਪੰਜ ਮੋਟਰਾਂ ਦੀਆਂ ਤਾਰਾਂ ਚੋਰਾਂ ਵੱਲੋਂ ਚੋਰੀ ਕਰ ਲਈਆਂ ਹਨ ।ਕਿਸਾਨਾਂ ਨੂੰ ਸਵੇਰੇ ਪਤਾ ਲੱਗਾ ਜਦੋਂ ਉਹ ਖੂਹ 'ਤੇ ਗਏ ਤਾਂ ਇੱਕ ਖੂਹ ਦੀ ਮੋਟਰ ਦੇ ਤਾਲੇ ਟੁੱਟੇ ਹੋਏ ਸਨ। ਚੋਰਾਂ ਵੱਲੋਂ ਬਲਵਿੰਦਰ ਸਿੰਘ ਦੇ ਖੂਹ ਉੱਪਰ ਬਰਾਮਦੇ ਵਿੱਚ ਤਾਰਾਂ ਨੂੰ ਅੱਗ ਲਗਾ ਕੇ ਤਾਂਬਾ ਕੱਢਿਆ ਗਿਆ। ਕਿਸਾਨਾਂ ਦਾ ਕਹਿਣਾ ਹੈ ਕਿ ਇਸ ਇਲਾਕੇ ਵਿੱਚ ਕਈ ਵਾਰ ਪਹਿਲਾਂ ਵੀ ਕਈ ਮੋਟਰਾਂ ਦੀਆਂ ਤਾਰਾਂ ਚੋਰੀ ਹੋ ਚੁੱਕੀਆਂ ਹਨ। ਪਰ ਅਜੇ ਤੱਕ ਤਾਰਾਂ ਚੋਰੀ ਕਰਨ ਵਾਲੇ ਚੋਰਾਂ ਤੱਕ ਪੁਲਸ ਦੀ ਪਹੁੰਚ ਨਹੀਂ ਹੋ ਸਕੀ ਜਿਸ ਕਾਰਨ ਆਏ ਦਿਨ ਚੋਰ ਇਸ ਇਲਾਕੇ ਵਿੱਚ ਮੋਟਰਾਂ ਤੋਂ ਤਾਰਾਂ ਚੋਰੀ ਕਰਦੇ ਹਨ। ਕਿਸਾਨਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਮੋਟਰਾਂ ਤੋਂ ਤਾਰਾਂ ਚੋਰੀ ਕਰਨ ਵਾਲੇ ਇਸ ਗਰੋਹ ਨੂੰ ਜਲਦ ਤੋਂ ਜਲਦ ਫੜਿਆ ਜਾਵੇ ਤਾਂ ਜੋ ਵਾਰ-ਵਾਰ ਕਿਸਾਨਾਂ ਨੂੰ ਹੋ ਰਹੇ ਨੁਕਸਾਨ ਤੋਂ ਛੁਟਕਾਰਾ ਮਿਲ ਸਕੇ।ਪਿੰਡ ਸਿਕੰਦਰਪੁਰ ਵਿੱਚ ਪਿਛਲੇ ਇੱਕ ਹਫਤੇ ਵਿੱਚ ਚੋਰੀ ਦੀ ਇਹ ਦੂਜੀ ਵਾਰਦਾਤ ਹੈ। ਇਸ ਤੋਂ ਪਹਿਲਾਂ ਮੇਨ ਸੜਕ ਦੇ ਨਾਲ ਰਿਹਾਇਸ਼ੀ ਘਰਾਂ ਦੇ ਬਿਲਕੁਲ ਮੋਹਰੇ ਚੋਰਾਂ ਨੇ ਟਰਾਂਸਫਾਰਮ ਖੋਲ੍ਹ ਕੇ ਉਸ ਵਿੱਚੋਂ ਤਾਂਬਾ ਕੱਢਣ ਦੀ ਵਾਰਦਾਤ ਨੂੰ ਵੀ ਅੰਜਾਮ ਦਿੱਤਾ ਸੀ।



# ਹਰ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪ੍ਰਸ਼ਾਸਨ ਤਿਆਰ

● ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀ : ਕ੍ਰਿਤਿਕਾ ਗੋਇਲ



**ਬਲਾਚੌਰ (ਜਸਵਿੰਦਰ ਬੈਂਸ)**- ਲਗਾਤਾਰ ਪੈ ਰਹੀ ਭਾਰੀ ਵਰਖਾ ਨੂੰ ਮੁੱਖ ਰੱਖਦਿਆ ਐਸ ਡੀ ਐਮ ਬਲਾਚੌਰ ਕ੍ਰਿਤਿਕਾ ਗੋਇਲ ਵੱਲੋਂ ਸੱਤਲੁਜ ਦਰਿਆ ਨਾਲ ਲੱਗਦੇ ਪਿੰਡਾਂ ਦਾ ਵਿਸ਼ੇਸ਼ ਤੌਰ ਤੇ ਦੌਰਾ ਕੀਤਾ ਗਿਆ ਅਤੇ ਸਥਿਤੀ ਬਾਰੇ ਬਰੀਕੀ ਨਾਲ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਇਲਾਕੇ ਦੇ ਖੱਡਾ ਚੌਆ ਅਤੇ ਡਰੇਨਾਂ ਦਾ ਵੀ ਜਾਇਜ਼ਾ ਲਿਆ ਅਤੇ ਕਾਠਗੜ੍ਹ ਵਿਖੇ ਜੋ ਮੀਂਹ ਦੇ ਪਾਣੀ ਨਾਲ ਚੌਅ ਵਿੱਚ ਮਲਬਾ ਭਰ ਜਾਣ ਕਾਰਨ ਚੌਅ ਬੰਦ ਹੋ ਗਿਆ ਸੀ ਉਸ ਦੀ ਤੁਰੰਤ ਸਾਫ ਸਫਾਈ ਕਰਾਉਣ ਦੇ ਸਬੰਧਤ ਅਧਿਕਾਰੀਆ ਨੂੰ ਨਿਰਦੇਸ਼ ਦਿੱਤੇ ਗਏ। ਇਸ ਮੌਕੇ ਐਸ ਡੀ ਐਮ ਕ੍ਰਿਤਿਕਾ ਗੋਇਲ ਨੇ ਦੱਸਿਆ ਕਿ ਉਨ੍ਹਾਂ ਵਲੋਂ ਪ੍ਰਸ਼ਾਸਨਿਕ ਅਧਿਕਾਰੀਆਂ, ਕਰਮਚਾਰੀਆਂ,ਪਟਵਾਰੀਆਂ ਦੀਆਂ ਡਿਊਟੀਆਂ ਲਗਾਈਆ ਹਨ ਜਿਹੜੇ ਕਿ ਸਥਿਤੀ ਉਪਰ ਹਰ ਵੇਲੇ ਨਿਗਾਹ ਬਣੀ ਬੈਠੇ ਹਨ ।ਮੌਜੂਦਾ ਸਮੇਂ ਸਥਿਤੀ ਬਿਲਕੁੱਲ ਠੀਕ ਚੱਲ ਰਹੀ ਹੈ ਅਤੇ ਲੋਕਾਂ ਨੂੰ ਅਫਵਾਹਾ ਤੋਂ ਬਚਣਾ ਚਾਹੀਦਾ ਹੈ ਅਤੇ ਕਿਸੇ ਵੀ ਹੜ ਸੰਭਾਵਿਤ ਖਤਰੇ ਤੇ ਫਲੱਡ ਕੰਟਰੋਲ ਰੂਮ ਜੋ ਸਬ ਡਵੀਜਨ ਪੱਧਰ ਤੇ ਸਥਾਪਿਤ ਕੀਤੇ ਗਏ ਹਨ ਤੇ ਰਾਬਤਾ ਕਾਇਮ ਕਰਕੇ ਇਤਲਾਹ ਦੇਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਹੜ੍ਹਾ ਵਰਗੀ ਸਥਿਤੀ ਪੈਦਾ ਨਾ ਹੋਵੇ ਉਸ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਕੀਤੇ ਹੋਏ ਹਨ ਅਤੇ ਕਿਸੇ ਵੀ ਤਰ੍ਹਾਂ ਦੀ ਅਜਿਹੇ ਸੰਕੇਤਾ ਤੇ ਸਥਿਤੀ ਨੂੰ ਕਾਬੂ ਪਾਉਣ ਅਤੇ ਲੋਕਾ ਦੀ ਜਾਨ ਮਾਲ ਦੀ ਸੁਰੱਖਿਆ ਲਈ ਵੀ ਪ੍ਰਬੰਧ ਮੁਕੰਮਲ ਹਨ । ਸਤਲੁੱਜ ਦਰਿਆ ਕਿਨਾਰੇ ਬੰਨ੍ਹਾਂ ਦੀ ਮਜਬੂਤੀ ਅਤੇ ਠੋਕਰਾਂ ਦੀ ਮੁਰੰਮਤ ਕਰਾਈ ਜਾ ਰਹੀ ਹੈ । ਉਨ੍ਹਾਂ ਵਲੋਂ ਗਠਿਤ ਕੀਤੀਆਂ ਅਧਿਕਾਰੀਆਂ ਦੀਆਂ ਟੀਮਾ ਹਰ ਵੇਲੇ ਲੋਕਾਂ ਦੀ ਸੁਰੱਖਿਆ ਲਈ ਤਾਇਨਾਤ ਹਨ ਤਾਂ ਜੋ ਮੌਕੇ ਤੇ ਕਿਸੇ ਵੀ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਿਆ ਜਾ ਸਕੇ ।

# ਅਲਾਵਲਪੁਰ 'ਚ ਕਈ ਘਰਾਂ 'ਚ ਪਾਣੀ ਵੜਿਆ, ਘਰੇਲੂ ਸਮਾਨ ਨੂੰ ਨੁਕਸਾਨ ਪਹੁੰਚਿਆ

**ਅਲਾਵਲਪੁਰ (ਮਦਨ ਬੰਗੜ)**- ਪਿਛਲੇ ਕਈ ਦਿਨਾਂ ਤੋਂ ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਸ਼ਹਿਰ ਅਲਾਵਲਪੁਰ ਅਤੇ ਆਸ ਪਾਸ ਦੇ ਪਿੰਡਾਂ 'ਚ ਸੜਕਾਂ 'ਤੇ ਪਾਣੀ ਖੜ੍ਹਾ ਹੋਣ ਕਾਰਨ ਜਨਜੀਵਨ ਅਤੇ ਆਵਾਜਾਈ ਪ੍ਰਭਾਵਿਤ ਹੋਈ ਹੈ। ਸਥਾਨਕ ਠੱਠੀ ਮਹੱਲਾ ਦੀ ਡੱਡੂ ਕਲੋਨੀ ਵਿੱਚ ਮੀਂਹ ਦਾ ਪਾਣੀ ਕਈ ਘਰਾਂ ਵਿੱਚ ਚਾਰ ਤੋਂ ਪੰਜ ਫੁੱਟ ਤੱਕ ਭਰ ਗਿਆ, ਜਿਸ ਕਾਰਨ ਲੋਕਾਂ ਨੂੰ ਕਾਫ਼ੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਘਰਾਂ ਵਿੱਚ ਘਰੇਲੂ ਸਮਾਨ ਨੂੰ ਨੁਕਸਾਨ ਪਹੁੰਚਿਆ ਹੈ। ਬੀਤੀ ਰਾਤ ਭਾਰੀ ਬਾਰਿਸ਼ ਤੋਂ ਬਾਅਦ ਪੂਰੀ ਕਲੋਨੀ ਪਾਣੀ ਨਾਲ ਭਰ ਗਈ। ਮੌਕੇ 'ਤੇ ਪਹੁੰਚੇ ਐਸ ਡੀ ਐਮ ਵਿਵੇਕ ਕੁਮਾਰ ਮੋਦੀ ਨੇ ਮੌਕਾ ਦੇਖਿਆ ਤੇ ਲੋਕਾਂ ਨੂੰ ਹਰ ਤਰ੍ਹਾਂ ਦੀ ਮਦਦ ਲਈ ਇੱਕ ਹੈਲਪਲਾਈਨ ਨੰਬਰ ਮੁਹੱਈਆ ਕਰਵਾਇਆ ਗਿਆ। ਇਸ ਮੌਕੇ ਡਵੀਜ਼ਨਲ ਇੰਚਾਰਜ ਆਮ ਆਦਮੀ ਪਾਰਟੀ ਪਵਨ ਕੁਮਾਰ ਟੀਨੂੰ ਮੌਕੇ 'ਤੇ ਪਹੁੰਚੇ ਅਤੇ ਪੀੜਤ ਪਰਵਾਰਾਂ ਦਾ ਹਾਲ-ਚਾਲ ਪੁੱਛਿਆ। ਇਸ ਚਾਲ ਦਾ ਪਤਾ ਲੱਗਾ ਅਤੇ ਉਨ੍ਹਾਂ ਨੂੰ ਮੌਕੇ 'ਤੇ ਹੀ ਰਾਸ਼ਨ ਮੁਹੱਈਆ ਕਰਵਾਇਆ ਗਿਆ। ਉਨ੍ਹਾਂ ਅਲਾਵਲਪੁਰ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਪ੍ਰਸ਼ਾਸਨ ਕਿਸੇ ਨੂੰ ਵੀ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗਾ। ਚਿੰਤਾ ਕਰਨ ਦੀ ਵੀ ਕੋਈ ਲੋੜ ਨਹੀਂ ਹੈ। ਲੋਕਾਂ ਦੀ ਸਹੂਲਤ ਲਈ ਸਰਕਾਰ ਨੇ ਹੈਲਪਲਾਈਨ ਨੰਬਰ ਦਿੱਤੇ ਹਨ ਜਿੱਥੇ ਤੁਸੀਂ ਸਰਕਾਰੀ ਮਦਦ ਪ੍ਰਾਪਤ ਕਰ ਸਕਦੇ ਹੋ।ਇਸ ਮੌਕੇ ਨਗਰ ਕੌਂਸਲ ਅਲਾਵਲਪੁਰ ਤੋਂ ਕਾਰਜਕਾਰੀ ਅਧਿਕਾਰੀ ਰਾਮਜੀਤ ਅਤੇ ਨਗਰ ਕੌਂਸਲ ਦੇ ਕਰਮਚਾਰੀ ਮੌਜੂਦ ਸਨ। ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਅਲਾਵਲਪੁਰ ਦਾ ਮੁੱਖ ਛੱਪੜ ਪਾਣੀ ਨਾਲ ਭਰ ਗਿਆ ਹੈ, ਜਿਸ ਕਾਰਨ ਪਾਣੀ ਓਵਰਫਲੋ ਹੋ ਗਿਆ ਹੈ ਅਤੇ ਕਈ ਸੜਕਾਂ ਪ੍ਰਭਾਵਿਤ ਹੋਈਆਂ ਹਨ, ਜਿਸ ਕਾਰਨ ਅਲਾਵਲਪੁਰ ਤੋਂ ਬਿਆਸ ਪਿੰਡ ਜਾਣ ਵਾਲੀ ਸੜਕ ਬੰਦ ਹੋ ਗਈ ਹੈ।



# ਪ੍ਰਸ਼ਾਸਨ ਹੜ੍ਹਾਂ ਨਾਲ ਹੋ ਰਹੇ ਜਾਨ-ਮਾਲ ਦੇ ਨੁਕਸਾਨ ਨੂੰ ਰੋਕਣ ਲਈ ਠੋਸ ਬੰਦੋਬਸਤ ਕਰੇ : ਰਾਣਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪੰਜਾਬ ਵਿੱਚ ਆਏ ਭਾਰੀ ਹੜਾਂ ਨੇ ਸਾਰੇ ਪਿਛਲੇ ਰਿਕਾਰਡ ਤੋੜ ਦਿੱਤੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਨੇ ਪਿੰਡ ਮਲਪੁਰ ਅੜਕਾਂ ਵਿਖੇ ਸਾਥੀ ਸਰਜੀਤ ਸਿੰਘ ਮਲਪੁਰੀ ਸਕੱਤਰ ਜ਼ਿਲ੍ਹਾ ਮਨਰੇਗਾ ਅਧਿਕਾਰ ਅੰਦੋਲਨ ਤੇ ਉਨਾਂ ਦੇ ਪਰਵਾਰ ਨਾਲ ਮੁਲਾਕਾਤ ਦੌਰਾਨ ਪੱਤਰਕਾਰਾਂ ਨਾਲ ਸਾਂਝੇ ਕੀਤੇ। ਯਾਦ ਰਹੇ ਸਾਥੀ ਸੁਰਜੀਤ ਸਿੰਘ ਮਲਪੁਰੀ ਦਾ ਘਰ ਪਿਛਲੇ ਦਿਨੀ ਭਾਰੀ ਮੀਹ ਨਾਲ ਤਬਾਹ ਹੋ ਗਿਆ ਸੀ। ਸਾਥੀ ਰਾਣਾ ਨੇ ਚਿੰਤਾ ਪ੍ਰਗਟ ਕੀਤੀ ਕਿ ਪੰਜਾਬ ਦੇ ਨੌਂ ਜ਼ਿਲ੍ਹਿਆਂ ਵਿੱਚ ਭਾਰੀ ਹੜਾਂ ਕਾਰਨ ਵੱਡਾ ਜਾਨੀ ਤੇ ਮਾਲੀ ਨੁਕਸਾਨ ਹੋ ਚੁੱਕਾ ਹੈ ਅਤੇ ਲਗਾਤਾਰ ਪੈ ਰਿਹਾ ਮੀਹ ਗੰਭੀਰ ਖਤਰੇ ਵੱਲ ਸੰਕੇਤ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਲਗਾਤਾਰ ਪੈ ਰਹੇ ਭਾਰੀ ਮੀਂਹ ਕਾਰਨ ਕੰਢੀ, ਬੀਤ, ਅਤੇ ਘਾੜ ਖੇਤਰ ਦੀਆਂ ਖੱਡਾਂ ਵਿੱਚ ਭਾਰੀ ਮਾਤਰਾ ਵਿੱਚ ਪਾਣੀ ਕਾਰਨ ਸਤਲੁਜ ਦਰਿਆ ਦੇ ਨਾਲ ਲੱਗਦੇ ਇਲਾਕੇ ਵਿੱਚ ਹੜਾਂ ਦਾ ਖਤਰਾ ਵਧ ਗਿਆ ਹੈ। ਇਸ ਖਿੱਤੇ ਦੀਆਂ ਖੱਡਾਂ ਵਿੱਚ ਆ ਰਹੇ ਭਾਰੀ ਮਾਤਰਾ ਵਿੱਚ ਪਾਣੀ ਨੇ ਮੁੱਖ ਸੜਕਾਂ ਤੇ ਲਿੰਕ ਸੜਕਾਂ ਨੂੰ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਜੇ ਮੀਂਹ ਦੇ ਹਾਲਾਤ ਲਗਾਤਾਰ ਜਾਰੀ ਰਹੇ ਤਾਂ ਭਾਰੀ ਨੁਕਸਾਨ ਹੋਣ ਦਾ ਖਦਸ਼ਾ ਬਣਿਆ ਹੋਇਆ ਹੈ। ਉਹਨਾਂ ਮੰਗ ਕੀਤੀ ਕਿ ਪ੍ਰਸ਼ਾਸਨ ਸੜਕਾਂ, ਪੁਲਾ, ਖਾਲਿਆਂ ਡਰੇਨਾ ਖੱਡਾਂ ਤੇ ਦਰਿਆ ਦੇ ਧੁੱਸੀ ਬੰਨ ਦੀ ਰਿਪੇਅਰ ਜੰਗੀ ਪੱਧਰ ਤੇ ਕੀਤੀ ਜਾਵੇ ਤਾਂ ਕਿ ਲੋਕਾਂ ਦਾ ਘੱਟੋ ਘੱਟ ਨੁਕਸਾਨ ਹੋਵੇ। ਉਹਨਾਂ ਮੰਗ ਕੀਤੀ ਕਿ ਪੰਜਾਬ ਦੇ ਲੋਕਾਂ ਦੇ ਹੋਏ ਭਾਰੀ ਨੁਕਸਾਨ ਦਾ ਸਰਕਾਰ ਤੁਰੰਤ ਐਸਟੀਮੇਟ ਬਣਾ ਕੇ ਲੋਕਾਂ ਨੂੰ ਫੌਰੀ ਰਾਹਤ ਦੇਵੇ। ਇਸ ਮੌਕੇ ਉਹਨਾਂ ਨਾਲ ਬੀਬੀ ਸ਼ਸ਼ੀ ਰਾਣਾ ਸਾਬਕਾ ਸਰਪੰਚ ਟੌਂਸਾ, ਕਸ਼ਮੀਰ ਸਿੰਘ, ਮਨੋਹਰ ਲਾਲ ਅਤੇ ਕੁਲਵਿੰਦਰ ਰਾਣੀ ਐਡਵੋਕੇਟ ਵੀ ਹਾਜ਼ਰ ਸਨ।



# ਡਿਪਟੀ ਕਮਿਸ਼ਨਰ ਵੱਲੋਂ ਤਲਵੰਡੀ ਸੀਬੂ, ਤਾਜੋਵਾਲ ਤੇ ਪੰਦਰਾਵਲ ਵਿਖੇ ਧੁੱਸੀ ਬੰਨ੍ਹ ਦਾ ਦੌਰਾ

**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਸਮੇਤ ਧੁੱਸੀ ਬੰਨ੍ਹ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਣ ਲਈ ਤਲਵੰਡੀ ਸੀਬੂ, ਤਾਜੋਵਾਲ ਅਤੇ ਪੰਦਰਾਵਲ, ਬੁਰਜ ਟਹਿਲ ਦਾਸ ਦਾ ਦੌਰਾ ਕਰਦਿਆਂ ਕਿਹਾ ਕਿ ਸਤਲੁਜ ਦਰਿਆ ਵਿੱਚ ਪਾਣੀ ਦਾ ਪੱਧਰ ਪਹਿਲਾਂ ਨਾਲੋਂ ਵਧਿਆ ਹੈ ਪਰ ਸਥਿਤੀ ਪੂਰੀ ਤਰ੍ਹਾਂ ਕੰਟਰੋਲ ਵਿੱਚ ਹੈ।ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਮੌਕੇ 'ਤੇ ਪਿੰਡਾਂ ਦੇ ਵਸਨੀਕਾਂ ਅਤੇ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਵੇਂ ਪਾਣੀ ਦਾ ਪੱਧਰ ਵਧਿਆ ਹੈ ਪਰ ਮੌਜੂਦਾ ਸਮੇਂ ਘਬਰਾਉਣ ਦੀ ਜ਼ਰੂਰਤ ਨਹੀਂ ਕਿਉਂਕਿ ਪ੍ਰਸ਼ਾਸਨਿਕ ਟੀਮਾਂ ਵੱਖੋ-ਵੱਖ ਥਾਵਾਂ 'ਤੇ ਲਗਾਤਾਰ ਕਾਰਜਸ਼ੀਲ ਹਨ। ਉਨ੍ਹਾਂ ਕਿਹਾ ਕਿ ਤਲਵੰਡੀ ਸੀਬੂ ਵਿਖੇ ਬੰਨ੍ਹ ਦੀ ਮਜ਼ਬੂਤੀ ਕੀਤੀ ਗਈ ਹੈ ਤਾਂ ਜੋ ਹੜ੍ਹ ਦੀ ਸਥਿਤੀ ਨਾਲ ਸੁਚੱਜੇ ਢੰਗ ਨਾਲ ਨਜਿੱਠਿਆ ਜਾ ਸਕੇ। ਇਸੇ ਤਰ੍ਹਾਂ ਪਿੰਡ ਤਾਜੋਵਾਲ ਵਿਖੇ ਸਥਾਨਿਕ ਲੋਕਾਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਪਾਣੀ ਦੇ ਵਧੇ ਪੱਧਰ ਦੇ ਮੱਦੇਨਜ਼ਰ ਲਗਾਤਾਰ ਚੌਕਸ ਰਹਿਣ ਦੇ ਨਿਰਦੇਸ਼ ਦਿੱਤੇ। ਪੰਦਰਾਵਲ ਵਿਖੇ ਬੰਨ੍ਹ ਦੀ ਹੋਰ ਮਜ਼ਬੂਤੀ ਦੇ ਚੱਲ ਰਹੇ ਕਾਰਜਾਂ ਦੀ ਸਮੀਖਿਆ ਕਰਦਿਆਂ ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਪ੍ਰਸ਼ਾਸਨ ਹਰ ਸਮੇਂ ਉਨ੍ਹਾਂ ਦੀ ਮਦਦ ਲਈ ਤਿਆਰ-ਬਰ-ਤਿਆਰ ਹੈ। ਸਤਲੁਜ ਦਰਿਆ 'ਚ ਪਾਣੀ ਦੇ ਵਧੇ ਪੱਧਰ ਬਾਰੇ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਿਛਲੇ ਦਿਨੀਂ ਪਾਣੀ ਦਾ ਪੱਧਰ 40-45 ਹਜ਼ਾਰ ਕਿਊਸਿਕ ਸੀ ਜੋ ਗੁਆਂਢੀ ਸੂਬੇ ਅਤੇ ਇਥੇ ਹੋ ਰਹੀ ਲਗਾਤਾਰ ਭਾਰੀ ਬਰਸਾਤ ਕਾਰਨ 90 ਹਜ਼ਾਰ ਕਿਊਸਿਕ ਤੋਂ ਟੱਪ ਚੁੱਕਾ ਹੈ। ਉਨ੍ਹਾਂ ਕਿਹਾ ਕਿ ਜਿੱਥੇ-ਜਿੱਥੇ ਬੰਨ੍ਹ ਨੂੰ ਮਜ਼ਬੂਤੀ ਦੀ ਜ਼ਰੂਰਤ ਹੈ ਸਬੰਧਤ ਵਿਭਾਗਾਂ ਦੇ ਅਧਿਕਾਰੀ ਲਗਾਤਾਰ ਕੰਮ ਕਰ ਰਹੇ ਹਨ ਅਤੇ ਜੇ.ਸੀ.ਬੀ. ਮਸ਼ੀਨਾਂ ਦੇ ਨਾਲ-ਨਾਲ ਮਿੱਟੀ ਅਤੇ ਰੇਤਾ ਬੋਰਿਆਂ ਨਾਲ ਬੰਨ੍ਹ ਨੂੰ ਹੋਰ ਮਜਬੂਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਥਾਂ 'ਤੇ ਹੜ੍ਹ ਦੀ ਸਥਿਤੀ ਦਾ ਖਦਸ਼ਾ ਜਾਹਰ ਹੁੰਦਾ ਹੈ ਤਾਂ ਉਹ ਤੁਰੰਤ ਪ੍ਰਸ਼ਾਸਨਿਕ ਅਧਿਕਾਰੀਆਂ ਜਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਾਪਿਤ 24ਗ7 ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਦੇ ਨੰਬਰ 01823-220645 'ਤੇ ਸੂਚਨਾ ਦੇਣ। ਜਿਕਰਯੋਗ ਹੈ ਕਿ ਨਵਾਂਸ਼ਹਿਰ ਤਹਿਸੀਲ ਲਈ ਸਥਾਪਿਤ ਕੰਟਰੋਲ ਰੂਮ ਦਾ ਨੰਬਰ 01823-299016, ਬਲਾਚੌਰ ਵਿਖੇ ਸਥਾਪਿਤ ਕੰਟਰੋਲ ਰੂਮ ਦਾ ਨੰਬਰ 01885-220075, ਤਹਿਸੀਲ ਬੰਗਾ ਵਿਖੇ ਸਥਾਪਿਤ ਕੰਟਰੋਲ ਰੂਮ ਦਾ ਨੰਬਰ 01823-264666 'ਤੇ ਜਾਣਕਾਰੀ ਦਿੱਤੀ ਜਾ ਸਕਦੀ ਹੈ। ਇਸੇ ਤਰ੍ਹਾਂ ਹੜ੍ਹਾਂ ਦੀ ਸਥਿਤੀ ਵਿੱਚ ਸਿਹਤ ਵਿਭਾਗ ਨਾਲ ਸਬੰਧਤ ਸੇਵਾਵਾਂ ਲਈ 01823-227471 ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਐੱਨ ਪੀ ਐੱਸ ਪ੍ਰਭਾਵਿਤ ਕਰਮਚਾਰੀ ਅਧਿਆਪਕ ਦਿਵਸ 'ਤੇ ਭੁੱਖ ਹੜਤਾਲ ਕਰਨਗੇ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੁਰਾਣੀ ਪੈਨਸ਼ਨ ਸਕੀਮ ਲਈ ਅੰਦੋਲਨ ਦੇ ਸੱਦੇ 'ਤੇ, 5 ਸਤੰਬਰ ਨੂੰ ਅਧਿਆਪਕ ਦਿਵਸ 'ਤੇ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਅਤੇ ਸੀ ਪੀ ਐਫ ਕਰਮਚਾਰੀ ਯੂਨੀਅਨ ਸਾਂਝੇ ਤੌਰ 'ਤੇ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਲੈ ਕੇ ਜ਼ਿਲ੍ਹਾ ਹੈੱਡਕੁਆਰਟਰ 'ਤੇ ਇੱਕ ਦਿਨ ਦੀ ਭੁੱਖ ਹੜਤਾਲ ਕਰਨਗੇ ਅਤੇ ਮੰਗ ਨੂੰ ਅਣਗੌਲਿਆ ਕੀਤਾ ਗਿਆ ਤਾਂ ਅਸੀਂ 25 ਨਵੰਬਰ ਨੂੰ ਦਿੱਲੀ ਵੱਲ ਮਾਰਚ ਕਰਾਂਗੇ। ਇਸ ਮੌਕੇ ਸੱਜਣ ਕੁਮਾਰ, ਪਰਮਜੀਤ ਸਿੰਘ, ਪਰਮਿੰਦਰ ਸਿੰਘ, ਰਸ਼ਪਾਲ ਸਿੰਘ, ਸਰਬਜੀਤ ਸਿੰਘ, ਇੰਦਰਜੀਤ ਸਿੰਘ, ਯਾਦਵਿੰਦਰ ਸਿੰਘ, ਰਸ਼ਪਾਲ ਸਿੰਘ, ਬਲਵਿੰਦਰ ਸਿੰਘ ਅਤੇ ਹੋਰ ਅਧਿਆਪਕ ਸਾਥੀ ਮੌਜੂਦ ਸਨ।

# ਸਿਕੰਦਰਪੁਰ ਦੇ ਖੇਤਾਂ ਦਾ ਪਾਣੀ ਸੜਕ ਦੇ ਉਪਰ ਦੀ ਵਗਣ ਲੱਗਾ, ਸੜਕ ਨੁਕਸਾਨੀ ਗਈ



**ਅਲਾਵਲਪੁਰ (ਮਦਨ ਬੰਗੜ)**- ਦੋ ਦਿਨਾਂ ਤੋਂ ਪੈ ਰਹੇ ਲਗਾਤਾਰ ਮੀਂਹ ਕਾਰਨ ਪਿੰਡ ਸਿਕੰਦਰਪੁਰ ਦੇ ਦੋ ਛੱਪੜ ਪਾਣੀ ਨਾਲ ਭਰਨ ਤੋਂ ਬਾਅਦ ਓਵਰਫਲੋ ਪਾਣੀ ਸੜਕਾਂ ਅਤੇ ਨੀਵੇਂ ਰਸਤਿਆਂ ਨੂੰ ਆਪਣੇ ਲਪੇਟ ਵਿੱਚ ਲੈ ਚੁੱਕਾ ਹੈ। ਕਈ ਖੇਤਾਂ ਦੇ ਵਿੱਚ ਪਾਣੀ ਭਰਨ ਕਾਰਨ ਖੇਤਾਂ ਦਾ ਪਾਣੀ ਸਿਕੰਦਰਪੁਰ ਧੋਗੜੀ ਸੜਕ ਦੇ ਉੱਪਰ ਦੀ ਵਗਣ ਕਾਰਨ ਸੜਕ ਵੀ ਨੁਕਸਾਨੀ ਗਈ ਹੈ। ਸਿਕੰਦਰਪੁਰ ਧੋਗੜੀ ਸੜਕ ਕੁਝ ਸਮਾਂ ਪਹਿਲਾਂ ਹੀ ਬਣਾਈ ਗਈ ਹੈ। ਲਗਾਤਾਰ ਪਾਣੀ ਵਗਣ ਕਾਰਨ ਕਈ ਕਿਸਾਨਾਂ ਦੇ ਝੋਨੇ ਦੇ ਖੇਤ ਵੀ ਪਾਣੀ ਵਿੱਚ ਡੁੱਬ ਚੁੱਕੇ ਹਨ। ਨਵੀਂ ਸੜਕ ਬਣਾਉਣ ਸਮੇਂ ਸੜਕ ਦੇ ਹੇਠਾਂ ਦੀ ਮੀਹ ਅਤੇ ਹੜ੍ਹਾਂ ਤੇ ਪਾਣੀ ਦੀ ਨਿਕਾਸੀ ਲਈ ਕੋਈ ਪਾਈਪ ਨਹੀਂ ਪਾਏ ਗਏ । ਜਿਸ ਕਾਰਨ ਜ਼ਿਆਦਾ ਪਾਣੀ ਖੇਤਾਂ ਅਤੇ ਪਿੰਡ ਸਿਕੰਦਰਪੁਰ ਦੇ ਆਲੇ ਦੁਆਲੇ ਜਮ੍ਹਾ ਹੋਣਾ ਸ਼ੁਰੂ ਹੋ ਚੁੱਕਾ ਹੈ। ਅਗਰ ਰਾਤ ਸਮੇਂ ਮੀਂਹ ਜ਼ਿਆਦਾ ਪੈ ਜਾਂਦਾ ਹੈ ਤਾਂ ਸਿਕੰਦਰਪੁਰ ਦੇ ਘਰਾਂ 'ਚ ਪਾਣੀ ਭਰ ਸਕਦਾ ਹੈ। ਸੜਕ ਨੂੰ ਹੋਰ ਵੀ ਭਾਰੀ ਨੁਕਸਾਨ ਪੁੱਜੇਗਾ।

# ਹਰਜੀ ਮਾਨ ਨੇ ਪਿੰਡਾਂ ਤੇ ਸ਼ਹਿਰੀ ਖੇਤਰਾਂ 'ਚ ਹੋਏ ਨੁਕਸਾਨ ਦਾ ਲਿਆ ਜਾਇਜ਼ਾ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਪਿਛਲੇ ਕਾਫੀ ਦਿਨਾਂ ਤੋਂ ਫਗਵਾੜਾ ਖੇਤਰ 'ਚ ਹੋ ਰਹੀ ਭਾਰੀ ਬਰਸਾਤ ਦੇ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਫਗਵਾੜਾ ਦੇ ਇੰਚਾਰਜ ਹਰਨੂਰ ਸਿੰਘ (ਹਰਜੀ) ਮਾਨ ਨੇ ਹਲਕੇ ਦੇ ਪਿੰਡਾਂ ਅਤੇ ਕਈ ਸ਼ਹਿਰੀ ਇਲਾਕਿਆਂ ਦਾ ਦੌਰਾ ਕੀਤਾ। ਇਸ ਦੌਰਾਨ ਉਹਨਾਂ ਨੇ ਖਾਸ ਤੌਰ 'ਤੇ ਪਿੰਡ ਬੋਹਾਨੀ, ਰਾਣੀਪੁਰ, ਦੁੱਗਾਂ, ਜਗਪਾਲਪੁਰ ਤੇ ਮਾਧੋਪੁਰ ਪਿੰਡਾਂ 'ਚ ਨੁਕਸਾਨੇ ਗਏ ਮਕਾਨਾਂ ਨੂੰ ਦੇਖਿਆ ਅਤੇ ਪੀੜਤ ਪਰਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਉਹਨਾਂ ਕਿਹਾ ਕਿ ਇਸ ਕੁਦਰਤੀ ਆਫਤ ਦੇ ਨਾਲ ਪ੍ਰਭਾਵਤ ਪਰਵਾਰਾਂ ਨਾਲ ਸਰਕਾਰ ਨੂੰ ਪੂਰੀ ਹਮਦਰਦੀ ਹੈ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖੁਦ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਪਹੁੰਚ ਕੇ ਜਾਇਜ਼ ਾ ਲੈ ਰਹੇ ਹਨ। ਉਹਨਾਂ ਭਰੋਸਾ ਦਿੱਤਾ ਕਿ ਮਕਾਨਾਂ, ਫਸਲਾਂ ਅਤੇ ਡੰਗਰਾਂ ਆਦਿ ਦਾ ਜੋ ਵੀ ਨੁਕਸਾਨ ਹੋਇਆ ਹੈ, ਉਸ ਦੇ ਬਣਦੇ ਮੁਆਵਜੇ ਦਾ ਪ੍ਰਬੰਧ ਕਰਵਾਇਆ ਜਾਵੇਗਾ। ਇਸ ਦੌਰਾਨ ਹਰਜੀ ਮਾਨ ਦੇ ਨਾਲ ਮੌਜੂਦ ਰਹੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਲੁਬਾਣਾ, ਜਸਪ੍ਰੀਤ ਸਿੰਘ ਕੰਗ ਯੂਥ ਇੰਚਾਰਜ ਦੋਆਬਾ ਆਦਿ ਨੇ ਪਿੰਡ ਮਾਧੋਪੁਰ ਤੋਂ ਭੁਲੱਥ ਹਲਕੇ ਦੇ ਹੜ੍ਹ ਪ੍ਰਭਾਵਤ ਖੇਤਰਾਂ 'ਚ ਪਸ਼ੂਆਂ ਦੇ ਲਈ ਚਾਰੇ ਦੀ ਟਰਾਲੀ ਨੂੰ ਵੀ ਰਵਾਨਾ ਕੀਤਾ। ਇਸ ਮੌਕੇ ਨਰਿੰਦਰ ਸਿੰਘ ਸਰਪੰਚ ਮਾਧੋਪੁਰ, ਰਣਜੀਤ ਕਲੇਰ ਸਰਪੰਚ ਨੰਗਲ ਮੱਝਾ, ਰਣਜੀਤ ਸਿੰਘ ਫਤਿਹ ਜ਼ਿਲ੍ਹਾ ਯੂਥ ਪ੍ਰਧਾਨ, ਨਾਮਦੀਪ ਸਿੰਘ, ਹਰਿੰਦਰ ਸਿੰਘ, ਰਾਜਦੀਪ ਸਿੰਘ, ਟਿੰਮੀ ਰਾਣੀਪੁਰ, ਭੁਪਿੰਦਰ ਸਿੰਘ ਸਰਪੰਚ ਬੋਹਾਨੀ, ਬਲਵਿੰਦਰ ਸਿੰਘ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।



# ਬਾਰਿਸ਼ ਨਾਲ ਮਕਾਨ ਡਿੱਗਣ 'ਤੇ ਤੁਰੰਤ ਪਹੁੰਚਾਈ ਗਈ ਰਾਹਤ ਸਮੱਗਰੀ

**ਕਪੂਰਥਲਾ (ਪ੍ਰੀਤ ਸੰਗੋਜਲਾ , ਮਨਜੀਤ ਮਾਨ)**- ਸਹਾਇਕ ਕਮਿਸ਼ਨਰ ਵਿਸ਼ਾਲ ਵਟਸ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਭਾਰੀ ਬਰਸਾਤ ਤੋਂ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਰਾਹਤ ਸਮਗਰੀ ਪਹੁੰਚਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪਰਮਜੀਤ ਕੌਰ ਪਤਨੀ ਜੱਸਾ ਸਿੰਘ ਪਿੰਡ ਨਵਾਂ ਪਿੰਡ ਭੱਠੇ ਦਾ ਬਰਸਾਤ ਕਰਕੇ ਮਕਾਨ ਡਿੱਗਣ ਦੀ ਸੂਚਨਾ ਮਿਲੀ ਸੀ। ਡਿਪਟੀ ਕਮਿਸ਼ਨਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਤੁਰੰਤ ਪੀੜਤ ਪਰਿਵਾਰ ਤੱਕ ਰਾਹਤ ਸਮੱਗਰੀ ਪਹੁੰਚਾਈ ਗਈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਭਾਰੀ ਬਾਰਿਸ਼ ਕਰਕੇ ਔਖੀ ਘੜੀ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਪ੍ਰਸ਼ਾਸਨ ਵੱਲੋਂ ਹਰ ਸੰਭਵ ਮਦਦ ਸਮੇਂ ਸਿਰ ਮੁਹੱਈਆ ਕਰਵਾਈ ਜਾ ਰਹੀ ਹੈ।

# ਖ਼ੂਨਦਾਨ ਕੈਂਪ 'ਚ 124 ਯੂਨਿਟ ਖ਼ੂਨ ਇਕੱਤਰ ਕੀਤਾ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਸੰਤ ਨਿਰੰਕਾਰੀ ਮਿਸ਼ਨ ਵੱਲੋਂ ਸੰਤ ਨਿਰੰਕਾਰੀ ਸਤਿਸੰਗ ਭਵਨ ਰਿਹਾਣਾਂ ਜੱਟਾਂ ਜੋਨ ਕਪੂਰਥਲਾ ਵਿਖੇ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਜਿੱਥੇ ਮਿਸ਼ਨ ਦੇ ਸ਼ਰਧਾਲੂਆਂ ਦੇ ਨਾਲ-ਨਾਲ ਸ਼ਹਿਰ ਵਾਸੀਆਂ ਨੇ ਵੀ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਸਾਰਿਆਂ ਨੇ ਪੂਰੇ ਉਤਸ਼ਾਹ ਐਅਤੇ ਸਮਰਪਣ ਭਾਵਨਾ ਨਾਲ ਸਵੈ-ਇੱਛਾ ਨਾਲ 124 ਯੂਨਿਟ ਖ਼ੂਨਦਾਨ ਕਰਕੇ ਮਨੁੱਖੀ ਭਲਾਈ ਵਿੱਚ ਯੋਗਦਾਨ ਪਾਇਆ।ਇਸ ਖ਼ੂਨਦਾਨ ਕੈਂਪ ਦਾ ਉਦਘਾਟਨ ਸੰਤ ਨਿਰੰਕਾਰੀ ਮਿਸ਼ਨ ਲੁਧਿਆਣਾ ਤੋਂ ਆਏ ਸਤਿਕਾਰਯੋਗ ਐਚ ਐਸ ਚਾਵਲਾ ਤੇ ਜ਼ੋਨਲ ਇੰਚਾਰਜ ਪਠਾਨਕੋਟ ਸ੍ਰੀ ਐਮ ਐਲ ਸ਼ਰਮਾ ਨੇ ਕੀਤਾ। ਉਹਨਾਂ ਦੱਸਿਆ ਕਿ ਬਾਬਾ ਹਰਦੇਵ ਸਿੰਘ ਨੇ ਖ਼ੂਨਦਾਨ ਨੂੰ ਮਿਸ਼ਨ ਦੀ ਅਧਿਆਤਮਿਕ ਸੇਵਾ ਦਾ ਇੱਕ ਅਨਿੱਖੜਵਾਂ ਅੰਗ ਬਣਾਇਆ, 'ਖ਼ੂਨ ਨਾੜੀਆਂ ਵਿੱਚ ਵਹਿਣਾ ਚਾਹੀਦਾ ਹੈ, ਨਾਲੀਆਂ ਵਿੱਚ ਨਹੀਂ' ਦਾ ਅਮਰ ਸੰਦੇਸ਼ ਦਿੱਤਾ। ਇਹ ਸੰਦੇਸ਼ ਹਰ ਨਿਰੰਕਾਰੀ ਸ਼ਰਧਾਲੂ ਦੇ ਦਿਲ ਵਿੱਚ ਸੇਵਾ ਅਤੇ ਸਮਰਪਣ ਦੀ ਇੱਕ ਪ੍ਰੇਰਨਾਦਾਇਕ ਲਾਈਨ ਦੇ ਰੂਪ ਵਿੱਚ ਜ਼ਿੰਦਾ ਹੈ। ਇਸ ਖ਼ੂਨਦਾਨ ਕੈਂਪ ਵਿੱਚ ਸਿਵਲ ਹਸਪਤਾਲ ਕਪੂਰਥਲਾ ਦੀ ਮਾਹਿਰ ਟੀਮ ਨੇ 124 ਯੂਨਿਟ ਖ਼ੂਨ ਇਕੱਠਾ ਕੀਤਾ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਮਿਸ਼ਨ ਵੱਲੋਂ ਇਸ ਕੈਂਪ ਵਿੱਚ ਸਾਫ਼-ਸਫ਼ਾਈ ਵੱਲ ਦਿੱਤੇ ਗਏ ਵਿਸ਼ੇਸ਼ ਧਿਆਨ ਅਤੇ ਖ਼ੂਨਦਾਨੀਆਂ ਲਈ ਸ਼ਾਨਦਾਰ ਰਿਫਰੈਸ਼ਮੈਂਟ ਪ੍ਰਬੰਧਾਂ ਨੇ ਇਸ ਸੇਵਾ ਨੂੰ ਹੋਰ ਵੀ ਵਿਵਸਥਿਤ ਅਤੇ ਸਨਮਾਨਜਨਕ ਬਣਾਇਆ। ਅੰਤ ਵਿੱਚ ਰਿਹਾਣਾਂ ਜੱਟਾਂ ਬ੍ਰਾਂਚ ਦੇ ਮੁਖੀ ਨਰਿੰਦਰ ਪਾਲ ਸਿੰਘ ਅਤੇ ਖੇਤਰੀ ਸੰਚਾਲਕ ਕਪੂਰਥਲਾ ਸੁਦਰਸ਼ਨ ਕੁਮਾਰ ਨੇ ਸਾਰੇ ਹੀ ਮਹਿਮਾਨਾਂ ਖ਼ੂਨਦਾਨੀਆਂ, ਸੇਵਾਦਾਰਾਂ ਤੇ ਸਮੂਹ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।



3-SEP-PAGE-10.qxd 9/2/2025 9:43 PM Page 1



## 'ਜਾਗਦੇ ਰਹੋ' ਕਲੱਬ ਨੇ ਲਾਇਆ ਖ਼ੂਨਦਾਨ ਕੈਂਪ



ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)-ਜਾਗਦੇ ਰਹੋ ਯੂਥ ਕਲੱਬ ਪਿੰਡ ਬਿਸ਼ਨਗੜ੍ਹ ਸੰਬੰਧਿਤ ਨਹਿਰੂ ਯੁਵਾ ਕੇਂਦਰ ਪਟਿਆਲਾ ਨੇ ਖੰਨਾ ਹਸਪਤਾਲ ਦੇਵੀਗੜ੍ਹ ਵਿਖੇ ਖ਼ੂਨਦਾਨ ਕੈਂਪ ਲਾਇਆ।ਖ਼ੂਨਦਾਨ ਕੈਂਪ ਦਾ ਰਸਮੀ ਉਦਘਾਟਨ ਸੀਨੀਅਰ ਪੱਤਰਕਾਰ ਮੁਖਤਿਆਰ ਸਿੰਘ ਨੌਗਾਵਾਂ ਨੇ 10ਵੀਂ ਵਾਰ ਖ਼ੂਨਦਾਨ ਕਰਕੇ ਕੀਤਾ।ਕੈਂਪ 'ਚ ਸਰਪੰਚ ਜਸਵੀਰ ਸ਼ਰਮਾ ਕਿਸ਼ਨਪੁਰ, ਤਰਸੇਮ ਸਿੰਘ, ਗੁਰਜੀਤ ਸਿੰਘ, ਰਜਿੰਦਰ ਸਿੰਘ, ਫੌਜੀ ਗੁਰਦੀਪ ਗਿਰ ਸਵਾਈ ਸਿੰਘ ਵਾਲਾ, ਸੈਂਟੀ ਦੇਵੀਗੜ੍ਹ ਤੇ ਗੋਪਾਲ ਗਿਰ ਸਮੇਤ 17 ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ।ਇਸ ਮੌਕੇ ਡਾ. ਯਸ਼ਪਾਲ ਖੰਨਾ ਤੇ ਸੀਨੀਅਰ ਪੱਤਰਕਾਰ ਮੁਖਤਿਆਰ ਸਿੰਘ ਨੌਗਾਵਾਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਹਰ ਇੱਕ ਤੰਦਰੁਸਤ ਇਨਸਾਨ ਨੂੰ ਖ਼ੂਨਦਾਨ ਕਰਨਾ ਚਾਹੀਦਾ ਹੈ।ਖ਼ੂਨਦਾਨ ਮਹਾਂਦਾਨ ਹੈ, ਕੋਈ ਵੀ ਖ਼ੂਨਦਾਨੀ ਹਰ ਤਿੰਨ ਮਹੀਨੇ ਬਾਅਦ ਖ਼ੂਨਦਾਨ ਕਰ ਸਕਦਾ ਹੈ।ਇਸ ਸਮੇਂ ਬਲੱਡ ਬੈਂਕਾਂ ਵਿੱਚ ਖ਼ੂਨ ਦੀ ਭਾਰੀ ਘਾਟ ਚੱਲ ਰਹੀ ਹੈ, ਜਿਸ ਕਰਕੇ ਲੋੜਵੰਦ ਮਰੀਜ਼ਾਂ ਨੂੰ ਖ਼ੂਨ ਲੈਣ ਸਮੇਂ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਕਲੱਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ ਵੱਲੋਂ ਸਮੂਹ ਖ਼ੂਨਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਜਾਗਦੇ ਰਹੋ ਨੇ ਦੱਸਿਆ ਕਿ 13 ਸਤੰਬਰ ਨੂੰ ਕਾਰਗਿਲ ਦੇ ਅਮਰ ਸ਼ਹੀਦ ਨਾਇਕ ਮਲਕੀਤ ਸਿੰਘ ਹਡਾਣਾ ਦੀ 25ਵੀਂ ਸਲਾਨਾ ਬਰਸੀ ਪਿੰਡ ਹਡਾਣਾ ਪਟਿਆਲਾ ਵਿਖੇ ਵੱਡੇ ਪੱਧਰ 'ਤੇ ਮਨਾਈ ਜਾ ਰਹੀ ਹੈ।

## ਡਰੇਨ ਦੀ ਸਫਾਈ ਨਾ ਹੋਣ ਨੂੰ ਲੈ ਕੇ ਜਥੇਬੰਦੀਆਂ ਵੱਲੋਂ ਤਹਿਸੀਲਦਾਰ ਦਾ ਘਿਰਾਓ



ਲੌਂਗੋਵਾਲ (ਪ੍ਰਦੀਪ ਸੱਪਲ)-ਕਸਬਾ ਲੌਂਗੋਵਾਲ ਕੋਲੋਂ ਲੰਘਦੇ ਬਹਾਦਰ ਸਿੰਘ ਵਾਲਾ ਡਰੇਨ ਵਿੱਚ ਡਿੱਗੇ ਸੁੱਕੇ ਦਰੱਖਤ ਤੇ ਲੱਗੀਆਂ ਡਾਫਾਂ ਨੂੰ ਹਟਾਉਣ ਲਈ ਪਿਛਲੇ ਤਿੰਨ ਦਿਨਾਂ ਤੋਂ ਕਿਸਾਨ ਜਥੇਬੰਦੀਆਂ ਦੇ ਆਗੂ ਡ੍ਰੇਨੇਜ ਵਿਭਾਗ ਤੇ ਹੋਰ ਅਧਿਕਾਰੀਆਂ ਕੋਲ ਗੇੜੇ ਮਾਰ ਰਹੇ ਸਨ, ਪਰ ਕੋਈ ਸੁਣਵਾਈ ਨਹੀਂ ਹੋਈ, ਜਿਸ ਤੋਂ ਅੱਕ ਕੇ ਤਹਿਸੀਲਦਾਰ ਲੌਂਗੋਵਾਲ ਦਾ ਘਿਰਾਓ ਕੀਤਾ ਗਿਆ।ਇਸ ਘਿਰਾਓ ਵਿੱਚ ਕਿਰਤੀ ਕਿਸਾਨ ਯੂਨੀਅਨ, ਭਾਕਿਯੂ ਡਕੌਂਦਾ, ਭਾਕਿਯੂ ਏਕਤਾ ਆਜ਼ਾਦ ਤੇ ਉਗਰਾਹਾਂ ਜਥੇਬੰਦੀ ਦੇ ਆਗੂ ਤੇ ਵਰਕਰ ਸ਼ਾਮਲ ਹਨ।ਆਗੂਆਂ ਨੇ ਕਿਹਾ ਕਿ ਜੇਕਰ ਇਸ ਡਰੇਨ ਦੀ ਸਫਾਈ ਨਾ ਹੋਈ ਤਾਂ ਪਿੱਛੋਂ ਜੇ ਪਾਣੀ ਜ਼ਿਆਦਾ ਆ ਗਿਆ ਤਾਂ ਟੁੱਟਣ ਦਾ ਖਤਰਾ ਹੈ।ਪਹਿਲਾਂ ਬੜੀ ਮੁਸ਼ਕਲ ਨਾਲ ਲੋਕਾਂ ਨੇ ਆਪ ਹਿੰਮਤ ਕਰਕੇ ਡਰੇਨ ਟੁੱਟਣ ਤੋਂ ਬਚਾਈ ਸੀ।ਵਿਭਾਗ ਤੇ ਸਰਕਾਰ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਪ੍ਰਧਾਨ ਕਰਮਜੀਤ ਸਿੰਘ ਸਤੀਪੁਰਾ, ਭਾਕਿਯੂ ਅਜ਼ਾਦ ਦੇ ਇਕਾਈ ਪ੍ਰਧਾਨ ਬਲਜਿੰਦਰ ਸਿੰਘ ਤੇ ਡਕੌਂਦਾ ਦੇ ਆਗੂ ਭੋਲਾ ਸਿੰਘ ਸਮੇਤ ਵੱਡੀ ਗਿਣਤੀ 'ਚ ਕਿਸਾਨ ਹਾਜ਼ਰ ਸਨ।

## ਭਾਈ ਬਹਿਲੋ ਤੇ ਭਾਈ ਭਗਤਾ ਦੀ ਯਾਦ 'ਚ ਕੈਨੇਡਾ ਵਿਖੇ ਅਖੰਡ ਪਾਠ



ਬਠਿੰਡਾ (ਰਾਜੀਵ ਗੋਇਲ)-ਪੰਜਾਬੀ ਭਾਵੇਂ ਹੀ ਕਿਤੇ ਵੀ ਵਸਣ ਪਰ ਆਪਣੇ ਦੇਸ਼ ਅਤੇ ਆਪਣੇ ਪਿੰਡ ਦੀ ਮਿੱਟੀ ਦੀ ਖੁਸ਼ਬੋ ਨੂੰ ਹਮੇਸ਼ਾ ਯਾਦ ਰੱਖਦੇ ਹਨ ਤੇ ਆਪਣੇ ਗੁਰੂਆਂ ਦਾ ਸਤਿਕਾਰ ਕਰਦੇ ਹਨ। ਇਸ ਹੀ ਲੜੀ ਤਹਿਤ ਭਗਤਾ ਭਾਈ ਕਾ ਨਗਰ ਨਾਲ ਸੰਬੰਧਤ ਕੈਨੇਡਾ ਦੀ ਧਰਤੀ 'ਤੇ ਵਸਣ ਵਾਲੇ ਲੋਕਾਂ ਵੱਲੋਂ ਆਪਸ ਵਿੱਚ ਇਕੱਠੇ ਹੋ ਕੇ ਭਾਈ ਭਗਤਾ ਜੀ ਤੇ ਬਾਬਾ ਭਾਈ ਬਹਿਲੋ ਜੀ ਦੀ ਯਾਦ ਵਿੱਚ ਗੁਰੂਦੁਆਰਾ ਸਾਹਿਬ ਵਿਖੇ ਸ਼੍ਰੀ ਆਖੰਡ ਪਾਠ ਸਾਹਿਬ ਕਰਵਾਇਆ ਗਿਆ। ਇਸ ਮੌਕੇ ਇਕੱਤਰ ਹੋਏ ਨੌਜਵਾਨਾਂ ਵੱਲੋਂ ਸੂਬੇ ਅੰਦਰ ਹੜ੍ਹਾਂ ਦੀ ਸਥਿਤੀ ਨੂੰ ਲੈ ਕੇ ਕੁਦਰਤੀ ਕਾਰੋਪੀ ਦਾ ਸ਼ਿਕਾਰ ਹੋਏ ਲੋਕਾਂ ਲਈ ਅਰਦਾਸ ਬੇਨਤੀ ਕੀਤੀ ਗਈ ਹੈ ਤੇ ਪ੍ਰਮਾਤਮਾ ਪਾਸੋਂ ਇਸ ਔਖੀ ਘੜੀ ਨੂੰ ਨਜਿੱਠਣ ਲਈ ਹਿੰਮਤ ਦਾ ਬਲ ਬਖ਼ਸ਼ੇ ਜਾਣ ਦੀ ਅਰਦਾਸ ਵੀ ਕੀਤੀ ਗਈ ਹੈ। ਇਸ ਮੌਕੇ ਵਿਜੈ ਕੁਮਾਰ ਪੱਪੂ, ਗੁਰਬਿੰਦਰ ਸਿੱਧੂ ਸਮੇਤ ਭਗਤਾ ਭਾਈਕਾ ਦੇ ਨੌਜਵਾਨ ਤੇ ਬਜ਼ੁਰਗ ਸ਼ਾਮਲ ਸਨ।

## ਸਮਾਜ ਸੇਵੀ ਸੰਸਥਾਵਾਂ ਹੜ੍ਹ ਪੀੜਤਾਂ ਲਈ ਅੱਗੇ ਆਉਣ : ਢੋਸੀਵਾਲ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਪੰਜਾਬ ਅੰਦਰ ਅੱਜਕੱਲ੍ਹ ਕੁਦਰਤੀ ਕਰੋਪੀ ਹੜ੍ਹਾਂ ਨੇ ਭਾਰੀ ਨੁਕਸਾਨ ਪਹੁੰਚਾਇਆ ਹੋਇਆ ਹੈ।ਲੱਖਾਂ ਲੋਕ ਪ੍ਰਭਾਵਤ ਹੋਏ ਹਨ।ਮਨੁੱਖੀ ਜਾਨਾਂ, ਪਸ਼ੂ ਧਨ, ਫਸਲਾਂ, ਜ਼ਮੀਨਾਂ, ਜਾਇਦਾਦਾਂ ਇਸ ਆਫਤ ਦੀ ਭੇਟ ਚੜ੍ਹ ਚੁੱਕੀਆਂ ਹਨ।ਸਰਕਾਰ, ਰਾਜਨੀਤਕ ਦਲ ਤੇ ਹੋਰ ਦਾਨੀ ਸੱਜਣਾਂ ਵੱਲੋਂ ਹਰ ਤਰ੍ਹਾਂ ਦੀਆਂ ਕੋਸ਼ਿਸ਼ਾਂ ਕਰਕੇ ਹੜ੍ਹ ਪੀੜਤ ਲੋਕਾਂ ਨੂੰ ਲੋੜੀਂਦਾ ਰਾਸ਼ਨ, ਦਵਾਈਆਂ ਤੇ ਚਾਰਾ ਆਦਿ ਪਹੁੰਚਾਇਆ ਜਾ ਰਿਹਾ ਹੈ।ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਵਰਕਿੰਗ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਸ਼ਹਿਰ ਦੀਆਂ ਸਾਰੀਆਂ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾਵਾਂ ਨੂੰ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਅੱਗੇ ਆਉਣ ਦੀ ਅਪੀਲ ਕੀਤੀ ਹੈ।ਪ੍ਰਸ਼ਾਸਨ ਤੇ ਸਰਕਾਰ ਨਾਲ ਹਰ ਤਰ੍ਹਾਂ ਦਾ ਸਹਿਯੋਗ ਕਰਨ ਦੀ ਬੇਨਤੀ ਕੀਤੀ ਹੈ।ਉਨ੍ਹਾਂ ਕਿਹਾ ਕਿ ਸ਼ਹਿਰ ਦੀਆਂ ਸਾਰੀਆਂ ਹੀ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾਵਾਂ ਸਮਾਜ ਸੇਵਾ ਦੇ ਕਾਰਜ ਵਿੱਚ ਆਪਣੇ ਆਪਣੇ ਢੰਗ ਨਾਲ ਵਧੀਆ ਯੋਗਦਾਨ ਪਾ ਰਹੀਆਂ ਹਨ।ਇਸੇ ਤਰ੍ਹਾਂ ਇਹਨਾਂ ਸੰਸਥਾਵਾਂ ਨੂੰ ਕੁਦਰਤੀ ਕਰੋਪੀ ਹੜ੍ਹਾਂ ਦੀ ਆਫਤ ਤੋਂ ਪ੍ਰਭਾਵਤ ਲੋਕਾਂ ਦੀ ਵੱਧ ਚੜ੍ਹ ਕੇ ਮੱਦਦ ਕਰਨੀ ਚਾਹੀਦੀ ਹੈ।ਪ੍ਰਧਾਨ ਢੋਸੀਵਾਲ ਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਲੋਕਾਂ ਦੇ ਸਹਿਯੋਗ ਨਾਲ ਆਰਥਿਕ ਸਹਾਇਤਾ ਇਕੱਤਰ ਕੀਤੀ ਗਈ ਹੈ, ਜੋ ਆਉਂਦੀ 08 ਸਤੰਬਰ ਸੋਮਵਾਰ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੂੰ ਸੌਂਪੀ ਜਾਵੇਗੀ।ਢੋਸੀਵਾਲ ਨੇ ਆਰਥਿਕ ਸਹਾਇਤਾ ਮੋਬਾਇਲ ਨੰਬਰ 99144-23732 ਉਪਰ ਗੂਗਲ ਪੇ ਰਾਹੀਂ ਜਾਂ ਖਾਤਾ ਨੰਬਰ 11389675094, ਸਟੇਟ ਬੈਂਕ ਆਫ ਇੰਡੀਆ ਮਲੋਟ ਰੋਡ ਮੁਕਤਸਰ, ਆਈ.ਐਫ.ਐਸ.ਸੀ. ਕੋਡ ਐਸ.ਬੀ.ਆਈ.ਐਨ.0000683 ਉਪਰ ਸਿੱਧੀ ਜਮ੍ਹਾਂ ਕਰਵਾਉਣ ਦੀ ਅਪੀਲ ਕੀਤੀ ਹੈ।

## ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਸਮਾਗਮ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦਿਆਂ ਸਥਾਨਕ ਗੁਰਦੁਆਰਾ ਸ੍ਰੀ ਅਕਾਲਗੜ੍ਹ ਸਾਹਿਬ ਫੂਲ ਟਾਊਨ ਵਿਖੇ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਾਰੇ ਨਗਰ ਦੇ ਸਹਿਯੋਗ ਨਾਲ 'ਧੁਰ ਕੀ ਬਾਣੀ' ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਜਾਣਕਾਰੀ ਦਿੰਦਿਆਂ ਕਮੇਟੀ ਪ੍ਰਧਾਨ ਸੁਖਰਾਮ ਸਿੰਘ ਜਟਾਣਾ, ਗ੍ਰੰਥੀ ਭਾਈ ਜਗਸੀਰ ਸਿੰਘ ਖੁੱਡੀਆਂ ਤੇ ਸੈਕਟਰੀ ਮਨਜੀਤ ਸਿੰਘ ਨੇ ਦੱਸਿਆ ਕਿ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਕਥਾ ਵਾਚਕ ਗਿਆਨੀ ਨਿਰਭੈ ਸਿੰਘ ਖਾਲਸਾ ਜਿਉਂਦ ਵਾਲਿਆਂ ਨੇ ਸੰਗਤਾਂ ਨੂੰ ਗੁਰੂ ਇਤਿਹਾਸ ਤੋਂ ਜਾਣੂ ਕਰਵਾਇਆ ਤੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਲਈ ਵੀ ਸੰਗਤਾਂ ਨੂੰ ਪ੍ਰੇਰਿਤ ਕੀਤਾ।ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੇ ਸੇਵਾਦਾਰਾਂ ਤੇ ਬੀਬੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਸਮਾਗਮ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਆਦੇਸ਼ ਹਸਪਤਾਲ ਭੁੱਚੋ ਦੇ ਡਾਕਟਰਾਂ ਦੀ ਟੀਮ ਵੱਲੋਂ ਫਰੀ ਚੈੱਕਅਪ ਕਰਕੇ ਦਵਾਈਆਂ ਮੁਫਤ ਦਿੱਤੀਆਂ ਗਈਆਂ।ਇਸ ਮੌਕੇ ਗੁਰਦਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਡਾਕਟਰ ਸਹਿਬਾਨਾਂ ਤੇ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ ਗਿਆ।

## ਸਿਹਤ ਵਿਭਾਗ ਵੱਲੋਂ ਹੜ੍ਹ ਪੀੜਤਾਂ ਲਈ ਐਡਵਾਈਜਰੀ ਜਾਰੀ



ਮੂਨਕ (ਰਾਜਪਾਲ ਸਿੰਗਲਾ)-ਸਿਹਤ ਵਿਭਾਗ ਵੱਲੋਂ ਮੀਂਹ ਦੇ ਮੌਸਮ ਅਤੇ ਹੜ੍ਹਾਂ ਦੇ ਬਣੇ ਖ਼ਦਸ਼ੇ ਦੌਰਾਨ ਲੋਕਾਂ ਦੀ ਸਿਹਤ ਸੰਭਾਲ਼ ਲਈ ਐਡਵਾਇਜ਼ਰੀ ਜਾਰੀ ਕੀਤੀ ਗਈ ਹੈ।ਵਾਟਰ ਬੋਰਨ ਤੇ ਵੈਕਟਰ ਬੋਰਨ ਬਿਮਾਰੀਆਂ ਤੋਂ ਬਚਣ ਤੇ ਆਪਣੀ ਸਿਹਤ ਦਾ ਖਿਆਲ ਰੱਖਣ ਲਈ ਲੋਕਾਂ ਨੂੰ ਸਲਾਹ ਦਿੱਤੀ ਗਈ ਹੈ ਤਾਂ ਜੁ ਜੇਕਰ ਹੜ੍ਹ ਆਉਂਦੇ ਹਨ ਤਾਂ ਇਸਦੇ ਮਾੜੇ ਪ੍ਰਭਾਵਾਂ ਤੋਂ ਸਿਹਤ ਨੂੰ ਬਚਾਇਆ ਜਾ ਸਕੇ।ਡਾ. ਮਨਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਪੀ.ਐੱਚ.ਸੀ. ਮੂਨਕ ਨੇ ਕਿਹਾ ਕਿ ਹੜ੍ਹਾਂ ਤੇ ਬਰਸਾਤੀ ਪਾਣੀ ਦੇ ਸਿੱਧੇ ਸੰਪਰਕ ਵਿੱਚ ਆਉਣ ਤੋਂ ਬਚਿਆ ਜਾਵੇ, ਜੇਕਰ ਫਿਰ ਵੀ ਪਾਣੀ ਵਿੱਚ ਵੜਨਾ ਪਵੇ ਤਾਂ ਗਮਬੂਟ ਪਾਏ ਜਾਣ, ਖਾਣਾ ਖਾਣ ਤੋਂ ਪਹਿਲਾਂ ਹੱਥ ਚੰਗੀ ਤਰ੍ਹਾਂ ਸਾਬਣ ਪਾਣੀ ਨਾਲ ਧੋਤੇ ਜਾਣ, ਖਾਣ-ਪੀਣ ਵਾਲੀਆਂ ਵਸਤੂਆਂ ਨੂੰ ਢੱਕ ਕੇ ਰੱਖਿਆ ਜਾਵੇ , ਖਾਣਾ ਬਣਾਉਣ, ਸਟੋਰ ਕਰਨ ਅਤੇ ਉਸ ਦੀ ਸਾਂਭ-ਸੰਭਾਲ ਸਹੀ ਤਰੀਕੇ ਨਾਲ ਕੀਤੀ ਜਾਵੇ।ਉਨ੍ਹਾਂ ਦੱਸਿਆ ਕਿ ਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਣ ਲਈ ਪਾਣੀ ਉਬਾਲ ਕੇ ਜਾਂ ਕਲੋਰੀਨੇਟ ਕਰਕੇ ਹੀ ਪੀਤਾ ਜਾਵੇ, ਫ਼ਲ/ਸਬਜ਼ੀਆਂ ਨੂੰ ਚੰਗੀ ਤਰ੍ਹਾਂ ਸਾਫ਼-ਸੁਥਰੇ ਪਾਣੀ ਵਿੱਚ ਧੋ ਕੇ ਹੀ ਵਰਤੋਂ ਵਿੱਚ ਲਿਆਂਦਾ ਜਾਵੇ, ਪਰ ਹੜ੍ਹਾਂ ਦੇ ਪਾਣੀ ਤੋਂ ਪ੍ਰਭਾਵਤ ਫ਼ਲ/ਸਬਜ਼ੀਆਂ ਦੀ ਵਰਤੋਂ ਨਾ ਕੀਤੀ ਜਾਵੇ। ਡਾ. ਮਨਜੀਤ ਕੌਰ ਨੇ ਦੱਸਿਆ ਕਿ ਬਰਸਾਤ ਦੇ ਮੌਸਮ 'ਚ ਮੀਂਹ ਦਾ ਪਾਣੀ ਗਲੀਆਂ ਨਾਲੀਆਂ ਵਿੱਚ ਇਕੱਠਾ ਹੋਣ ਕਾਰਨ ਅਤੇ ਘਰਾਂ, ਦੁਕਾਨਾਂ, ਹੋਰ ਥਾਵਾਂ 'ਤੇ ਗਮਲੇ, ਕੂਲਰ, ਟਾਇਰ, ਘੜੇ, ਫਰਿਜ ਦੀ ਬੈਕ ਟਰੇਅ ਆਦਿ ਵਿੱਚ ਜ਼ਿਆਦਾ ਦਿਨ ਖੜ ਜਾਣ ਕਾਰਨ ਮੱਛਰ ਪੈਦਾ ਹੋ ਜਾਂਦੇ ਹਨ, ਜਿਸ ਕਾਰਨ ਡੇਂਗੂ, ਮਲੇਰੀਆ ਆਦਿ ਵੈਕਟਰ ਬੌਰਨ ਬਿਮਾਰੀਆਂ ਫੈਲਦੀਆਂ ਹਨ।

# ਸੀਵਰੇਜ ਸਮੱਸਿਆ ਨੂੰ ਲੈ ਕੇ ਪ੍ਰੀਤ ਨਗਰ ਵਾਸੀਆਂ ਵੱਲੋਂ ਵਰਦੇ ਮੀਂਹ 'ਚ ਰੋਸ ਧਰਨਾ

## ਅਧਿਕਾਰੀਆਂ ਦੇ ਭਰੋਸੇ ਉਪਰੰਤ ਧਰਨਾ ਮੁਲਤਵੀ, ਸੌਂਪਿਆ ਮੰਗ ਪੱਤਰ



ਮਾਨਸਾ (ਆਤਮਾ ਸਿੰਘ ਪਮਾਰ)

ਸੀਵਰੇਜ ਤੇ ਬਾਰਸ਼ ਦੇ ਪਾਣੀ ਦੀ ਨਿਕਾਸੀ ਨੂੰ ਲੈ ਕੇ ਮਾਨਸਾ ਸ਼ਹਿਰ ਦੇ ਵਾਰਡ ਨੰਬਰ 2, 3 ਤੇ 4 ਨਿਵਾਸੀਆਂ ਵੱਲੋਂ ਵਰ੍ਹਦੇ ਮੀਂਹ 'ਚ ਲਿੰਕ ਰੋਡ (ਤਿਕੋਣੀ) 'ਤੇ ਸੀਵਰੇਜ ਤੇ ਬਾਰਸ਼ ਦੇ ਪਾਣੀ ਦੀ ਢੁਕਵੀਂ ਨਿਕਾਸੀ ਨੂੰ ਲੈ ਕੇ ਰੋਸ ਧਰਨਾ ਦਿੱਤਾ ਗਿਆ।ਇਸ ਸਮੇਂ ਵੱਡੀ ਗਿਣਤੀ ਮਰਦ, ਔਰਤਾਂ ਤੋਂ ਇਲਾਵਾ ਵੱਖ ਵੱਖ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਤੇ ਵਰਕਰਾਂ ਨੇ ਵੀ ਧਰਨੇ 'ਚ ਸ਼ਮੂਲੀਅਤ ਕੀਤੀ।ਧਰਨਾਕਾਰੀਆਂ ਵੱਲੋਂ ਰੋਸ ਵਜੋਂ ਪੈਟਰੋਲ ਪੰਪ ਵਾਲੇ ਚੌਕ ਦੀ ਆਵਾਜਾਈ ਪੂਰੀ ਤਰ੍ਹਾਂ ਠੱਪ ਕਰ ਦਿੱਤੀ, ਜਿਸ ਨਾਲ ਰਾਹਗੀਰਾਂ ਨੂੰ ਭਾਰੀ ਔਕੜਾਂ ਦਾ ਸਾਹਮਣਾ ਕਰਨਾ ਪਿਆ।ਇਸ ਸਮੇਂ ਧਰਨਾਕਾਰੀਆਂ ਨੇ ਪੰਜਾਬ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਤੇ ਨਗਰ ਕੌਂਸਲ ਮਾਨਸਾ ਦੇ ਨਾਕਸ ਪ੍ਰਬੰਧਾਂ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆ ਰੱਜ ਕੇ ਭੜਾਸ ਕੱਢੀ।ਧਰਨਾਕਾਰੀਆਂ ਦਾ ਰੋਸ ਸੀ ਕਿ ਕੋਈ ਵੀ ਅਧਿਕਾਰੀ ਉਨ੍ਹਾਂ ਦੀ ਇਸ ਸੰਵੇਦਨਸ਼ੀਲ ਤੇ ਜ਼ਰੂਰੀ ਮੰਗ ਵੱਲ ਧਿਆਨ ਨਹੀਂ ਦੇ ਰਿਹਾ, ਸਗੋਂ ਲਾਰਿਆਂ ਨਾਲ ਹੀ ਬੁੱਤਾ ਸਾਰਨ ਦੇ ਯਤਨ ਕੀਤੇ ਜਾ ਰਹੇ ਹਨ।ਮੁਹੱਲਾ ਨਿਵਾਸੀਆਂ ਨੇ ਦੋਸ਼ ਲਗਾਇਆ ਕਿ ਇਨ੍ਹਾਂ ਵਾਰਡਾਂ 'ਚ ਵੱਡੀ ਅਬਾਦੀ ਅਨੁਸੂਚਿਤ ਜਾਤੀ ਨਾਲ ਸਬੰਧਤ ਲੋਕ ਹੀ ਵਸਦੇ ਹਨ, ਜਿਸ ਕਰਕੇ ਕਥਿਤ ਪੱਖਪਾਤ ਕਰਦਿਆਂ ਉਨ੍ਹਾਂ ਦੀਆਂ ਅਤਿ ਜ਼ਰੂਰੀ ਮੰਗਾਂ ਨੂੰ ਵੀ ਅਣਗੌਲਿਆ ਕੀਤਾ ਜਾ ਰਿਹਾ ਹੈ।ਸਥਿਤੀ ਨੂੰ ਭਾਂਪਦਿਆਂ ਜ਼ਿਲ੍ਹਾ ਪ੍ਰਸ਼ਾਸਨ, ਸੀਵਰੇਜ ਬੋਰਡ ਤੇ ਕਾਰਜ ਸਾਧਕ ਅਫ਼ਸਰ ਆਦਿ ਅਧਿਕਾਰੀਆਂ ਵੱਲੋਂ ਧਰਨੇ ਵਾਲੀ ਜਗ੍ਹਾ 'ਤੇ ਪਹੁੰਚ ਕੇ ਧਰਨਾਕਾਰੀਆਂ ਤੋਂ ਮੰਗ ਪੱਤਰ ਪ੍ਰਾਪਤ ਕੀਤਾ ਤੇ ਕੱਲ੍ਹ ਤੋਂ ਹੀ ਪਾਣੀ ਦੀ ਨਿਕਾਸੀ ਲਈ ਮਸ਼ੀਨਾਂ ਲਗਾਉਣ ਤੋਂ ਇਲਾਵਾ ਬਾਕੀ ਮੰਗਾਂ ਵੀ ਜਲਦ ਪੂਰੀਆਂ ਕਰਨ ਦਾ ਭਰੋਸਾ ਦਿੱਤਾ ਗਿਆ।ਭਰੋਸੇ ਉਪਰੰਤ ਆਗੂਆਂ ਵੱਲੋਂ ਧਰਨਾ ਮੁਲਤਵੀ ਕਰ ਦਿੱਤਾ ਗਿਆ।ਮੰਚ ਸੰਚਾਲਨ ਦੀ ਜ਼ਿੰਮੇਵਾਰੀ ਰਾਜ ਕੁਮਾਰ ਗੋਗਾ ਵੱਲੋਂ ਬਾਖੂਬੀ ਨਿਭਾਈ ਗਈ।ਆਗੂਆਂ ਨੇ ਕਿਹਾ ਕਿ ਮੰਗਾਂ ਦੀ ਪੂਰਤੀ ਨਾ ਹੋਣ 'ਤੇ ਧਰਨਾ ਮੁੜ ਸ਼ੁਰੂ ਕਰ ਦਿੱਤਾ ਜਾਵੇਗਾ।

ਇਸ ਸਮੇਂ ਜਸਵੰਤ ਸਿੰਘ ਮਾਨਸਾ, ਨਰਿੰਦਰ ਸਿੰਘ ਮੋਹਲ, ਆਤਮਾ ਸਿੰਘ ਪਮਾਰ, ਸ਼੍ਰੋਮਣੀ ਅਕਾਲੀ ਦਲ ਦੇ ਸੂਬਾਈ ਮੀਤ ਪ੍ਰਧਾਨ ਪ੍ਰੇਮ ਕੁਮਾਰ ਅਰੋੜਾ, ਡਾ. ਜਨਕ ਰਾਜ ਸਿੰਗਲਾ, ਬਿੱਕਰ ਸਿੰਘ ਮੰਘਾਣੀਆ, ਨਿਰਮਲ ਸਿੰਘ ਝੰਡੂਕੇ, ਕ੍ਰਿਸ਼ਨ ਚੌਹਾਨ, ਯਾਦਵਿੰਦਰ ਸਿੰਘ ਪਮਾਰ, ਸੱਤਪਾਲ ਸਿੰਘ ਦੋਧੀ ਯੂਨੀਅਨ, ਘਣਸ਼ਿਆਮ ਨਿੱਕੂ, ਮਨਜੀਤ ਸਿੰਘ ਮੀਹਾਂ, ਡਾ. ਸੁਰਿੰਦਰ ਸਿੰਘ, ਰਾਮਪਾਲ ਐੱਮ ਸੀ, ਦਵਿੰਦਰ ਕੁਮਾਰ ਵਾਈਸ ਪ੍ਰਧਾਨ ਨਗਰ ਕੌਂਸਲ, ਸਾਬਕਾ ਐੱਮ ਸੀ ਗੁਰਦੀਪ ਸਿੰਘ ਦੀਪਾ ਤੇ ਮਨਪ੍ਰੀਤ ਸਿੰਘ ਆਦਿ ਨੇ ਵੀ ਧਰਨੇ ਨੂੰ ਸੰਬੋਧਨ ਕੀਤਾ।

## ਨਜਾਇਜ਼ ਸ਼ਰਾਬ ਸਮੇਤ ਤਿੰਨ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਚੁੰਨੀ ਕਲਾਂ ਚੌਕੀ ਤੇ ਸਰਹਿੰਦ ਮੰਡੀ ਚੌਕੀ ਦੀ ਪੁਲਸ ਵੱਲੋਂ ਦੋ ਵੱਖ-ਵੱਖ ਮਾਮਲਿਆਂ 'ਚ ਤਿੰਨ ਵਿਅਕਤੀਆਂ ਨੂੰ ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਚੁੰਨੀ ਪੁਲਸ ਨੂੰ ਮੁਖਬਰੀ ਮਿਲੀ ਸੀ ਕਿ ਰਣਜੀਤ ਸਿੰਘ ਉਰਫ ਜੋਧਾ ਤੇ ਦਲੀਪ ਕੁਮਾਰ ਵਾਸੀਆਨ ਮੰਡੀ ਗੋਬਿੰਦਗੜ੍ਹ ਸਸਤੇ ਭਾਅ ਦੀ ਸ਼ਰਾਬ ਖਰੀਦ ਕੇ ਲੇਬਰ ਨੂੰ ਅੱਗੇ ਮਹਿੰਗੇ ਭਾਅ 'ਤੇ ਵੇਚਣ ਦਾ ਨਜਾਇਜ਼ ਧੰਦਾ ਕਰਦੇ ਹਨ, ਜਿਸ 'ਤੇ ਨਾਕਾਬੰਦੀ ਕਰਦੇ ਹੋਏ ਵਰਨਾ ਕਾਰ ਨੰਬਰ ਪੀ.ਬੀ.03.ਐਕਸ-5196 'ਚ ਆ ਰਹੇ ਰਣਜੀਤ ਸਿੰਘ ਤੇ ਦਲੀਪ ਕੁਮਾਰ ਨੂੰ ਚੈਕਿੰਗ ਲਈ ਰੋਕਿਆ ਗਿਆ, ਜਿਨ੍ਹਾਂ ਦੇ ਕਬਜ਼ੇ ਵਾਲੀ ਕਾਰ 'ਚੋਂ 168 ਬੋਤਲਾਂ ਸ਼ਰਾਬ ਬਰਾਮਦ ਹੋਣ 'ਤੇ ਦੋਵਾਂ ਨੂੰ ਥਾਣਾ ਬਡਾਲੀ ਆਲਾ ਸਿੰਘ ਵਿਖੇ ਦਰਜ ਕਰਵਾਏ ਗਏ ਮਾਮਲੇ 'ਚ ਗ੍ਰਿਫਤਾਰ ਕਰ ਲਿਆ ਗਿਆ।ਇੱਕ ਵੱਖਰੇ ਮਾਮਲੇ 'ਚ ਸਰਹਿੰਦ ਮੰਡੀ ਚੌਂਕੀ ਦੀ ਪੁਲਸ ਪਾਰਟੀ ਵੱਲੋਂ ਮੁਖਬਰੀ ਦੇ ਅਧਾਰ 'ਤੇ ਸਰਹਿੰਦ ਦੇ ਗਗਨ ਕੰਪਿਊਟਰ ਕੰਡਾ ਨੇੜਿਓਂ ਕਾਬੂ ਕੀਤੇ ਗਏ ਸੁਭਾਸ਼ ਵਾਸੀ ਢੇਹਾ ਕਲੋਨੀ ਸਰਹਿੰਦ ਦੇ ਕਬਜ਼ੇ 'ਚੋਂ ਸ਼ਰਾਬ ਦੀਆਂ 17 ਬੋਤਲਾਂ ਬਰਾਮਦ ਹੋਈਆਂ, ਜਿਸ 'ਤੇ ਸੁਭਾਸ਼ ਨੂੰ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਦਰਜ ਕਰਵਾਏ ਗਏ ਮਾਮਲੇ 'ਚ ਗ੍ਰਿਫਤਾਰ ਕਰ ਲਿਆ ਗਿਆ।

# ਟੀਕੇ ਤੇ ਖਾਲੀ ਸ਼ੀਸ਼ੀਆਂ ਦੀ ਵਾਇਰਲ ਵੀਡੀਓ ਕਾਲਜ ਨੂੰ ਬਦਨਾਮ ਕਰਨ ਦੀ ਸਾਜ਼ਿਸ਼ : ਪ੍ਰਿੰ. ਜੋਤਿਸ਼ਨਾ

## ਕਾਲਜ 'ਚ ਸੁਰੱਖਿਆ ਦੇ ਕਰੜੇ ਪ੍ਰਬੰਧ, ਵਿਦਿਆਰਥੀਆਂ ਕੋਈ ਢਿੱਲ ਨਹੀਂ




ਬਠਿੰਡਾ (ਪਰਵਿੰਦਰ ਜੀਤ ਸਿੰਘ)

ਸਰਕਾਰੀ ਰਜਿੰਦਰਾ ਕਾਲਜ ਦੇ ਬਾਥਰੂਮਾਂ ਵਿੱਚ ਟੀਕੇ ਲਾ ਕੇ ਸੁੱਟੀਆਂ ਖਾਲੀ ਸਰਿੰਜਾਂ ਤੇ ਖਾਲੀ ਸ਼ੀਸ਼ੀਆਂ ਦੀ ਵੀਡੀਓ ਵਾਇਰਲ ਹੋਈ, ਜੋ ਪੱਤਰਕਾਰਾਂ ਨੂੰ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਰਿਸ਼ਤੇਦਾਰ ਜੈਜੀਤ ਸਿੰਘ ਜੋ ਜੌਹਲ ਵੱਲੋਂ ਭੇਜੀ ਗਈ। ਇਸ ਮਾਮਲੇ 'ਤੇ ਹੁਣ ਸਰਕਾਰੀ ਰਜਿੰਦਰਾ ਕਾਲਜ ਦੀ ਪ੍ਰਿੰਸੀਪਲ ਜੋਤਿਸ਼ਨਾ ਦਾ ਵੀ ਪੱਖ ਸਾਹਮਣੇ ਆਇਆ ਹੈ।ਉਨ੍ਹਾਂ ਗੱਲਬਾਤ ਦੌਰਾਨ ਕਿਹਾ ਕਿ ਸਰਕਾਰੀ ਰਜਿੰਦਰਾ ਕਾਲਜ ਵਿਦਿਆਰਥੀਆਂ ਦਾ ਵਿੱਦਿਅਕ ਅਦਾਰਾ ਹੈ, ਜਿਸ ਵਿੱਚ ਸੁਰੱਖਿਆ ਦੇ ਕਰੜੇ ਪ੍ਰਬੰਧ ਹਨ ਤੇ ਵਿਦਿਆਰਥੀਆਂ ਨੂੰ ਕਿਸੇ ਵੀ ਤਰ੍ਹਾਂ ਦੇ ਨਸ਼ਾ ਕਰਨ ਜਾਂ ਸ਼ਰਾਰਤਾਂ ਕਰਨ ਦੇ ਨਾਲ ਮਾਹੌਲ ਖਰਾਬ ਕਰਨ ਦੀ ਕਿਸੇ ਵੀ ਤਰ੍ਹਾਂ ਦੀ ਕੋਈ ਢਿੱਲ ਨਹੀਂ ਦਿੱਤੀ ਜਾਂਦੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕਾਲਜ ਦੀ ਹੀ ਵਿਦਿਆਰਥਣ ਵੱਲੋਂ ਸਾਫ ਪੀਣ ਵਾਲਾ ਪਾਣੀ ਨਾ ਮਿਲਣ ਦੀ ਵਾਇਰਲ ਵੀਡੀਓ ਵੀ ਕਾਲਜ ਨੂੰ ਬਦਨਾਮ ਕਰਨ ਲਈ ਵਾਇਰਲ ਕੀਤੀ ਗਈ ਹੈ ਅਤੇ ਹੁਣ ਬਾਥਰੂਮਾਂ ਵਿੱਚ ਇਸ ਤਰ੍ਹਾਂ ਨਸ਼ੇ ਦੇ ਟੀਕੇ ਲਾ ਕੇ ਸੁੱਟੀਆਂ ਖਾਲੀ ਸਰਿੰਜਾਂ ਤੇ ਖਾਲੀ ਸ਼ੀਸ਼ੀਆਂ ਦੀ ਵੀ ਵਾਇਰਲ ਵੀਡੀਓ ਕਾਲਜ ਨੂੰ ਬਦਨਾਮ ਕਰਨ ਲਈ ਵਾਇਰਲ ਕੀਤੀ ਗਈ ਹੈ, ਜੋ ਠੀਕ ਨਹੀਂ। ਉਨ੍ਹਾਂ ਕਿਹਾ ਕਿ ਸਰਕਾਰੀ ਰਜਿੰਦਰਾ ਕਾਲਜ ਵਿੱਚ ਸੁਰੱਖਿਆ ਦੇ ਕਰੜੇ ਪ੍ਰਬੰਧ ਹਨ, ਸਮੇਂ ਸਮੇਂ ਸਿਰ ਪੁਲਸ ਵੱਲੋਂ ਵੀ ਚੈਕਿੰਗ ਕੀਤੀ ਜਾਂਦੀ ਹੈ ਅਤੇ ਸੁਰੱਖਿਆ ਗਾਰਡ ਵੀ ਤਾਇਨਾਤ ਕੀਤੇ ਗਏ ਹਨ, ਜਿਸ ਕਰਕੇ ਕਾਲਜ ਵਿੱਚ ਨਸ਼ਾ ਕਰਕੇ ਆਉਣਾ ਜਾਂ ਕਾਲਜ ਦੀ ਬਾਊਂਡਰੀ ਬਾਲ ਵਿੱਚ ਵਿਦਿਆਰਥੀਆਂ ਵੱਲੋਂ ਕਿਸੇ ਵੀ ਤਰ੍ਹਾਂ ਦਾ ਨਸ਼ਾ ਕਰਨ ਦੀ ਗੱਲ ਬੇਬੁਨਿਆਦ ਹੈ।ਉਨ੍ਹਾਂ ਕਿਹਾ ਕਿ ਬਤੌਰ ਪ੍ਰਿੰਸੀਪਲ ਉਨ੍ਹਾਂ ਵੱਲੋਂ ਹਮੇਸ਼ਾ ਹੀ ਕਾਲਜ ਦੀ ਪੂਰੀ ਚੈਕਿੰਗ ਕਰਵਾਈ ਜਾਂਦੀ ਹੈ ਤੇ ਹਰ ਪੱਖ ਤੋਂ ਨਜ਼ਰ ਰੱਖੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਕਾਲਜ ਦੇ ਹੀ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਇਸ ਤਰ੍ਹਾਂ ਦੀਆਂ ਵੀਡੀਓ ਵਾਇਰਲ ਕਰਕੇ ਕਾਲਜ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜਿਸ ਦੀ ਉਹ ਨਿੰਦਾ ਕਰਦੇ ਹਨ।

# ਕੇਂਦਰ ਦੁੱਖ ਦੀ ਘੜੀ 'ਚ ਆਪਣੀ ਜ਼ਿੰਮੇਵਾਰੀ ਸਮਝਦਿਆਂ ਪੰਜਾਬ ਦੀ ਬਾਂਹ ਫੜੇ : ਬਰਸਟ

## ਪੰਜਾਬ ਦੇ ਬਕਾਇਆ 60 ਹਜ਼ਾਰ ਕਰੋੜ ਰੁਪਏ ਦੇ ਫੰਡ ਤੁਰੰਤ ਜਾਰੀ ਕਰੇ ਤੇ ਪੰਜਾਬ ਲਈ ਵਿਸ਼ੇਸ਼ ਪੈਕੇਜ ਦੇਵੇ



ਸਮਾਣਾ (ਇਕਬਾਲ ਸਿੰਘ ਬੱਲ)

ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਪੰਜਾਬ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ, ਜਿਸ ਨੂੰ ਗੰਭੀਰਤਾ ਨਾਲ ਲੈਂਦੀਆਂ ਕੇਂਦਰ ਸਰਕਾਰ ਨੂੰ ਤੁਰੰਤ ਪੰਜਾਬ ਦੇ 60,000 ਕਰੋੜ ਰੁਪਏ ਦੇ ਰੁਕੇ ਬਕਾਇਆ ਫੰਡ ਜਾਰੀ ਕਰਨੇ ਚਾਹੀਦੇ ਹਨ।

ਉਨ੍ਹਾਂ ਕਿਹਾ ਕਿ ਪਹਾੜਾਂ ਵਿੱਚ ਪੈ ਰਹੇ ਭਾਰੀ ਮੀਂਹ ਕਰਕੇ ਪੰਜਾਬ ਦੇ ਦਰਜ਼ਨ ਤੋਂ ਵੱਧ ਜ਼ਿਲ੍ਹੇ ਹੜ੍ਹਾਂ ਦੀ ਮਾਰ ਝੱਲ ਰਹੇ ਹਨ, ਜਿਸ ਕਰਕੇ ਪੰਜਾਬ ਦੀ ਕਰੀਬ 3 ਲੱਖ ਏਕੜ ਜ਼ਮੀਨ ਪ੍ਰਭਾਵਿਤ ਹੋ ਗਈ ਹੈ ਤੇ ਝੋਨੇ ਦੇ ਖੇਤ ਹੜ੍ਹ ਦੀ ਮਾਰ ਹੇਠ ਹਨ।1400 ਦੇ ਕਰੀਬ ਪਿੰਡ ਡੁੱਬ ਗਏ ਹਨ ਤੇ ਲੱਖਾ ਲੋਕ ਪ੍ਰਭਾਵਿਤ ਹੋਏ ਹਨ।ਅਜਿਹੇ ਹਾਲਾਤ ਵਿੱਚ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਦੀ ਬਾਂਹ ਫੜਣ ਲਈ ਅੱਗੇ ਨਹੀਂ ਆ ਰਹੀ ਹੈ, ਜਦੋਂ ਕਿ ਕੇਂਦਰ ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਸਮਝਦਿਆਂ ਇਸ ਦੁੱਖ ਦੀ ਘੜੀ ਵਿੱਚ ਪੰਜਾਬ ਦੀ ਬਾਂਹ ਫੜਨੀ ਚਾਹੀਦੀ ਹੈ।ਕੇਂਦਰ ਸਰਕਾਰ ਵੱਲ ਪੰਜਾਬ ਸਰਕਾਰ ਦਾ ਆਰ.ਡੀ.ਐਫ., ਹੈਲਥ ਮਿਸ਼ਨ, ਪ੍ਰਧਾਨ ਮੰਤਰੀ ਸੜਕ ਯੋਜਨਾ ਤੇ ਜੀ.ਐੱਸ.ਟੀ. ਦਾ ਘਾਟਾ ਸਮੇਤ 60,000 ਕਰੋੜ ਰੁਪਇਆ ਦਾ ਬਕਾਇਆ ਖੜਾ ਹੈ।ਸ. ਬਰਸਟ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਲਈ ਵਿਸ਼ੇਸ਼ ਆਰਥਿਕ ਪੈਕੇਜ ਦੇ ਤੌਰ 'ਤੇ 25,000 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਦੇਣੀ ਚਾਹੀਦੀ ਹੈ ਤੇ ਬਾਕੀ ਨੁਕਸਾਨ ਦਾ ਬਣਦਾ ਹੱਕ ਡਿਜਾਸਟਰ ਮੈਨੇਜਮੈਂਟ ਦੇ ਤਹਿਤ ਦੇ ਕੇ ਪੰਜਾਬ ਦੀ ਮਦਦ ਕਰੇ।ਇਸ ਦੇ ਨਾਲ ਹੀ ਉਨ੍ਹਾਂ ਨੇ ਐੱਸਡੀਆਰਐੱਫ ਦੇ ਮੁਆਵਜ਼ਾ ਨਿਯਮਾਂ ਵਿੱਚ ਵੀ ਸੋਧ ਕਰਨ ਦੀ ਮੰਗ ਕੀਤੀ ਹੈ, ਕਿਉਂਕਿ ਮੌਜੂਦਾ ਨਿਯਮਾਂ ਅਨੁਸਾਰ ਮੁਆਵਜ਼ਾ ਨਾਕਾਫੀ ਹੈ।ਉਨ੍ਹਾਂ ਕਿਹਾ ਕਿ ਫਸਲ ਦੇ ਖਰਾਬੇ ਲਈ ਕਿਸਾਨਾਂ ਨੂੰ ਘੱਟੋ-ਘੱਟ 50,000 ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੇ ਕਿਸੇ ਵੀ ਮੰਤਰੀ ਵੱਲੋਂ ਅਜੇ ਤੱਕ ਪੰਜਾਬ ਦੇ ਹਿੱਤ ਵਿੱਚ ਇੱਕ ਵੀ ਸ਼ਬਦ ਨਹੀਂ ਬੋਲਿਆ ਗਿਆ ਹੈ, ਇਸ ਤੋਂ ਕੇਂਦਰ ਸਰਕਾਰ ਦੀ ਪੰਜਾਬ ਪ੍ਰਤੀ ਮਾਨਸਿਕਤਾ ਜੱਗ ਜ਼ਾਹਰ ਹੁੰਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਅੰਨ ਭੰਡਾਰ ਭਰਦਾ ਹੈ।ਪੰਜਾਬ ਦੇ ਨੌਜਵਾਨ ਦੇਸ਼ ਦੀਆਂ ਸਰਹੱਦਾਂ 'ਤੇ ਮੋਹਰੀ ਹੋ ਕੇ ਖੜੇ ਹਨ।ਦੇਸ਼ ਵਿੱਚ ਹਰ ਦੁੱਖ ਦੀ ਘੜੀ ਵਿੱਚ ਪੰਜਾਬ ਮੋਹਰੀ ਹੋ ਕੇ ਹਰ ਦੁੱਖ ਨੂੰ ਝੱਲਦਾ ਰਿਹਾ ਹੈ, ਪਰ ਜਦੋਂ ਅੱਜ ਪੰਜਾਬ 'ਤੇ ਵਿਪਤਾ ਦਾ ਸਮਾਂ ਆਇਆ ਹੈ, ਤਾਂ ਕੋਈ ਵੀ ਪੰਜਾਬ ਦੀ ਬਾਂਹ ਫੜਨ ਲਈ ਤਿਆਰ ਨਹੀਂ ਹੋ ਰਿਹਾ ਹੈ, ਨਾ ਹੀ ਕੇਂਦਰ ਸਰਕਾਰ ਤੇ ਨਾ ਹੀ ਕੋਈ ਹੋਰ ਸੂਬਾ ਸਰਕਾਰ।ਸ. ਬਰਸਟ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਫਰਜ਼ ਬਣਦਾ ਹੈ ਕਿ ਅੱਜ ਇਸ ਵਿਪਤਾ ਦੀ ਘੜੀ ਵਿੱਚ ਕੇਂਦਰ ਸਰਕਾਰ ਪੰਜਾਬ ਦੀ ਵੱਧ ਤੋਂ ਵੱਧ ਮਦਦ ਕਰੇ।

# ਮੇਅਰ ਕੁੰਦਨ ਗੋਗੀਆ ਵੱਲੋਂ ਵੱਡੀ ਤੇ ਛੋਟੀ ਨਦੀ ਦਾ ਦੌਰਾ

ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਪਟਿਆਲਾ ਵਿੱਚ ਮੀਂਹ ਦੇ ਮੌਸਮ ਨੂੰ ਦੇਖਦਿਆਂ ਨਗਰ ਨਿਗਮ ਨੇ ਆਪਣੀਆਂ ਤਿਆਰੀਆਂ ਹੋਰ ਮਜ਼ਬੂਤ ਕਰ ਲਈਆਂ ਹਨ।ਮੇਅਰ ਕੁੰਦਨ ਗੋਗੀਆ ਨੇ ਕਮਿਸ਼ਨਰ ਪਰਮਵੀਰ ਸਿੰਘ, ਸਹਾਇਕ ਕਮਿਸ਼ਨਰ, ਇੰਜੀਨੀਅਰਿੰਗ ਸ਼ਾਖਾ ਦੇ ਅਧਿਕਾਰੀਆਂ ਤੇ ਨਿਗਮ ਟੀਮ ਸਮੇਤ ਵੱਡੀ ਤੇ ਛੋਟੀ ਨਦੀ ਦਾ ਦੌਰਾ ਕੀਤਾ।ਇਸ ਦੌਰਾਨ ਉਨ੍ਹਾਂ ਨਦੀਆਂ ਦੇ ਪੱਧਰ ਦਾ ਜਾਇਜ਼ਾ ਲਿਆ ਤੇ ਰੋਕਥਾਮੀ ਉਪਰਾਲਿਆਂ ਨੂੰ ਹੋਰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ।

ਮੇਅਰ ਨੇ ਦੌਰੇ ਤੋਂ ਬਾਅਦ ਕਿਹਾ ਕਿ ਪਟਿਆਲਾ ਨਗਰ ਨਿਗਮ ਹਰ ਤਰ੍ਹਾਂ ਦੀ ਮੁਸ਼ਕਲ ਦਾ ਮੁਕਾਬਲਾ ਕਰਨ ਲਈ ਤਿਆਰ ਬਰ ਤਿਆਰ ਹੈ।ਜੇਕਰ ਕਦੇ ਹੜ੍ਹ ਜਾਂ ਮੀਂਹ ਕਾਰਨ ਸੰਕਟ ਦੀ ਸਥਿਤੀ ਬਣਦੀ ਹੈ ਤਾਂ ਅਸੀਂ ਲੋਕਾਂ 'ਤੇ ਆਉਣ ਵਾਲੀ ਮੁਸ਼ਕਲ ਨੂੰ ਪਹਿਲਾਂ ਆਪਣੇ ਤੇ ਹੰਢਾਵਾਂਗੇ।ਸ਼ਹਿਰ ਵਾਸੀਆਂ ਦੀ ਸੁਰੱਖਿਆ ਸਾਡੀ ਪਹਿਲੀ ਜ਼ਿੰਮੇਵਾਰੀ ਹੈ।ਉਨ੍ਹਾਂ ਦੱਸਿਆ ਕਿ ਇਸ ਸਮੇਂ ਪਟਿਆਲਾ ਹੜ੍ਹ ਦੀ ਸਥਿਤੀ ਤੋਂ ਬਾਹਰ ਹੈ, ਪਰ ਨਿਗਮ ਦੀਆਂ ਐਮਰਜੈਂਸੀ ਟੀਮਾਂ ਤਿਆਰ ਬਰ ਤਿਆਰ ਹਨ।ਉਨ੍ਹਾਂ ਲੋਕਾਂ ਨੂੰ ਕਿਸੇ ਵੀ ਅਫ਼ਵਾਹ ਜਾਂ ਝੂਠੀ ਬਿਆਨਬਾਜ਼ੀ ਤੋਂ ਗੁਰੇਜ਼ ਕਰਨ ਦੀ ਅਪੀਲ ਵੀ ਕੀਤੀ।

ਵੱਡੀ ਤੇ ਛੋਟੀ ਨਦੀ ਦੇ ਕਿਨਾਰਿਆਂ ਉੱਤੇ ਨਿਗਰਾਨੀ ਟੀਮਾਂ ਤੈਨਾਤ ਕੀਤੀਆਂ ਗਈਆਂ ਹਨ।ਸੀਵਰੇਜ ਤੇ ਡਰੇਨਜ ਸਿਸਟਮ ਦੀ ਸਫਾਈ ਤੇ ਧਿਆਨ ਦਿੱਤਾ ਜਾ ਰਿਹਾ ਹੈ ਤਾਂ ਜੁ ਪਾਣੀ ਰੁਕਣ ਦੀ ਸਮੱਸਿਆ ਨਾ ਆਏ, ਜਿੱਥੇ-ਜਿੱਥੇ ਨੀਵੀਆਂ ਕਾਲੋਨੀਆਂ ਹਨ, ਉੱਥੇ ਪੰਪ ਲਾ ਕੇ ਪਾਣੀ ਕੱਢਣ ਦੇ ਇੰਤਜ਼ਾਮ ਹੋ ਰਹੇ ਹਨ।ਹੜ੍ਹ ਸਮੇਂ ਵਰਤੇ ਜਾਣ ਵਾਲੇ ਸਾਮਾਨ ਜਿਵੇਂ ਕਿ ਰੇਤ ਦੇ ਬੋਰੇ, ਜੈਟਿੰਗ ਮਸ਼ੀਨ ਤੇ ਐਮਰਜੈਂਸੀ ਵਾਹਨ ਤਿਆਰ ਰੱਖੇ ਗਏ ਹਨ।

ਕਮਿਸ਼ਨਰ ਪਰਮਵੀਰ ਸਿੰਘ ਨੇ ਵੀ ਕਿਹਾ ਕਿ ਨਿਗਮ ਦੀ ਕੋਸ਼ਿਸ਼ ਹੈ ਕਿ ਹੜ੍ਹ ਜਿਹੀ ਸਥਿਤੀ ਪੈਦਾ ਹੀ ਨਾ ਹੋਵੇ।ਉਨ੍ਹਾਂ ਦੱਸਿਆ ਕਿ ਸੜਕਾਂ ਤੇ ਨਿਕਾਸੀ ਚੈਨਲ ਦੀ ਸਫਾਈ, ਟਿਊਬਵੈੱਲ ਅਤੇ ਡਰੇਨਜ਼ ਦੀ ਜਾਂਚ ਮੁਕੰਮਲ ਕੀਤੀ ਜਾ ਰਹੀ ਹੈ। ਨਗਰ ਨਿਗਮ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਮੀਂਹ ਦੇ ਦਿਨਾਂ ਵਿੱਚ ਗਲੀ-ਮੋਹੱਲਿਆਂ ਵਿੱਚ ਕੂੜਾ-ਕਰਕਟ ਨਾ ਸੁੱਟਣ, ਕਿਉਂਕਿ ਇਸ ਨਾਲ ਚੈਂਬਰ ਜਾਮ ਹੋ ਸਕਦੇ ਹਨ। ਲੋਕ ਜੇਕਰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਵੇਖਦੇ ਹਨ ਤਾਂ ਤੁਰੰਤ ਨਿਗਮ ਨੂੰ ਜਾਣਕਾਰੀ ਦੇਣ।

## ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਨੇ ਬੂਟੇ ਲਗਾਏ



ਜਗਰਾਉਂ (ਅਮਿਤ ਖੰਨਾ)-ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਰਜਿ :133 ਵੱਲੋਂ ਸ਼ੇਰਪੁਰ ਰੋਡ ਦੇ ਉੱਪਰ ਪ੍ਰਧਾਨ ਜਿੰਦਰਪਾਲ ਧੀਮਾਨ ਦੀ ਅਗਵਾਈ ਹੇਠ ਬੂਟੇ ਲਗਾਏ ਗਏ। ਇਸ ਮੌਕੇ ਪ੍ਰਧਾਨ ਜਿੰਦਰਪਾਲ ਧੀਮਾਨ ਨੇ ਕਿਹਾ ਕੀ ਵਾਤਾਵਰਨ ਦੀ ਸ਼ੁੱਧਤਾ ਨੂੰ ਦੇਖਦੇ ਹੋਏ ਸਾਨੂੰ ਬੂਟੇ ਲਗਾਉਣੇ ਚਾਹੀਦੇ ਹਨ। ਇਸ ਮੌਕੇ ਠੇਕੇਦਾਰ ਕਸ਼ਮੀਰੀ ਲਾਲ, ਠੇਕੇਦਾਰ ਗੁਰਮੇਲ ਸਿੰਘ ਢੁੱਡੀਕੇ, ਕਰਮ ਸਿੰਘ ਜਗਦੇ, ਪ੍ਰੀਤਮ ਸਿੰਘ ਗੈਦੂ, ਪ੍ਰਧਾਨ ਜਿੰਦਰਪਾਲ ਧੀਮਾਨ, ਸੀਨੀਅਰ ਮੀਤ ਪ੍ਰਧਾਨ ਠੇਕੇਦਾਰ ਅਮਰਜੀਤ ਸਿੰਘ ਘਟੌੜੇ, ਸੀਨੀਅਰ ਮੀਤ ਪ੍ਰਧਾਨ ਠੇਕੇਦਾਰ ਮੰਗਲ ਸਿੰਘ ਸਿੱਧੂ, ਜਨਰਲ ਸਕੱਤਰ ਜਸਪਾਲ ਸਿੰਘ ਕਲਿਆਣ, ਜਗਰੂਪ ਸਿੰਘ ਗੈਦੂ, ਮਨਦੀਪ ਸਿੰਘ ਮਨੀ, ਜਗਦੀਸ਼ ਸਿੰਘ ਦੀਸ਼ਾ, ਸੁਰਿੰਦਰ ਸਿੰਘ ਮਠਾੜੂ, ਭੀਮ ਸਿੰਘ, ਹਰਜਿੰਦਰ ਸਿੰਘ ਸੋਨੂੰ, ਸੋਨੀ ਸਿੰਘ, ਬੂਟਾ ਸਿੰਘ, ਸੋਹਣ ਸਿੰਘ ਸੱਗੂ, ਜਸਵੰਤ ਸਿੰਘ, ਹੈਪੀ ਧਾਲੀਵਾਲ, ਧਰਮ ਸਿੰਘ ਰਾਜੂ, ਵਿਸ਼ਾਲਦੀਪ ਸਿੰਘ, ਸਤਪਾਲ ਸਿੰਘ ਮਲਿਕ, ਸ੍ਰ. ਰਜਿੰਦਰ ਸਿੰਘ ਸਿੰਘ, ਹਰਦਿਆਲ ਸਿੰਘ ਭੰਵਰਾ, ਹਰਜੀਤਸਿੰਘ ਭੰਵਰਾ ਸਮੇਤ ਹੋਰ ਵੀ ਹਾਜ਼ਰ ਸਨ।

# ਕਾਂਗਰਸ ਵੱਲੋਂ ਜ਼ਿਲ੍ਹਾ ਪ੍ਰਧਾਨ ਦੀ ਚੋਣ ਸੰਬੰਧੀ ਭਰਵੀਂ ਮੀਟਿੰਗ



ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)-ਕਾਂਗਰਸ ਕਮੇਟੀ ਵਲੋਂ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਦੀ ਚੋਣ ਕਰਨ ਲਈ ਵਰਕਰਾਂ ਤੋਂ ਰਾਇ ਲੈਣ ਦੀ ਆਰੰਭ ਕੀਤੀ ਮੁਹਿੰਮ ਤਹਿਤ ਗੁਰੂ ਹਰਸਹਾਏ ਵਿਖੇ ਕਾਂਗਰਸੀ ਆਗੂ ਗੁਰਦੀਪ ਸਿੰਘ ਢਿੱਲੋਂ ਦੀ ਅਗਵਾਈ ਹੇਠ ਬਲਾਕ ਲੱਖੋ ਕੇ ਬਹਿਰਾਮ ਦੀ ਮੀਟਿੰਗ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ ਕਾਂਗਰਸੀ ਆਗੂ, ਵਰਕਰ ਤੇ ਲੋਕ ਪਹੁੰਚੇ।ਇਸ ਬਲਾਕ ਪੱਧਰੀ ਮੀਟਿੰਗ ਵਿੱਚ ਕਾਂਗਰਸ ਦੇ ਕੇਂਦਰੀ ਅਬਜ਼ਰਵਰ ਵਿਵੇਕ ਬਾਂਸਲ, ਉਨ੍ਹਾਂ ਨਾਲ ਮੈਂਬਰ ਪਾਰਲੀਮੈਂਟ ਸ਼ੇਰ ਸਿੰਘ ਘੁਬਾਇਆ, ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ, ਧਨਜੀਤ ਸਿੰਘ ਧਨੀ ਫ਼ਰੀਦਕੋਟ ਤੇ ਰਾਜ ਬਖ਼ਸ਼ ਕੰਬੋਜ ਵਿਸ਼ੇਸ਼ ਤੌਰ 'ਤੇ ਪੁੱਜੇ।ਇਸ ਬਲਾਕ ਪੱਧਰੀ ਮੀਟਿੰਗ ਦੌਰਾਨ ਕੇਂਦਰੀ ਅਬਜ਼ਰਵਰ ਵਿਵੇਕ ਬਾਂਸਲ ਨੇ ਕਿਹਾ ਕਿ ਜੋ ਪੰਜਾਬ ਅੰਦਰ ਆਮ ਆਦਮੀ ਦੀ ਸਰਕਾਰ ਚੱਲ ਰਹੀ ਹੈ, ਇਹ ਲੋਕਾਂ ਦੀਆਂ ਆਸਾਂ 'ਤੇ ਪੂਰੀ ਨਹੀਂ ਉਤਰੀ, ਇਸ ਲਈ ਉਨ੍ਹਾਂ ਇਸ ਸਰਕਾਰ ਨੂੰ ਚੱਲਦਾ ਕਰਨ ਲਈ ਤੇ ਕਾਂਗਰਸ ਨੂੰ ਪੰਜਾਬ ਅੰਦਰ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਿਤਾਉਣ ਲਈ ਲੋਕਾਂ ਤੋਂ ਸਹਿਮਤੀ ਲਈ।ਉਨ੍ਹਾਂ ਇਸ ਮੌਕੇ ਕਿਹਾ ਕਿ ਅਗਲੇ ਕੁਝ ਦਿਨਾਂ ਅੰਦਰ ਹੀ ਜ਼ਿਲ੍ਹਾ ਪ੍ਰਧਾਨਾਂ ਦੀ ਚੋਣ ਕੀਤੀ ਜਾ ਰਹੀ ਹੈ ਤੇ ਉਹ ਬਲਾਕਾਂ ਅੰਦਰ ਮੀਟਿੰਗਾਂ ਕਰਕੇ ਲੋਕਾਂ ਤੋਂ ਇਸ ਸਬੰਧੀ ਰਾਇ ਲੈਣ ਆਏ ਹਨ।ਇਸ ਮੌਕੇ ਉਨ੍ਹਾਂ ਅਲੱਗ ਕਮਰੇ ਅੰਦਰ ਬੈਠ ਕੇ ਪਹੁੰਚੇ ਹੋਏ ਹਰ ਇੱਕ ਆਗੂ ਤੇ ਵਰਕਰ ਨੂੰ ਮਿਲ ਕੇ ਉਨ੍ਹਾਂ ਦੇ ਸੁਝਾਅ ਪ੍ਰਾਪਤ ਕੀਤੇ।ਇਸ ਮੌਕੇ ਸੰਬੋਧਨ ਕਰਦਿਆਂ ਮੈਂਬਰ ਪਾਰਲੀਮੈਂਟ ਸ਼ੇਰ ਸਿੰਘ ਘੁਬਾਇਆ ਨੇ ਕਿਹਾ ਕਿ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਪੂਰੇ ਬਹੁਮਤ ਨਾਲ ਜਿੱਤ ਕੇ ਸਰਕਾਰ ਬਣਾਏਗੀ।ਇਸ ਮੌਕੇ ਕੁਲਬੀਰ ਸਿੰਘ ਜ਼ੀਰਾ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਤੇ ਲੋਕਾਂ ਨੂੰ ਕਾਂਗਰਸ ਪਾਰਟੀ ਪ੍ਰਤੀ ਇਕਜੁੱਟ ਹੋਣ ਦਾ ਸੱਦਾ ਦਿੱਤਾ ਤੇ ਕਿਹਾ ਕਿ ਬਲਾਕ ਲੱਖੋ ਕੇ ਬਹਿਰਾਮ ਤੋਂ ਕਾਂਗਰਸ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਤੇ ਬਲਾਕ ਗੁਰੂ ਹਰਸਹਾਏ ਤੋਂ ਕਾਂਗਰਸ ਦੇ ਪ੍ਰਧਾਨ ਸਤਨਾਮ ਸਿੰਘ ਨਿਯੁਕਤ ਕੀਤੇ ਗਏ ਹਨ।ਇਸ ਮੌਕੇ ਰਾਜ ਬਖ਼ਸ਼ ਕੰਬੋਜ, ਧਨਜੀਤ ਸਿੰਘ ਧਨੀ ਵਿਰਕ, ਜੋਗਿੰਦਰ ਪਾਲ ਸਿੰਘ ਭਾਟਾ ਨੇ ਸੰਬੋਧਨ ਕੀਤਾ।ਇਸ ਮੌਕੇ ਹਰਬਚਨ ਸਿੰਘ ਮੋਹਣ ਕੇ, ਸੁਰਜੀਤ ਸਿੰਘ ਤਾਰੇਵਾਲਾ, ਪਰਮਜੀਤ ਸਿੰਘ ਜੰਗ, ਤੇਜਾ ਸਿੰਘ ਟੱਪਰੀ, ਦੇਸ ਮੇਘਾ, ਹਰਦੀਪ ਸਿੰਘ ਕੋਹਰ ਸਿੰਘ ਵਾਲਾ, ਗੁਰਜੰਟ ਸਿੰਘ ਦਿਲਾ ਰਾਮ, ਪ੍ਰੀਤਮ ਸਿੰਘ ਝੋਕ, ਬੰਟੀ ਠਠੇਰਾ, ਲਖਵੀਰ ਸਿੰਘ ਹਾਮਦ, ਮਨਪ੍ਰੀਤ ਸਿੰਘ ਸਾਬਕਾ ਸਰਪੰਚ, ਦਰਸ਼ਨ ਸਿੰਘ ਮਿਸ਼ਰੀ ਵਾਲਾ, ਪ੍ਰਿਤਪਾਲ ਸਿੰਘ ਤਾਰੇਵਾਲਾ, ਭਿੰਦਰ ਜੰਗ, ਨਛੱਤਰ ਸਿੰਘ ਭੁੱਲਰ, ਬਲਵਿੰਦਰ ਸਿੰਘ ਮੱਤੜ, ਬਗੀਚਾ ਸਿੰਘ ਬੋਹੜੀਆ, ਇਕਬਾਲ ਜੰਡਵਾਲਾ, ਧਰਮਿੰਦਰ ਬੂੰਗੀ, ਜਰਨੈਲ ਸਿੰਘ ਮਹਿਮਾ, ਉਮ ਮੇਘਾ, ਨਿਸ਼ਾਨ ਮਾੜੇ ਕਲਾ, ਸਲਾਮਤ ਸਿੰਘ, ਗੁਰਪ੍ਰੀਤ ਸਿੰਘ ਝੋਕ, ਰਮਨ ਬਹਿਲ, ਜਸਵਿੰਦਰ ਸਿੰਘ ਮੌਲਵੀਵਾਲਾ, ਗੁਰਮੇਲ ਸਿੰਘ ਤੱਲੇਵਾਲਾ, ਬਲਵਿੰਦਰ ਸਿੰਘ ਨੌਲ, ਸੋਹਣ ਸਿੰਘ ਕੌਂਸਲਰ ਸਮੇਤ ਵੱਡੀ ਗਿਣਤੀ 'ਚ ਕਾਂਗਰਸੀ ਆਗੂ ਹਾਜ਼ਰ ਸਨ।

## ਟੁੱਟੀ ਸੜਕ ਤੋਂ ਨੇਤਾਵਾਂ ਨੇ ਮੂੰਹ ਫੇਰਿਆ, ਲੋਕ ਪ੍ਰੇਸ਼ਾਨ



ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਸਵਾਰ ਸਿੰਘ ਵਾਲਾ ਤੋਂ ਲੈ ਕੇ ਪਿੰਡ ਭਾਗੀਕੇ ਸੜਕ ਦੀ ਹਾਲਤ ਬਹੁਤ ਹੀ ਖਸਤਾ ਬਣੀ ਹੋਈ ਹੈ ਤੇ ਇਸ ਸੜਕ ਉੱਪਰ ਬਹੁਤ ਹੀ ਵੱਡੇ-ਵੱਡੇ ਟੋਏ ਬਣੇ ਹੋਏ ਹਨ, ਪਰ ਸੜਕ ਉੱਪਰ ਕਿਸੇ ਪ੍ਰਸ਼ਾਸਨ ਅਧਿਕਾਰੀ ਜਾਂ ਇਸ ਹਲਕੇ ਵਿੱਚ ਅਨੇਕਾਂ ਵਿਧਾਇਕ ਰਹਿ ਚੁੱਕੇ ਹਨ, ਪਰ ਇਸ ਟੁੱਟੀ ਹੋਈ ਸੜਕ ਵੱਲ ਕਿਸੇ ਪ੍ਰਸ਼ਾਸਨ ਅਧਿਕਾਰੀ ਤੇ ਕਿਸੇ ਵਿਧਾਇਕ ਦੀ ਨਿਗ੍ਹਾ ਹੀ ਨਹੀਂ ਪਈ, ਪਰ ਸੜਕ ਉੱਪਰ ਅਨੇਕਾਂ ਹੀ ਵਾਹਨਾਂ ਦਾ ਆਉਣਾ-ਜਾਣਾ ਬਣਿਆ ਰਹਿੰਦਾ ਹੈ। ਇਸ ਤੋਂ ਇਲਾਵਾ ਇਸ ਸੜਕ ਉੱਪਰ ਸਕੂਲੀ ਬੱਚਿਆਂ ਦਾ ਆਉਣਾ-ਜਾਣਾ ਬਣਿਆ ਰਹਿੰਦਾ ਹੈ, ਪਰ ਨਿਹਾਲ ਸਿੰਘ ਵਾਲਾ ਤੋਂ ਅਤੇ ਪਿੰਡ ਭਾਗੀਕੇ ਦੇ ਸਰਪੰਚ ਸੁਖਦੀਪ ਸਿੰਘ ਸਾਧ ਭਾਗੀਕੇ ਨੇ ਕਿਹਾ ਕਿ ਇਸ ਸੜਕ ਉੱਪਰ ਅਨੇਕਾਂ ਹੀ ਹਾਦਸੇ ਵਾਪਰ ਚੁੱਕੇ ਹਨ, ਪਰ ਪ੍ਰਸ਼ਾਸਨ ਅਧਿਕਾਰੀ ਕਿਸੇ ਵੱਡੇ ਹਾਦਸੇ ਦੇ ਇੰਤਜ਼ਾਰ ਵਿੱਚ ਹਨ। ਸੁਖਦੀਪ ਸਿੰਘ ਸਾਧ ਭਾਗੀਕੇ ਨੇ ਕਿਹਾ ਆਮ ਆਦਮੀ ਪਾਰਟੀ ਦੇ ਦਫਤਰ ਇੰਚਾਰਜ ਦੇ ਪਿੰਡ ਦਾ ਇਹ ਹਾਲ ਹੈ ਤਾਂ ਆਮ ਪਿੰਡਾਂ ਦਾ ਕਿ ਹਾਲ ਹੀ ਤੁਸੀਂ ਇਸ ਟੁੱਟੀ ਹੋਈ ਸੜਕ ਤੋਂ ਅੰਦਾਜ਼ਾ ਲਾ ਸਕਦੇ ਹੋ। ਇਸ ਸਬੰਧੀ ਸਰਪੰਚ ਸੁਖਦੀਪ ਸਿੰਘ ਸਾਧ ਤੇ ਸਮੂਹ ਗ੍ਰਾਮ ਪੰਚਾਇਤ ਭਾਗੀਕੇ ਨੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਤੋਂ ਮੰਗ ਕੀਤੀ ਹੈ ਕਿ ਇਸ ਸੜਕ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ ਤਾਂ ਜੁ ਕਿਸੇ ਵਿਅਕਤੀ ਦਾ ਜਾਨੀ ਮਾਲੀ ਨੁਕਸਾਨ ਨਾ ਹੋ ਸਕੇ।

## ਪੀ ਜੀ ਆਈ ਵੱਲੋਂ ਰਾਸ਼ਟਰੀ ਪੋਸ਼ਣ ਕਾਨਫਰੰਸ



ਸਮਰਾਲਾ (ਸੁਰਜੀਤ ਸਿੰਘ)-ਪੀਜੀਆਈ ਚੰਡੀਗੜ੍ਹ ਦੇ ਡਾਇਟੀਟਿਕਸ ਵਿਭਾਗ ਵੱਲੋਂ ਖੇਡਾਂ, ਕਸਰਤ, ਪ੍ਰਦਰਸ਼ਨ ਤੇ ਸਿਹਤ ਲਈ ਪੋਸ਼ਣ ਵਿਸ਼ੇ 'ਤੇ ਇੱਕ ਰੋਜ਼ਾ ਸਾਲਾਨਾ ਰਾਸ਼ਟਰੀ ਪੋਸ਼ਣ ਕਾਨਫਰੰਸ ਕੀਤੀ ਗਈ।ਇਸ ਕਾਨਫਰੰਸ ਦਾ ਉਦੇਸ਼ ਉਨ੍ਹਾਂ ਵਿਅਕਤੀਆਂ ਲਈ ਖਾਸ ਤਰੀਕਿਆਂ ਨਾਲ ਤਿਆਰ ਕੀਤੀਆਂ ਪੋਸ਼ਣ ਰਣਨੀਤੀਆਂ ਦੀ ਜਾਣਕਾਰੀ ਦੇਣਾ ਸੀ, ਜੋ ਆਪਣੇ ਪ੍ਰਦਰਸ਼ਨ ਨੂੰ ਬਿਹਤਰ ਬਣਾਉਣਾ ਤੇ ਪੋਸ਼ਣ ਸੰਬੰਧੀ ਘਾਟਾਂ ਤੇ ਸੱਟਾਂ ਦੇ ਖਤਰੇ ਨੂੰ ਘਟਾਉਣਾ ਚਾਹੁੰਦੇ ਹਨ।ਕਾਨਫਰੰਸ ਦੀ ਆਯੋਜਕ ਚੇਅਰਪਰਸਨ ਡਾ. ਨੈਨਸੀ ਸਾਹਨੀ, ਮੁਖੀ ਡਾਇਟੀਸ਼ੀਅਨ ਤੇ ਵਿਭਾਗ ਮੁਖੀ ਨੇ ਪੋਸ਼ਣ ਵਿਗਿਆਨ ਅਤੇ ਕਸਰਤ ਪ੍ਰਦਰਸ਼ਨ, ਮਾਸਪੇਸ਼ੀਆਂ ਦੀ ਰਿਕਵਰੀ ਤੇ ਸਹਿਣ ਸ਼ਕਤੀ ਵਿੱਚ ਸੁਧਾਰ ਦੇ ਆਪਸੀ ਰਿਸ਼ਤੇ ਨੂੰ ਰੌਸ਼ਨ ਕੀਤਾ।ਇਸ ਕਾਨਫਰੰਸ ਦੇ ਆਯੋਜਕ ਸਕੱਤਰ ਬੀ. ਐੱਨ. ਬਿਹਰਾ, ਸੀਨੀਅਰ ਡਾਇਟੀਸ਼ੀਅਨ, ਡਾਇਟੀਟਿਕਸ ਵਿਭਾਗ ਪੀ.ਜੀ.ਆਈ. ਸਨ।ਪ੍ਰੋਗਰਾਮ ਦਾ ਉਦਘਾਟਨ ਪ੍ਰੋ. ਆਰ. ਕੇ. ਰਾਠੌੜ ਡੀਨ ਅਕਾਦਮਿਕ ਪ੍ਰੋ. ਵਿੱਪਨ ਕੌਸ਼ਲ ਮੈਡੀਕਲ ਸੁਪਰਿੰਟੈਂਡੈਂਟ ਤੇ ਮੁਖੀ ਹਸਪਤਾਲ ਪ੍ਰਸ਼ਾਸਨ ਵਿਭਾਗ ਪੀ.ਜੀ.ਆਈ. ਅਤੇ ਪ੍ਰੋ. ਅਸ਼ੋਕ ਕੁਮਾਰ ਐਡੀਸ਼ਨਲ ਮੈਡੀਕਲ ਸੁਪਰਿੰਟੈਂਡੈਂਟ ਪੀ ਜੀ ਆਈ ਚੰਡੀਗੜ੍ਹ ਨੇ ਕੀਤਾ।ਖੇਡ ਪੋਸ਼ਣ ਖੇਤਰ ਦੇ ਮੰਨੇ-ਪ੍ਰਮੰਨੇ ਮਾਹਰਾਂ ਤੇ ਬੁਲਾਰਿਆਂ ਨੇ ਜਾਣਕਾਰੀ ਸਾਂਝੀ ਕੀਤੀ ਤੇ ਪੋਸ਼ਣ ਸਪਲੀਮੈਂਟਾਂ/ਭੋਜਨ ਚੋਣਾਂ ਬਾਰੇ ਸੰਦੇਹ ਦੂਰ ਕੀਤੇ। ਦੁਨੀਆ ਭਰ ਤੋਂ ਦਰਸ਼ਕਾਂ ਦੇ ਸਵਾਲਾਂ ਨੂੰ ਆਨਲਾਈਨ ਪੋਰਟਲ ਰਾਹੀਂ ਵੀ ਸਵੀਕਾਰਿਆ ਗਿਆ ਤੇ ਇਨ੍ਹਾਂ ਦੇ ਜਵਾਬ ਪੋਸ਼ਣ, ਹੱਡੀ ਰੋਗ ਵਿਗਿਆਨ, ਗੈਸਟ੍ਰੋਐਂਟਰੋਲੋਜੀ, ਭੌਤਿਕ ਦਵਾਈ ਤੇ ਪੁਨਰਵਾਸ ਅਤੇ ਮਨੋਵਿਗਿਆਨ ਦੇ ਮਾਹਰਾਂ ਵੱਲੋਂ ਪੈਨਲ ਚਰਚਾ ਦੌਰਾਨ ਦਿੱਤੇ ਗਏ।ਇਸ ਸਫ਼ਲ ਕਾਨਫਰੰਸ ਵਿੱਚ 400 ਤੋਂ ਵੱਧ ਡੈਲੀਗੇਟਾਂ ਨੇ ਹਿੱਸਾ ਲਿਆ।

## ਮਹਿਲਾ ਸਫਾਈ ਕਰਮੀ ਦੇ ਘਰ ਦੀ ਛੱਤ ਡਿੱਗੀ, ਮਦਦ ਦੀ ਗੁਹਾਰ



ਬਠਿੰਡਾ (ਰਾਜੀਵ ਗੋਇਲ)-ਜ਼ਿਲ੍ਹੇ ਦੇ ਪਿੰਡ ਦਿਆਲਪੁਰਾ ਭਾਈ ਕਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਮਹਿਲਾ ਸਫਾਈ ਕਰਮਚਾਰੀ ਪਰਮਜੀਤ ਕੌਰ ਦੇ ਮਕਾਨ ਦੀ ਛੱਤ ਡਿੱਗ ਪਈ ਹੈ ਤੇ ਪੀੜਤ ਮਹਿਲਾ ਗੁਆਂਢੀਆਂ ਦੇ ਘਰ ਰਹਿ ਕੇ ਆਪਣਾ ਗੁਜ਼ਾਰਾ ਕਰ ਰਹੀ ਹੈ। ਪਿਛਲੇ ਕਾਫੀ ਦਿਨਾਂ ਤੋਂ ਲਗਾਤਾਰ ਪੈ ਰਹੇ ਮੀਂਹ ਕਾਰਨ ਉਕਤ ਮਹਿਲਾ ਦੇ ਘਰ ਦੀ ਪੁਰਾਣੀ ਬਾਲਿਆਂ ਨਾਲ ਬਣਾਈ ਗਈ ਛੱਤ ਢਹਿ ਢੇਰੀ ਹੋ ਗਈ ਹੈ ਅਤੇ ਬਿਨਾਂ ਛੱਤ ਤੋਂ ਮਹਿਲਾ ਗੁਆਂਢੀਆਂ ਦੇ ਘਰ ਰਹਿ ਕੇ ਆਪਣਾ ਗੁਜ਼ਾਰਾ ਕਰ ਰਹੀ ਹੈ। ਉਧਰ ਮਹਿਲਾ ਸਮੇਤ ਹੋਰ ਲੋਕਾਂ ਵੱਲੋਂ ਪੰਜਾਬ ਸਰਕਾਰ, ਡਿਪਟੀ ਕਮਿਸ਼ਨਰ ਬਠਿੰਡਾ ਤੇ ਸਮਾਜਸੇਵੀ ਲੋਕਾਂ ਪਾਸੋਂ ਮੱਦਦ ਦੀ ਗੁਹਾਰ ਲਗਾਈ ਗਈ ਹੈ ਤਾਂ ਕਿ ਉਹ ਆਪਣੇ ਮਕਾਨ ਦੀ ਛੱਤ ਦੀ ਮੁੜ ਉਸਾਰੀ ਕਰਵਾ ਸਕੇ ਤੇ ਆਪਣੇ ਘਰ ਰਹਿ ਸਕੇ। ਸਿਰਫ ਤਿੰਨ ਹਜ਼ਾਰ ਰੁਪਏ ਪ੍ਰਤੀ ਮਹੀਨਾ 'ਤੇ ਕੰਮ ਕਰਨ ਵਾਲੀ ਮਹਿਲਾ ਆਰਥਿਕ ਪੱਖੋਂ ਬਹੁਤ ਹੀ ਕਮਜ਼ੋਰ ਹੈ, ਜਿਸ ਪਾਸੋਂ ਮਦਦ ਮੰਗੀ ਗਈ ਹੈ।

## ਡੀ ਸੀ ਨੇ ਵਰ੍ਹਦੇ ਮੀਂਹ 'ਚ ਮੌਕੇ 'ਤੇ ਖੜ੍ਹ ਕੇ ਬੰਦ ਕਰਵਾਏ ਦੋ ਪਾੜ



ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਭਾਖੜਾ ਮੇਨ ਲਾਈਨ ਦੀ ਨਰਵਾਣਾ ਬ੍ਰਾਂਚ ਦੀ ਬੁਰਜੀ ਨੰਬਰ 13443 ਵਿੱਚ ਦੋ ਛੋਟੇ ਪਾੜ ਪੈ ਗਏ ਸਨ, ਜਿਸ ਬਾਰੇ ਜਾਣਕਾਰੀ ਮਿਲਦਿਆਂ ਹੀ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਵਰ੍ਹਦੇ ਮੀਂਹ ਵਿੱਚ ਮੌਕੇ ਉਤੇ ਪੁੱਜੇ ਤੇ ਆਪਣੀ ਨਿਗਰਾਨੀ ਹੇਠ ਇਨ੍ਹਾਂ ਪੈਚਾਂ ਨੂੰ ਬੰਦ ਕਰਵਾਇਆ।ਇਸ ਮੌਕੇ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਹਾਲਾਂਕਿ ਇਹ ਪਾੜ ਛੋਟੇ ਹੀ ਸਨ, ਪਰ ਫਿਰ ਵੀ ਅਹਿਤਿਆਤ ਦੇ ਤੌਰ 'ਤੇ ਇਨ੍ਹਾਂ ਛੋਟੇ ਪਾੜਾਂ ਨੂੰ ਤਰਜੀਹ ਦੇ ਆਧਾਰ 'ਤੇ ਬੰਦ ਕਰਵਾਇਆ ਜਾਣਾ ਜ਼ਰੂਰੀ ਸੀ, ਕਿਉਂਕਿ ਹਾਲੇ ਵੀ ਤੇਜ਼ ਮੀਂਹ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਕਿਹਾ ਕਿ ਹਾਲ ਦੀ ਘੜੀ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਹੜ੍ਹਾਂ ਜਿਹੀ ਕਿਸੇ ਵੀ ਸਥਿਤੀ ਦੇ ਪੈਦਾ ਹੋਣ ਤੋਂ ਪੂਰੀ ਤਰ੍ਹਾਂ ਬਚਾਅ ਹੈ, ਪਰ ਫਿਰ ਵੀ ਪੂਰੀ ਚੌਕਸੀ ਵਰਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਸਰਹਿੰਦ ਚੋਅ ਤੇ ਪਟਿਆਲਾ ਕੀ ਰਾਓ ਵਿਖੇ ਵੀ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਤੋਂ ਕਾਫ਼ੀ ਹੇਠਾਂ ਹੈ।ਅੱਜ ਹੋਈ ਭਾਰੀ ਬਰਸਾਤ ਕਾਰਨ ਜਿਹੜੇ ਸ਼ਹਿਰੀ ਜਾਂ ਦਿਹਾਤੀ ਖੇਤਰਾਂ ਵਿੱਚ ਬਰਸਾਤੀ ਪਾਣੀ ਦੇ ਇਕੱਤਰ ਹੋਣ ਦੀਆਂ ਸੂਚਨਾਵਾਂ ਮਿਲਣ ਦੀ ਸੂਰਤ ਵਿੱਚ ਫੌਰੀ ਸਬੰਧਤ ਵਿਭਾਗਾਂ ਰਾਹੀਂ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਉਨ੍ਹਾਂ ਨਾਲ ਤਹਿਸੀਲਦਾਰ ਪਰਮਪ੍ਰੀਤ ਸਿੰਘ ਗੁਰਾਇਆ, ਐੱਸ.ਡੀ.ਓ. ਬੀ ਐੱਮ ਐੱਲ ਰਾਜੇਸ਼ ਕੁਮਾਰ, ਜੇ.ਈ ਗੁਰਵਿੰਦਰ ਸਿੰਘ, ਗਗਨ ਕੁਮਾਰ ਤੇ ਮਾਨਵ ਜਿੰਦਲ ਮੌਜੂਦ ਸਨ।

## ਮਸ਼ੀਨਰੀ ਡੀਲਰਜ਼ ਐਸੋਸੀਏਸ਼ਨ ਨੇ ਰਾਸ਼ਨ ਮੁਹੱਈਆ ਕਰਾਇਆ




ਜਗਰਾਓਂ (ਅਮਿਤ ਖੰਨਾ)-ਮਸ਼ੀਨਰੀ ਡੀਲਰਜ਼ ਐਸੋਸੀਏਸ਼ਨ ਵੱਲੋਂ ਪੰਜਾਬ ਦੇ ਹੜ੍ਹ ਪ੍ਰਭਾਵਤ ਪਰਵਾਰਾਂ ਦੀ ਮਦਦ ਲਈ ਖਾਲਸਾ ਏਡ ਦੀ ਟੀਮ ਨੂੰ ਰਾਸ਼ਨ ਦੇ ਰੂਪ ਵਿੱਚ ਸੁੱਕਾ ਦੁੱਧ, ਚੌਲ, ਦਾਲਾਂ, ਪਾਣੀ ਦੀਆਂ ਬੋਤਲਾਂ, ਓ.ਆਰ.ਐਸ ਦੇ ਪੈਕਟ, ਸਾਬਣ, ਬਰੁਸ਼, ਟੂੱਥਪੇਸਟ, ਟਾਰਚਾਂ, ਬੈਟਰੀਆਂ, ਸੈਨਟਰੀ ਪੈਡ, ਤਰਪਾਲ, ਮੱਛਰਦਾਨੀਆਂ ਆਦਿ ਚੀਜ਼ਾਂ ਮੁਹੱਈਆ ਕਰਾਈਆਂ।ਪ੍ਰਧਾਨ ਸੁਮਿਤ ਜੈਨ ਤੇ ਸਕੱਤਰ ਦਮਨਦੀਪ ਸਿੰਘ ਨੇ ਕਿਹਾ ਕਿ ਕੁੱਝ ਦਿਨਾਂ ਤੋਂ ਪਹਾੜਾਂ ਤੇ ਮੈਦਾਨੀ ਇਲਾਕਿਆਂ ਵਿੱਚ ਹੋ ਰਹੀ ਭਾਰੀ ਬਾਰਿਸ਼ ਕਾਰਨ ਪੰਜਾਬ ਹੜ੍ਹਾਂ ਦੀ ਮਾਰ ਹੇਠ ਹੈ।ਅੱਜ ਦੇ ਸਮੇਂ ਵਿੱਚ ਜਿੱਥੇ ਮਨੁੱਖ ਦੋ ਟਾਇਮ ਦੀ ਰੋਟੀ ਲਈ ਜਦੋਂ ਜਹਿਦ ਕਰ ਰਿਹਾ ਹੈ, ਉੱਥੇ ਕੁਦਰਤ ਨੇ ਬਾਰਿਸ਼ ਤੇ ਹੜ੍ਹਾਂ ਦੇ ਰੂਪ ਵਿੱਚ ਵਿਕਰਾਲ ਰੂਪ ਵਿਖਾਉਂਦਿਆਂ ਲੋਕਾਂ ਦੀ ਜ਼ਿੰਦਗੀ ਨੂੰ ਉਥਲ ਪੁਥਲ ਕਰਕੇ ਰੱਖ ਦਿੱਤਾ ਹੈ।ਡੈਮਾਂ ਵਿੱਚ ਪਾਣੀ ਖਤਰੇ ਦੇ ਨਿਸ਼ਾਨ ਤੋਂ ਉੱਪਰ ਜਾਣ ਕਾਰਨ ਡੈਮਾਂ ਦੇ ਫਲੱਡ ਗੇਟ ਖੋਲ੍ਹ ਦਿੱਤੇ ਗਏ ਹਨ, ਜਿਸ ਕਾਰਨ ਪੰਜਾਬ ਦੇ ਕਈ ਪਿੰਡ ਇਸ ਪਾਣੀ ਦੀ ਲਪੇਟ ਵਿੱਚ ਆ ਗਏ।ਪਹਿਲਾਂ ਤੋਂ ਕਰਜ਼ੇ ਦੀ ਮਾਰ ਝੱਲ ਰਹੇ ਕਿਸਾਨ ਦੀ ਹੀ ਉਗਾਈ ਹੋਈ ਸਾਰੀ ਫ਼ਸਲ ਤਬਾਹ ਹੋ ਚੁੱਕੀ ਹੈ।ਕੁਦਰਤ ਦੀ ਇਸ ਮਾਰ ਨਾਲ ਲੋਕਾਂ ਦੇ ਘਰ ਪਾਣੀ ਦੀ ਲਪੇਟ 'ਚ ਆਉਣ ਨਾਲ ਇਸ ਨਾਲ ਘਰਾਂ ਵਿੱਚ ਰੱਖੇ ਹੋਏ ਪਸ਼ੂਆਂ ਦਾ ਵੀ ਬਚਾਅ ਨਹੀਂ ਹੋ ਸਕਿਆ।

## ਮੀਂਹ ਨਾਲ ਕਮਰਾ ਡਿੱਗਿਆ, ਸਮਾਨ ਦਾ ਹੋਇਆ ਨੁਕਸਾਨ



ਜਲਾਲਾਬਾਦ (ਜੀਤ ਕੁਮਾਰ)-ਬੀਤੇ ਦਿਨਾਂ ਤੋਂ ਇਲਾਕੇ ਵਿੱਚ ਮੀਂਹ ਕਹਿਰ ਬਣ ਕੇ ਪੈ ਰਿਹਾ ਹੈ, ਜਿਸ ਨਾਲ ਲੋਕਾਂ ਲਈ ਮੁਸੀਬਤ ਬਣਿਆ ਹੋਇਆ ਹੈ। ਇਸੇ ਮੀਂਹ ਦੇ ਕਹਿਰ ਦੇ ਚੱਲਦੇ ਪਿੰਡ ਚੱਕ ਅਰਾਈਆਂਵਾਲਾ (ਫਲੀਆਂਵਾਲਾ) ਦੇ ਨਿਵਾਸੀ ਗੁਰਦੀਪ ਸਿੰਘ ਪੁੱਤਰ ਦਰਸ਼ਨ ਸਿੰਘ ਦਾ ਕਮਰਾ ਡਿੱਗ ਪਿਆ, ਜਿਸ ਨਾਲ ਉਸਦਾ ਸਮਾਨ ਥੱਲੇ ਆ ਗਿਆ ਪਰ ਆਪ ਵਾਲ਼-ਵਾਲ਼ ਬਚ ਗਏ। ਗੁਰਦੀਪ ਸਿੰਘ ਨੇ ਦੱਸਿਆ ਕਿ ਬੀਤੇ ਦਿਨਾਂ ਤੋਂ ਪੈ ਰਹੇ ਮੀਹ ਦੇ ਚੱਲਦੇ ਉਨ੍ਹਾਂ ਦਾ ਕੱਚਾ ਕਮਰਾ ਡਿੱਗ ਪਿਆ ਹੈ, ਜਿਸ ਨਾਲ ਅੰਦਰ ਪਿਆ ਸਮਾਨ ਥੱਲੇ ਆਉਣ ਨਾਲ ਨੁਕਸਾਨ ਹੋਇਆ ਹੈ। ਉਨ੍ਹਾਂ ਜਿਲ੍ਹਾ ਪ੍ਰਸ਼ਾਸਨ ਪਾਸੋ ਮੰਗ ਕੀਤੀ ਕਿ ਉਸਦੇ ਡਿੱਗੇ ਕਮਰੇ ਦਾ ਮੁਆਵਜ਼ਾ ਦਿੱਤਾ ਜਾਵੇ ਤਾਂ ਜੁ ਉਹ ਨਵਾਂ ਕਮਰਾ ਬਣਾ ਸਕੇ।

3 Sep Page 11.qxd 9/2/2025 10:54 PM Page 1



# ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ



**ਪੱਟੀ (ਬਲਦੇਵ ਸਿੰਘ ਸੰਧੂ)**- ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਲਈ ਪੁੱਜੇ।ਇਸ ਦੌਰਾਨ ਰਾਜਪਾਲ ਕਟਾਰੀਆ ਨੇ ਬਿਆਸ ਤੇ ਸਤਲੁਜ ਦਰਿਆਵਾਂ ਦੇ ਸੰਗਮ ਹਰੀਕੇ ਹੈੱਡ ਵਰਕਸ ਦੇ ਸਤਲੁਜ ਦਰਿਆ ਤੇ ਬਣੇ ਪੁਲ 'ਤੇ ਪਹੁੰਚ ਕੇ ਹਰੀਕੇ ਹੈੱਡਵਰਕਸ ਤੋਂ ਡਾਊਨ ਸਟਰੀਮ ਨੂੰ ਛੱਡੇ ਜਾ ਰਹੇ ਪਾਣੀ ਸਬੰਧੀ ਜ਼ਿਲ੍ਹਾ ਅਧਿਕਾਰੀਆਂ ਤੋਂ ਜਾਣਕਾਰੀ ਹਾਸਿਲ ਕੀਤੀ।ਇਸ ਮੌਕੇ ਜ਼ਿਲ੍ਹਾ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਰਾਹੁਲ ਨੇ ਜਾਣਕਾਰੀ ਦਿੰਦਿਆਂ ਰਾਜਪਾਲ ਨੂੰ ਦੱਸਿਆ ਕਿ ਹਰੀਕੇ ਹੈੱਡਵਰਕਸ ਤੋਂ ਡਾਊਨ ਸਟਰੀਮ ਨੂੰ ਛੱਡੇ ਜਾ ਰਹੇ ਪਾਣੀ ਕਾਰਨ ਜ਼ਿਲ੍ਹਾ ਤਰਨ ਤਾਰਨ ਦੇ ਦਰਜਨਾਂ ਪਿੰਡਾਂ ਦੀ ਜ਼ਮੀਨ ਦਰਿਆਈ ਪਾਣੀ ਦੀ ਮਾਰ ਹੇਠ ਹੈ।ਸ੍ਰੀ ਕਟਾਰੀਆ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਕੁਦਰਤੀ ਆਫ਼ਤ ਦੀ ਇਸ ਔਖੀ ਘੜੀ ਮੌਕੇ ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਕਰਨਾ ਪਹਿਲ ਦੇ ਆਧਾਰ 'ਤੇ ਯਕੀਨੀ ਬਣਾਇਆ ਜਾਵੇ ਅਤੇ ਪਸ਼ੂਧਨ ਨੂੰ ਵੀ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ ਜਾਵੇ।ਉਨ੍ਹਾਂ ਕਿਹਾ ਕਿ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਦਰਿਆਈ ਪਾਣੀ ਦੀ ਮਾਰ ਹੇਠ ਆਉਣ ਕਾਰਨ ਫਸਲਾਂ ਅਤੇ ਹੋਰ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਦਾ ਮੁਲਾਂਕਣ ਕਰਕੇ ਉਚਿਤ ਮੁਆਵਜ਼ਾ ਦਿੱਤਾ ਜਾਵੇਗਾ।ਉਨ੍ਹਾਂ ਜ਼ਿਲ੍ਹਾ ਅਧਿਕਾਰੀਆਂ ਤੇ ਬੀਐੱਸਐੱਫ. ਦੇ ਅਫ਼ਸਰਾਂ ਨਾਲ ਵੀ ਵਿਸ਼ੇਸ਼ ਮੀਟਿੰਗ ਕੀਤੀ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪ੍ਰਸ਼ਾਸਨ ਵੱਲੋਂ ਚੱਲ ਰਹੇ ਪ੍ਰਬੰਧਾਂ ਸਬੰਧੀ ਜਾਣਕਾਰੀ ਲਈ।ਇਸ ਮੌਕੇ ਡੀਸੀ ਸ੍ਰੀ ਰਾਹੁਲ, ਐੱਸਐੱਸਪੀ ਦੀਪਕ ਪਾਰਿਕ, ਵਧੀਕ ਡਿਪਟੀ ਕਮਿਸ਼ਨਰ ਰਾਜਦੀਪ ਸਿੰਘ ਬਰਾੜ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸੰਜੀਵ ਸ਼ਰਮਾ, ਐੱਸਡੀਐੱਮ. ਪੱਟੀ ਪ੍ਰੀਤਇੰਦਰ ਸਿੰਘ, ਐੱਸਡੀਐੱਮ. ਤਰਨ ਤਾਰਨ ਗੁਰਮੀਤ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਅਤਿ ਜ਼ਰੂਰੀ ਵਸਤਾਂ ਦੀ ਕਾਲਾਬਾਜ਼ਾਰੀ ਕਰਨ ਵਾਲਿਆਂ 'ਤੇ ਹੋਵੇਗੀ ਸਖ਼ਤ ਕਾਰਵਾਈ : ਜ਼ਿਲ੍ਹਾ ਮੈਜਿਸਟਰੇਟ



**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ, ਕਮਲੇਸ਼)**- ਕੁਝ ਸਟਾਕਿਸਟਾਂ ਵੱਲੋਂ ਅਤਿ ਜ਼ਰੂਰੀ ਵਸਤਾਂ ਜਿਵੇਂ ਕਿ ਖਾਣ ਪੀਣ ਦੀਆਂ ਚੀਜ਼ਾਂ, ਪੈਟਰੋਲ, ਡੀਜ਼ਲ, ਚਾਰਾ ਅਤੇ ਹੋਰ ਰੋਜ਼ਾਨਾ ਦੀ ਵਰਤੋਂ ਵਾਲੀਆਂ ਵਸਤਾਂ ਦਾ ਭੰਡਾਰ ਇਕੱਠਾ ਕਰਕੇ ਗੈਰ ਨੈਤਿਕ ਢੰਗ ਨਾਲ ਕੀਮਤਾਂ ਵਿੱਚ ਵਾਧਾ ਕਰਕੇ ਕਾਲਾਬਾਜ਼ਾਰੀ ਅਤੇ ਸਪਲਾਈ ਦੀ ਕਮੀ ਵੱਲ ਜਾ ਰਹੇ ਹਨ। ਅਜਿਹਾ ਕਰਨ ਨਾਲ ਆਮ ਲੋਕਾਂ ਨੂੰ ਖਾਸ ਕਰਕੇ ਕਮਜ਼ੋਰ ਵਰਗਾਂ 'ਤੇ ਗੰਭੀਰ ਪ੍ਰਭਾਵ ਪੈ ਰਿਹਾ ਹੈ।ਆਮ ਜਨਤਾ ਦੇ ਹਿੱਤਾਂ ਦੀ ਰਾਖੀ ਲਈ ਅਤਿ ਜ਼ਰੂਰੀ ਵਸਤਾਂ ਦੀ ਸਹੀ ਉਪਲਬੱਧਤਾ ਬਣਾਈ ਰੱਖਣ ਲਈ ਮੈਂ ਸਾਕਸ਼ੀ ਸਾਹਨੀ ਜ਼ਿਲ੍ਹਾ ਮੈਜਿਸਟਰੇਟ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ ਐਕਟ 2023 ਦੀ ਧਾਰਾ 163 ਅਤੇ ਅਤਿ ਜ਼ਰੂਰੀ ਵਸਤੂਆਂ ਐਕਟ 1955 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਆਦੇਸ਼ ਜਾਰੀ ਕਰਦੀ ਹਾਂ ਕਿ ਕੋਈ ਵੀ ਵਿਅਕਤੀ, ਵਪਾਰੀ ਜਾਂ ਸੰਸਥਾ ਖਾਦ, ਅਨਾਜ ਅਤੇ ਹੋਰ ਖਾਣ ਪੀਣ ਦੀਆਂ ਵਸਤਾਂ, ਚਾਰਾ, ਦੁੱਧ ਅਤੇ ਡੇਅਰੀ ਉਤਪਾਦ, ਪੈਟਰੋਲ ਅਤੇ ਹੋਰ ਈਧਨ ਅਤੇ ਹੋਰ ਰੋਜ਼ਾਨਾ ਦੀਆਂ ਜ਼ਰੂਰੀ ਵਸਤਾਂ ਦਾ ਭੰਡਾਰ ਨਹੀਂ ਕਰੇਗਾ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਪਾਸ ਕਿਸੇ ਤਰ੍ਹਾਂ ਦੀ ਭੰਡਾਰਨ ਜਾਂ ਕੀਮਤਾਂ ਵਿੱਚ ਵਾਧਾ ਸਬੰਧੀ ਕੋਈ ਵੀ ਜਾਣਕਾਰੀ ਦੇਣਾ ਚਾਹੁੰਦਾ ਹੋਵੇ ਤਾਂ ਉਹ ਅਤਿ ਜ਼ਰੂਰੀ ਵਸਤੂਆਂ/ਡੀਜ਼ਲ, ਪੈਟਰੋਲ ਆਦਿ ਲਈ 0183-22564966, ਵੈਟਨਰੀ ਸੇਵਾਵਾਂ ਲਈ ਪਸ਼ੂ ਪਾਲਣ ਵਿਭਾਗ ਦੇ ਮਨਦੀਪ ਸਿੰਘ ਦੇ ਮੋਬਾਇਲ ਨੰ: 97803-00111 ਅਤੇ ਰਵਿੰਦਰ ਸਿੰਘ ਕੰਗ ਦੇ ਮੋਬਾਇਲ ਨੰ: 98147-02028, ਸਬਜ਼ੀ ਆਦਿ ਲਈ ਮੰਡੀ ਬੋਰਡ ਦੇ ਨੰਬਰ 0183-2527459 ਅਤੇ ਪਸ਼ੂਆਂ ਦੇ ਚਾਰੇ ਲਈ ਖੇਤੀਬਾੜੀ ਅਫ਼ਸਰ ਦੇ ਨੰਬਰ 0183-2506669 ਅਤੇ ਡਾ: ਨਰਿੰਦਰ ਸ਼ਰਮਾ ਦੇ ਮੋਬਾਇਲ ਨੰ: 98154-96304 ਤੇ ਸੰਪਰਕ ਕੀਤਾ ਜਾ ਸਕਦਾ ਹੈ।ਉਨ੍ਹਾਂ ਦੱਸਿਆ ਕਿ ਹਾਲਾਤ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਕਾਨੂੰਨ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ।



# ਸੂਬਾ ਸਰਕਾਰ ਹੜ੍ਹ ਮਾਰੇ ਲੋਕਾਂ ਨਾਲ ਪੂਰੀ ਮਜ਼ਬੂਤੀ ਨਾਲ ਖੜ੍ਹੀ ਹੈ : ਸ਼ੈਰੀ ਕਲਸੀ

**ਬਟਾਲਾ (ਤਰਲੋਕ ਭੱਗਾ, ਡਾ. ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਰਾਹਤ ਸਮੱਗਰੀ ਭੇਜੀ ਜਾ ਰਹੀ ਹੈ ਅਤੇ ਅੱਜ ਦੂਜੇ ਦਿਨ ਵੀ ਉਨ੍ਹਾਂ ਦੀ ਅਗਵਾਈ ਹੇਠ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪਸ਼ੂਆਂ ਦੇ ਚਾਰੇ ਲਈ ਪਿੰਡ ਸ਼ੇਖਵਾਂ ਬੇਟ ਤੋਂ ਪੱਠੇ ਤੇ ਰਾਹਤ ਸਮੱਗਰੀ ਭਰ ਕੇ ਬਾਬਾ ਨਾਨਕ ਭੇਜੀ ਗਈ।ਇਸ ਮੌਕੇ ਡਾਇਰੈਕਟਰ ਮਨਜੀਤ ਸਿੰਘ ਭੁੱਲਰ ਵੀ ਮੌਜੂਦ ਸਨ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਭਾਰੀ ਮੀਂਹ ਅਤੇ ਹੜ੍ਹਾਂ ਕਾਰਨ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਲੋਕਾਂ ਨਾਲ ਪੂਰੀ ਮਜ਼ਬੂਤੀ ਨਾਲ ਖੜ੍ਹੀ ਹੈ।ਉਨ੍ਹਾਂ ਇਸ ਸਥਿਤੀ ਨੂੰ ਕੁਦਰਤੀ ਆਫ਼ਤ ਵਜੋਂ ਉੱਭਰੀ ਹੈ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸੂਬਾ ਸਰਕਾਰ ਪ੍ਰਭਾਵਿਤ ਪਰਿਵਾਰਾਂ ਦੇ ਹਿੱਤਾਂ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਉਨ੍ਹਾਂ ਦੁਹਰਾਇਆ ਕਿ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਪ੍ਰਭਾਵਿਤ ਲੋਕਾਂ ਤੱਕ ਸਮੇਂ ਸਿਰ ਰਾਹਤ, ਡਾਕਟਰੀ ਸਹਾਇਤਾ ਤੇ ਦਵਾਈਆਂ ਅਤੇ ਮੁੜ ਵਸੇਬੇ ਦੀਆਂ ਸਹੂਲਤਾਂ ਪਹੁੰਚਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ।ਉਨ੍ਹਾਂ ਕਿਹਾ ਕਿ ਸਰਕਾਰ ਪ੍ਰਭਾਵਿਤ ਲੋਕਾਂ ਦੇ ਨਾਲ ਹੈ ਅਤੇ ਕਿਸੇ ਨੂੰ ਇਕੱਲਿਆਂ ਨਹੀਂ ਛੱਡਿਆ ਜਾਵੇਗਾ।

# ਸਰਬ ਸਾਂਝਾ ਵੈੱਲਫੇਅਰ ਸੋਸਾਇਟੀ ਵੱਲੋਂ ਲੜਕੀਆਂ ਦੇ ਸਮੂਹਿਕ ਵਿਆਹ 28 ਨੂੰ

**ਮੋਹਾਲੀ (ਗੁਰਜੀਤ ਬਿੱਲਾ)** : ਸਰਬ ਸਾਂਝਾ ਵੈੱਲਫੇਅਰ ਸੁਸਾਇਟੀ (ਰਜਿ.) ਸੈਕਟਰ 90-91 ਵੱਲੋਂ ਵਿਧਾਇਕ ਕੁਲਵੰਤ ਸਿੰਘ ਦੀ ਸਰਪ੍ਰਸਤੀ ਹੇਠ ਸੰਗਤਾਂ ਦੇ ਸਹਿਯੋਗ ਨਾਲ ਲੋੜਵੰਦ ਲੜਕੀਆਂ ਦੇ ਸਮੂਹਿਕ ਵਿਆਹ ਕਰਵਾਏ ਜਾ ਰਹੇ ਹਨ, ਇਸ ਪ੍ਰੋਗਰਾਮ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਸਟੇਟ ਐਵਾਰਡੀ ਫੂਲਰਾਜ ਸਿੰਘ ਸਾਬਕਾ ਸੀਨੀਅਰ ਵਾਈਸ ਪ੍ਰਧਾਨ ਮਿਊਂਸੀਪਲ ਕੌਂਸਲ ਮੋਹਾਲੀ ਨੇ ਦੱਸਿਆ ਕਿ 28 ਸਤੰਬਰ ਦਿਨ ਐਤਵਾਰ ਨੂੰ ਗੁਰਦੁਆਰਾ ਨਾਨਕ ਦਰਬਾਰ ਸਾਹਿਬ ਸੈਕਟਰ 90-91 ਵਿਖੇ ਲੋੜਵੰਦ ਲੜਕੀਆਂ ਦੇ ਸਮੂਹਿਕ ਵਿਆਹ ਕਰਵਾਏ ਜਾ ਰਹੇ ਹਨ।ਇਸ ਸਬੰਧੀ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਉਹ ਤਨ, ਮਨ ਅਤੇ ਧਨ ਨਾਲ ਇਸ ਪਵਿੱਤਰ ਕਾਰਜ ਵਿੱਚ ਆਪਣਾ ਸਹਿਯੋਗ ਪਾਉਣ ਅਤੇ ਲੋੜਵੰਦ ਜੋੜਿਆਂ ਨੂੰ ਸਾਨੂੰ ਮਿਲਵਾਉਣ ਵਿੱਚ ਆਪਣਾ ਯੋਗਦਾਨ ਜ਼ਰੂਰ ਪਾਉਣ, ਸਟੇਟ ਐਵਾਰਡੀ ਫੂਲਰਾਜ ਸਿੰਘ ਹੋਰਾਂ ਦੱਸਿਆ ਕਿ ਵਿਆਹ ਦੀ ਰਜਿਸਟ੍ਰੇਸ਼ਨ ਦੀ ਆਖਰੀ ਮਿਤੀ 20 ਸਤੰਬਰ ਨਿਰਧਾਰਤ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਇਸ ਵਿਆਹ ਸਮਾਗਮ ਦੇ ਦੌਰਾਨ ਲੜਕੀਆਂ ਨੂੰ (80 ਹਜ਼ਾਰ ਰੁਪਏ ਲਗਭਗ) ਘਰੇਲੂ ਜ਼ਰੂਰਤ ਦਾ ਸਾਮਾਨ ਵੀ ਮੁਹੱਈਆ ਕਰਵਾਇਆ ਜਾਵੇਗਾ।

# ਸਿੱਖ ਚਿੰਤਕ ਦਿਲਜੀਤ ਸਿੰਘ ਬੇਦੀ ਦਾ ਅੰਗੀਠਾ ਧਾਰਮਿਕ ਰਹੁਰੀਤਾਂ ਨਾਲ ਸਮੇਟਿਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਉੱਘੇ ਸਿੱਖ ਚਿੰਤਕ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਸ. ਦਿਲਜੀਤ ਸਿੰਘ ਬੇਦੀ ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦਾ ਅੱਜ ਧਾਰਮਿਕ ਰਹੁਰੀਤਾਂ ਅਨੁਸਾਰ ਅੰਗੀਠਾ ਸਮੇਟਿਆ ਗਿਆ।ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਬਾਬਾ ਭਗਤ ਸਿੰਘ, ਮੈਨੇਜਰ ਪਰਮਜੀਤ ਸਿੰਘ ਬਾਜਵਾ, ਭਾਜਪਾ ਦੇ ਸੀਨੀਅਰ ਆਗੂ ਇੰਦਰਜੀਤ ਸਿੰਘ ਬਾਸਰਕੇ ਦੇ ਇਲਾਵਾ ਬੇਦੀ ਪਰਵਾਰ ਦੇ ਸਮੂਹ ਮੈਂਬਰ ਅਤੇ ਰਿਸ਼ਤੇਦਾਰ ਸਾਕ ਸਬੰਧੀ ਵੱਡੀ ਗਿਣਤੀ ਵਿਚ ਸ਼ਾਮਲ ਸਨ।ਨਿਹੰਗ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਦੱਸਿਆ ਕਿ ਦਿਲਜੀਤ ਸਿੰਘ ਬੇਦੀ ਦਾ ਨਮਿਤ ਅੰਤਿਮ ਅਰਦਾਸ ਸਮਾਗਮ 8 ਸਤੰਬਰ ਦਿਨ ਸੋਮਵਾਰ ਨੂੰ 12:00 ਤੋਂ 1:00 ਵਜੇ ਤੀਕ ਗੁਰਦੁਆਰਾ ਬੁਰਜ ਅਕਾਲੀ ਫੂਲਾ ਸਿੰਘ ਛਾਉਣੀ ਨਿਹੰਗ ਸਿੰਘ ਬੁੱਢਾ ਦਲ ਵਿਖੇ ਆਯੋਜਿਤ ਕੀਤਾ ਜਾਵੇਗਾ।ਇਸ ਮੌਕੇ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ, ਸਮੂਹ ਨਿਹੰਗ ਸਿੰਘ ਜਥੇਬੰਦੀਆਂ ਤੋਂ ਇਲਾਵਾ ਵੱਖ-ਵੱਖ ਸੰਪਰਦਾਵਾਂ ਦੇ ਮੁਖੀ ਸਾਹਿਬਾਨ ਦਿਲਜੀਤ ਸਿੰਘ ਬੇਦੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

# ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਸ਼ੂਆਂ ਦੇ ਇਲਾਜ ਲਈ 24 ਟੀਮਾਂ ਦਾ ਗਠਨ



**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜਿੱਥੇ ਇਨਸਾਨੀ ਜ਼ਿੰਦਗੀਆਂ ਨੂੰ ਬਚਾਉਣ ਲਈ ਦਿਨ-ਰਾਤ ਰਾਹਤ ਕਾਰਜ ਚਲਾਏ ਜਾ ਰਹੇ ਹਨ ਓਥੇ ਪਸ਼ੂਆਂ ਦੇ ਬਚਾਅ ਲਈ ਵੀ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਸ਼ੂਆਂ ਦੇ ਇਲਾਜ ਲਈ 24 ਟੀਮਾਂ ਗਠਿਤ ਕੀਤੀਆਂ ਹਨ ਜੋ ਲਗਾਤਾਰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜ ਕਰ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਇਹ ਟੀਮਾਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਹਰੇਕ ਕਿਸਾਨ ਦੇ ਘਰ ਤੱਕ ਪਹੁੰਚ ਕਰ ਕੇ ਪਸ਼ੂਆਂ ਦਾ ਇਲਾਜ ਕਰ ਰਹੀਆਂ ਅਤੇ ਨਾਲ ਹੀ ਪਸ਼ੂਆਂ ਨੂੰ ਚਾਰਾ ਤੇ ਫੀਡ ਵੰਡੀ ਜਾ ਰਹੀ ਹੈ।ਡੀਸੀ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਇਸ ਸੰਕਟ ਦੀ ਘੜੀ 'ਚ ਪੂਰੀ ਸਮਰੱਥਾ ਨਾਲ ਨਜਿੱਠ ਰਿਹਾ ਹੈ ਅਤੇ ਲੋਕਾਂ ਨੂੰ ਕਿਸੇ ਪ੍ਰਕਾਰ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।

# ਡਾ. ਦੇਵਿੰਦਰ ਸੈਫ਼ੀ ਨਾਲ ਰੂਬਰੂ ਅਤੇ ਟੀਮ ਤਾਜਪੋਸ਼ੀ ਸਮਾਗਮ

## ਕਲਾ ਤੇ ਸੰਵੇਦਨਾ ਇਨਸਾਨ ਨੂੰ ਪੱਥਰ ਨਹੀਂ ਬਣਨ ਦਿੰਦੀ : ਡਾ. ਸੈਫ਼ੀ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਇੰਡਕ ਆਰਟਸ ਵੈੱਲਫ਼ੇਅਰ ਕੌਂਸਲ ਦੀ ਸਾਹਿਤ ਅਤੇ ਭਾਸ਼ਾ ਸੈੱਲ ਦੀ ਅੰਮ੍ਰਿਤਸਰ ਇਕਾਈ ਦਾ ਤਾਜਪੋਸ਼ੀ ਤੇ ਡਾ. ਦੇਵਿੰਦਰ ਸੈਫ਼ੀ ਦਾ ਰੂ-ਬ-ਰੂ ਸਮਾਗਮ ਦਾਰਾ ਰੋਇਲ ਹੋਟਲ ਵਿੱਚ ਕਰਵਾਇਆ ਗਿਆ। ਇਸ ਦੀ ਪ੍ਰਧਾਨਗੀ ਇੰਡਕ ਆਰਟਸ ਕੌਂਸਲ ਦੇ ਡਾਇਰੈਕਟਰ ਪ੍ਰੋਫੈਸਰ ਭੋਲਾ ਯਮਲਾ ਤੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਹਰਮਨ ਪਿਆਰੇ ਸ਼ਾਇਰ, ਲੇਖਕ ਤੇ ਚਿੰਤਕ ਡਾਕਟਰ ਦੇਵਿੰਦਰ ਸੈਫ਼ੀ ਨੇ ਕੀਤੀ।ਪ੍ਰੋਗਰਾਮ ਦਾ ਆਗਾਜ਼ ਬਾਲ ਲੋਕ ਗਾਇਕ ਅਰਮਾਨਬੀਰ ਸਿੰਘ ਦੇ ਧਾਰਮਿਕ ਗੀਤ ਨਾਲ ਹੋਇਆ।ਉਪਰੰਤ ਡਾ. ਸੈਫ਼ੀ ਨੇ ਰੂਬਰੂ ਹੁੰਦਿਆਂ ਆਪਣੇ ਜੀਵਨ, ਸਾਹਿਤ, ਆਲੋਚਨਾ, ਫ਼ਿਲਾਸਫ਼ੀ ਬਾਰੇ ਦੱਸਿਆ।ਆਪਣੀਆਂ ਚੋਣਵੀਆਂ ਕਵਿਤਾਵਾਂ ਸੁਣਾ ਕੇ ਸਰੋਤਿਆਂ ਦੀ ਭਰਪੂਰ ਵਾਹ-ਵਾਹ ਖੱਟੀ। ਇਸ ਪ੍ਰਭਾਵਸ਼ਾਲੀ ਪ੍ਰੋਗਰਾਮ ਵਿੱਚ ਡਾ. ਦੇਵਿੰਦਰ ਸੈਫ਼ੀ ਨੂੰ 'ਹਰਫਾਂ ਦਾ ਜਾਦੂਗਰ' ਸਨਮਾਨ ਪੱਤਰ ਤੇ ਮਝੈਲਾਂ ਦੀ ਸੱਥ ਦੇ ਪ੍ਰਧਾਨ ਡਾਕਟਰ ਗਗਨ ਤੇ ਮਨਦੀਪ ਬੋਪਾਰਾਏ ਵੱਲੋਂ ਲੋਈ ਅਤੇ ਸ਼ਮਸ਼ੀਰ ਦੇ ਕੇ ਸਨਮਾਨਿਤ ਕੀਤਾ ਗਿਆ।ਸ. ਸਤਬੀਰ ਸਿੰਘ ਨੂੰ ਸੇਵਾ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।ਪ੍ਰੋਗਰਾਮ ਦੇ ਅਖੀਰ ਵਿੱਚ ਪ੍ਰੋਫੈਸਰ ਭੋਲਾ ਯਮਲਾ, ਮੈਡਮ ਹਰਪਿੰਦਰ ਰੁਪਾਣਾ, ਇਕਬਾਲ ਸਿੰਘ ਸਹੋਤਾ, ਚਮਕੌਰ ਸਿੰਘ ਥਾਂਦੇਵਾਲਾ ਤੇ ਪੂਰੀ ਪ੍ਰਬੰਧਕੀ ਟੀਮ ਵੱਲੋਂ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਲੈਕਚਰਾਰ ਰਾਜਬੀਰ ਕੌਰ ਗਰੇਵਾਲ, ਰਜਨੀਸ਼ ਭਾਰਦਵਾਜ ਸੀਨੀਅਰ ਮੀਤ ਪ੍ਰਧਾਨ, ਸਤਬੀਰ ਸਿੰਘ ਸੀਨੀਅਰ ਮੀਤ ਪ੍ਰਧਾਨ ਹਾਜ਼ਰ ਸਨ।




# ਸਾਧਪੁਰ ਤੋਂ ਪਸ਼ੂਆਂ ਲਈ ਤੂੜੀ ਅਤੇ ਚਾਰੇ ਦੀਆਂ ਟਰਾਲੀਆਂ ਰਵਾਨਾ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**— ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਸਾਧਪੁਰ ਤੋਂ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਵਿੱਚ ਲੋਕਾਂ ਦੀ ਸੇਵਾ ਨੂੰ ਮੁੱਖ ਰੱਖਦੇ ਹੋਏ ਪਿੰਡ ਵਾਸੀਆਂ ਵੱਲੋਂ ਇੱਕ ਮੁੱਠ ਹੋ ਕੇ ਹੜ੍ਹ ਵਿੱਚ ਘਿਰੇ ਹੋਏ ਲੋਕਾਂ ਦੇ ਪਸੂ ਡੰਗਰਾਂ ਦੇ ਲਈ ਤੂੜੀ ਅਤੇ ਹੋਰ ਚਾਰਾ ਟਰਾਲੀਆਂ ਰਾਹੀਂ ਭੇਜਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਵਾਸੀਆਂ ਨੇ ਦੱਸਿਆ ਕਿ ਪਿੰਡ ਦੇ ਲੋਕ ਬੜੇ ਜੋਸ਼ੋ ਖਰੋਸ਼ ਦੇ ਨਾਲ ਹੜ੍ਹ ਪੀੜਤਾਂ ਦੀ ਮਦਦ ਕਰ ਰਹੇ ਹਨ। ਇਸ ਤੋਂ ਪਹਿਲਾਂ ਵੀ ਪਿੰਡ ਵਿੱਚੋਂ ਲੰਗਰ ਪ੍ਰਸ਼ਾਦਾ ਸੰਤ ਬਾਬਾ ਸੱਜਣ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਰਾਹੀਂ ਲੋਕਾਂ ਵਿੱਚ ਵੰਡਣ ਲਈ ਭੇਜਿਆ ਜਾ ਚੁੱਕਾ ਹੈ।

# ਆਈਏਐੱਸ ਅਧਿਕਾਰੀ ਵਰੁਣ ਰੂਜ਼ਮ ਤੇ ਬਸੰਤ ਗਰਗ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਲਿਆ ਜਾਇਜ਼ਾ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਪੰਜਾਬ ਸਰਕਾਰ ਦੇ ਸੀਨੀਅਰ ਆਈਏਐੱਸ ਅਧਿਕਾਰੀ ਵਰੁਣ ਰੂਜ਼ਮ ਅਤੇ ਬਸੰਤ ਗਰਗ ਵੱਲੋਂ ਡੇਰਾ ਬਾਬਾ ਨਾਨਕ ਵਿਖੇ ਹੜ੍ਹ ਪ੍ਰਭਾਵਿਤ ਇਲਾਕੇ ਦਾ ਦੌਰਾ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ, ਐੱਸਡੀਐੱਮ ਡੇਰਾ ਬਾਬਾ ਨਾਨਕ ਡਾ. ਆਦਿੱਤਯ ਸ਼ਰਮਾ, ਐੱਸਡੀਐੱਮ ਫ਼ਤਿਹਗੜ੍ਹ ਚੂੜੀਆਂ ਗੁਰਮੰਦਰ ਸਿੰਘ ਵੀ ਮੌਜੂਦ ਸਨ।ਉਨ੍ਹਾਂ ਬੀਡੀਪੀਓ ਦਫ਼ਤਰ ਡੇਰਾ ਬਾਬਾ ਨਾਨਕ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਜ਼ਿਲ੍ਹੇ ਵਿੱਚ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਜਾਣਕਾਰੀ ਹਾਸਲ ਕੀਤੀ ਗਈ ਅਤੇ ਨਾਲ ਹੀ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜਾਂ ਦੀ ਸਮੀਖਿਆ ਕੀਤੀ।ਡੀਸੀ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜਾਂ 'ਚ ਦਿਨ-ਰਾਤ ਲੱਗੀਆਂ ਹੋਈਆਂ ਹਨ ਅਤੇ ਪ੍ਰਸ਼ਾਸਨ ਵੱਲੋਂ ਹਰ ਲੋੜਵੰਦ ਤੱਕ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਹਤ ਕਾਰਜਾਂ ਵਿੱਚ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।ਇਸ ਤੋਂ ਬਾਅਦ ਉਨ੍ਹਾਂ ਹੜ੍ਹ ਕਾਰਨ ਡੇਰਾ ਬਾਬਾ ਨਾਨਕ ਦੇ ਨਾਲ ਲੱਗਦੇ ਇਲਾਕੇ ਅਤੇ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਦੇ ਹੋਏ ਨੁਕਸਾਨ ਦਾ ਜਾਇਜ਼ਾ ਵੀ ਲਿਆ।

# ਸਰਕਾਰੀ ਰਾਹਤ ਸਮੱਗਰੀ ਹਰ ਲੋੜਵੰਦ ਨੂੰ ਪਹੁੰਚਾਈ ਜਾ ਰਹੀ: ਸੰਧੂ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਲਈ ਦਾਣਾ ਮੰਡੀ ਝਬਾਲ ਤੋਂ ਹਲਕਾ ਤਰਨਤਾਰਨ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਹਰਮੀਤ ਸਿੰਘ ਸੰਧੂ ਦੀ ਅਗਵਾਈ ਹੇਠ ਤੋਂ ਹੜ੍ਹਾਂ ਤੋਂ ਪ੍ਰਭਾਵਿਤ ਇਲਾਕਿਆਂ ਵਿਚ ਲੋਕਾਂ ਲਈ ਪੀਣ ਵਾਲੇ ਪਾਣੀ ਦੀਆਂ ਬੋਤਲਾਂ, ਅਚਾਰ, ਆਟਾ ਪਸ਼ੂਆਂ ਲਈ ਅਚਾਰ, ਚੋਕਰ, ਤੂੜੀ ਤੇ ਹੋਰ ਘਰੇਲੂ ਸਮਾਨ ਟਰਾਲੀਆਂ ਰਾਹੀਂ ਰਵਾਨਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਈ ਹਾਲੀਆ ਹੜ੍ਹ ਦੀ ਸਥਿਤੀ ਨੂੰ ਦੇਖਦਿਆਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਹਿਲੇ ਦਿਨ ਤੋਂ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਸਨ।ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਰਾਹਤ ਕੰਮਾਂ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ।ਉਨ੍ਹਾਂ ਨੇ ਦੱਸਿਆ ਕਿ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕੈਂਪ ਲਗਾਏ ਗਏ ਹਨ, ਜਿੱਥੇ ਲੋਕਾਂ ਤੱਕ ਸਮੇਂ ਸਿਰ ਰਾਸ਼ਨ, ਦਵਾਈਆਂ ਅਤੇ ਹੋਰ ਜ਼ਰੂਰੀ ਸਮੱਗਰੀ ਪਹੁੰਚਾਈ ਜਾ ਰਹੀ ਹੈ।ਇਸ ਸਮੇਂ ਚੇਅਰਮੈਨ ਕੁਲਦੀਪ ਸਿੰਘ ਰੰਧਾਵਾ, ਅਮਰਜੀਤ ਸਿੰਘ ਸੋਹਲ ਡਾਇਰੈਕਟਰ ਸ਼ਿਵਾਲਕ ਸਕੂਲ, ਸਰਪੰਚ ਸਾਧਾ ਸਿੰਘ ਗੱਗੋਬੂਆ, ਸਰਪੰਚ ਵੱਸਣ ਸਿੰਘ ਬੁਰਜ, ਸਰਪੰਚ ਹਰਮੀਤ ਸਿੰਘ ਬੁਰਜ, ਸਰਪੰਚ ਕੁਲਵਿੰਦਰ ਸਿੰਘ ਚਾਹਲ, ਵਿੱਕੀ ਪੰਜਵੜ, ਸਰਪੰਚ ਅਰਸ਼ਦੀਪ ਸਿੰਘ ਐਮਾ, ਪ੍ਰਧਾਨ ਹਰਦੇਵ ਸਿੰਘ ਬਘਿਆੜੀ ਹਾਜ਼ਰ ਸਨ।

# ਸੀਪੀਆਈ ਐੱਮਐੱਲ ਲਿਬਰੇਸ਼ਨ ਤੇ ਪੰਜਾਬ ਕਿਸਾਨ ਯੂਨੀਅਨ ਦੀ ਸਾਂਝੀ ਟੀਮ ਹੜ੍ਹ ਮਾਰੇ ਪਿੰਡਾਂ 'ਚ ਪਹੁੰਚੀ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਸੀਪੀਆਈਐੱਮਐੱਲ ਲਿਬਰੇਸ਼ਨ ਅਤੇ ਪੰਜਾਬ ਕਿਸਾਨ ਯੂਨੀਅਨ ਦੀ ਇੱਕ ਸਾਂਝੀ ਟੀਮ ਵੱਲੋਂ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਅਤੇ ਸੁਖਦੇਵ ਸਿੰਘ ਭਾਗੋਕਾਵਾਂ ਦੀ



ਅਗਵਾਈ ਵਿੱਚ ਵੱਡੇ ਪੱਧਰ ਤੇ ਹੜ੍ਹਾਂ ਨਾਲ ਪ੍ਰਭਾਵਿਤ ਡੇਰਾ ਬਾਬਾ ਨਾਨਕ ਦੇ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ।ਇਸ ਸਬੰਧੀ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਲਿਬਰੇਸ਼ਨ ਅਤੇ ਪੰਜਾਬ ਕਿਸਾਨ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਜਿੰਨੇ ਵੱਡੇ ਪੱਧਰ ਤੇ ਲੋਕਾਂ ਦੀਆਂ ਫਸਲਾਂ, ਘਰਾਂ, ਪਸ਼ੂਆਂ ਅਤੇ ਖੇਤੀ ਨਾਲ ਸਬੰਧਤ ਕਿਤੇ ਮੱਛੀ ਪਾਲਣ ਅਤੇ ਮੁਰਗੀ ਪਾਲਣ ਦਾ ਨੁਕਸਾਨ ਹੋ ਚੁੱਕਾ ਹੈ ਉਸ ਬਾਬਤ ਮੋਦੀ ਸਰਕਾਰ ਦਾ ਅਜੇ ਤੱਕ ਕੋਈ ਬਿਆਨ ਨਾ ਆਉਣਾ ਅਤੇ ਪੰਜਾਬ ਸਰਕਾਰ ਵੱਲੋਂ ਮੁਆਵਜ਼ੇ ਦੀ ਰਕਮ ਦਾ ਕੋਈ ਐਲਾਨ ਨਾ ਕਰਨਾ, ਪੀੜਤ ਪਰਿਵਾਰਾਂ ਵਿੱਚ ਨਿਰਾਸ਼ਾ ਅਤੇ ਗੁੱਸਾ ਪੈਦਾ ਕਰ ਰਿਹਾ ਹੈ। ਇਸ ਦੌਰੇ ਦੌਰਾਨ ਟੀਮ ਦਾ ਕਹਿਣਾ ਹੈ ਕਿ ਘੱਟੋ-ਘੱਟ 70 ਹਜ਼ਾਰ ਰੁਪਏ ਫੀ ਏਕੜ ਝੋਨੇ ਦੀ ਫਸਲ ਦਾ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ, ਪਸ਼ੂਆਂ, ਘਰਾਂ, ਮੱਛੀ ਅਤੇ ਪੋਰਟਰੀ ਫਾਰਮਾਂ ਨਾਲ ਸੰਬੰਧਿਤ ਪਰਿਵਾਰਾਂ ਦੇ ਨੁਕਸਾਨ ਦਾ ਵੀ ਸਰਕਾਰ ਨੂੰ ਫੌਰੀ ਜਾਇਜ਼ਾ ਲੈਣਾ ਚਾਹੀਦਾ ਹੈ।ਆਗੂਆਂ ਮੰਗ ਕੀਤੀ ਕਿ ਹੜ੍ਹ ਪੀੜਤਾਂ ਦੀ ਮਦਦ ਲਈ ਕੇਂਦਰ ਸਰਕਾਰ ਨੂੰ ਫੌਰੀ ਆਰਥਿਕ ਪੈਕੇਜ ਦਾ ਐਲਾਨ ਕਰਨਾ ਚਾਹੀਦਾ ਹੈ।ਜਾਂਚ ਟੀਮ ਵਿਚ ਅਸ਼ਵਨੀ ਕੁਮਾਰ ਲੱਖਣ ਕਲਾਂ, ਗੁਰਿੰਦਰ ਸਿੰਘ ਖੱਦਰ, ਬਲਬੀਰ ਸਿੰਘ ਉਚਾ ਧਕਾਲਾ, ਸੁਰਜੀਤ ਸਿੰਘ ਬਾਜਵਾ, ਬਲਵਿੰਦਰ ਸਿੰਘ, ਸਤਨਾਮ ਸਿੰਘ ਅਤੇ ਦਲਬੀਰ ਭੋਲਾ ਸ਼ਾਮਲ ਸਨ।

# ਡੀਸੀ ਸਾਕਸ਼ੀ ਸਾਹਨੀ ਨੇ ਹੜ੍ਹ ਪੀੜਤ ਇਲਾਕੇ 'ਚ ਲਾਏ ਮੈਡੀਕਲ ਕੈਂਪਾਂ ਦਾ ਕੀਤਾ ਨਿਰੀਖਣ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਰਾਵੀ ਵਿੱਚ ਆਏ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਇਲਾਕੇ ਅਜਨਾਲਾ ਤੇ ਰਮਦਾਸ ਵਿੱਚ ਲੋਕਾਂ ਦੀ ਸਹੂਲਤ ਲਈ ਸਿਹਤ ਵਿਭਾਗ ਵੱਲੋਂ 11 ਵਿਸ਼ੇਸ਼ ਮੈਡੀਕਲ ਕੈਂਪਾਂ ਦਾ ਨਿਰੀਖਣ ਕਰਦੇ ਹੋਏ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਇਨ੍ਹਾਂ ਮੈਡੀਕਲ



ਕੈਂਪਾਂ ਵਿਚ ਵਿੱਚ 24 ਘੰਟੇ ਪੇਸ਼ੇਵਰ ਡਾਕਟਰਾਂ ਦੀਆਂ ਟੀਮਾਂ ਤੈਨਾਤ ਕੀਤੀਆਂ ਗਈਆਂ ਹਨ ਅਤੇ ਇਹ ਕੈਂਪ ਇਸ ਢੰਗ ਨਾਲ ਲਗਾਏ ਗਏ ਹਨ ਕਿ ਕਿਸੇ ਵੀ ਪਿੰਡ ਵਿੱਚੋਂ ਵਿਅਕਤੀ ਨੂੰ ਆਉਣਾ ਆਸਾਨ ਹੋਵੇ ਅਤੇ ਉਸਨੂੰ ਘੱਟ ਤੋਂ ਘੱਟ ਸਮਾਂ ਇਸ ਕੈਂਪ ਵਿੱਚ ਪਹੁੰਚਣ ਲਈ ਲੱਗੇ।ਉਨ੍ਹਾਂ ਦੱਸਿਆ ਕਿ ਇਨ੍ਹਾਂ ਮੈਡੀਕਲ ਕੈਂਪਾਂ ਵਿੱਚ ਸਾਰਾ ਇਲਾਜ ਅਤੇ ਦਵਾਈਆਂ ਮੁਫਤ ਮਿਲਣਗੀਆਂ ਅਤੇ ਸੱਪ ਦੇ ਡੰਗਣ ਦਾ ਵੀ ਇਲਾਜ ਹੋਵੇਗਾ।ਉਨ੍ਹਾਂ ਮੈਡੀਕਲ ਕੈਂਪਾਂ ਦਾ ਨਿਰੀਖਣ ਕਰਦੇ ਹੋਏ ਡਾਕਟਰਾਂ ਨੂੰ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਕਰਨ। ਹਰੇਕ ਮੈਡੀਕਲ ਕੈਂਪ ਵਿਚ ਉਪਲਭਦ ਦਵਾਈਆਂ ਦਾ ਜਾਇਜ਼ਾ ਵੀ ਲਿਆ ਗਿਆ ਅਤੇ ਸਿਹਤ ਵਿਭਾਗ ਨੂੰ ਕਿਹਾ ਕਿ ਉਹ ਪੂਰੀ ਕੋਸ਼ਿਸ ਕਰਨ ਕਿ ਕਿਸੇ ਵੀ ਤਰ੍ਹਾਂ ਦੀ ਦਵਾਈ ਦੀ ਘਾਟ ਨਾ ਰਹੇ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ ਨੇ ਦਾਨੀ ਸੱਜਣਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਉਹ ਕੋਈ ਵਸਤਾਂ ਦਾਨ ਕਰਨਾ ਚਾਹੁੰਦੇ ਹਨ ਤਾਂ ਉਹ ਜ਼ਰੂਰ ਕਰਨ।

# ਵਰ੍ਹਿਆਂ ਪੁਰਾਣੇ, ਭੈਲ ਤੇ ਪੱਖੋਪੁਰ ਵਿਖੇ ਲੱਗੇ ਮੈਡੀਕਲ ਕੈਂਪ 'ਚ ਲੋਕਾਂ ਨੂੰ ਦਵਾਈਆਂ ਦਿੱਤੀਆਂ

**ਚੋਹਲਾ ਸਾਹਿਬ (ਰਮਨ ਚੱਢਾ)**- ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾ. ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀਐੱਚਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਪਿੰਡ ਵਰ੍ਹਿਆਂ ਪੁਰਾਣੇ, ਭੈਲ ਅਤੇ ਪੱਖੋਪੁਰ ਵਿਖੇ ਮੈਡੀਕਲ ਕੈਂਪ ਲਗਾਏ ਗਏ। ਕੈਂਪ 'ਚ ਲੋਕਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਲੋੜੀਂਦੀਆਂ ਦਵਾਈਆਂ ਦਿੱਤੀਆਂ ਗਈਆਂ। ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਦੇ ਲੱਛਣਾਂ ਅਤੇ



ਬਚਾਅ ਬਾਰੇ ਜਾਣਕਾਰੀ ਵੀ ਦਿੱਤੀ ਗਈ। ਇਸ ਸਮੇਂ ਉਨ੍ਹਾਂ ਲੋਕਾਂ ਨੂੰ ਦੱਸਿਆ ਕਿ ਉਹ ਆਪਣੇ ਘਰਾਂ ਦੀਆਂ ਛੱਤਾਂ ਤੇ ਪਏ ਟੁੱਟੇ ਗਮਲਿਆਂ ਅਤੇ ਟਾਇਰਾਂ ਵਿੱਚ ਪਾਣੀ ਇੱਕਠਾ ਨਾ ਹੋਣ ਦੇਣ ਅਤੇ ਕੂਲਰਾਂ ਵਿੱਚੋਂ ਹਫਤੇ ਵਿੱਚ ਇੱਕ ਵਾਰ ਪਾਣੀ ਬਾਹਰ ਕੱਢ ਕੇ ਸਾਫ ਸਫਾਈ ਕਰਨ ਤਾਂ ਜੋ ਭਿਆਨਕ ਬਿਮਾਰੀਆਂ ਫੈਲਾਉਣ ਵਾਲੇ ਮੱਛਰ ਪੈਦਾ ਨਾ ਹੋ ਸਕਣ। ਇਸ ਸਮੇਂ ਮੈਡੀਕਲ ਅਫਸਰ ਡਾ. ਕੰਵਰਪੁਨੀਤ ਸਿੰਘ, ਐੱਸ ਆਈ ਦੀਨ ਦਿਆਲ, ਹੈਲਥ ਵਰਕਰ ਅਮਨਦੀਪ ਸਿੰਘ ਧੂੰਦਾ, ਹੈਲਥ ਵਰਕਰ ਜ਼ਸਪਿੰਦਰ ਸਿੰਘ, ਹੈਲਥ ਵਰਕਰ ਸੁਖਦੀਪ ਸਿੰਘ ਔਲਖ, ਹੈਲਥ ਵਰਕਰ ਅਮਨਦੀਪ ਸਿੰਘ ਫਤਿਹਾਬਾਦ, ਰਜਿੰਦਰ ਸਿੰਘ ਫਤਿਹਗੜ੍ਹ ਚੂੜੀਆਂ, ਹੈਲਥ ਵਰਕਰ ਗੁਰਦਿਆਲ ਸਿੰਘ, ਹੈਲਥ ਵਰਕਰ ਦਲਜੀਤ ਸਿੰਘ ਚੰਬਾ, ਹੈਲਥ ਵਰਕਰ ਅਮਨਪ੍ਰੀਤ ਸਿੰਘ ਭੈਲ, ਬਲਵਿੰਦਰ ਸਿੰਘ ਲੱਡੂ, ਹੈਲਥ ਵਰਕਰ ਗੁਰਪਵਿੱਤਰ ਸਿੰਘ, ਤੇਜਿੰਦਰ ਸਿੰਘ, ਸੀਐੱਚਓ ਰਣਜੀਤ ਕੌਰ, ਸੀਐੱਚਓ ਪ੍ਰਭਜੋਤ ਕੌਰ ਆਦਿ ਹਾਜ਼ਰ ਸਨ।

# ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡੀ

**ਛੇਹਰਟਾ (ਮਨੋਜ ਕੁਮਾਰ)**- ਸੀਪੀਆਈ (ਐੱਮ) ਦਫ਼ਤਰ ਪੁਤਲੀਘਰ ਵਿਚ ਜਨਤਕ ਜਥੇਬੰਦੀਆਂ ਵੱਲੋਂ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡੀ ਗਈ। ਇਸ ਮੌਕੇ ਹੜ੍ਹ ਪ੍ਰਭਾਵਿਤ ਪਿੰਡ ਜੱਟਾਂ ਪਸੀਆਂ, ਘੋਨੇਆਲ ਤੇ ਕਰਾਲੀਆਂ ਦੇ 17 ਪਰਿਵਾਰਾਂ ਨੂੰ ਜ਼ਰੂਰੀ ਵਰਤੋਂ ਦੇ ਸਾਮਾਨ ਦੀ ਕਿੱਟ ਦਿੱਤੀ ਗਈ। ਪਰਿਵਾਰਾਂ ਦੀ ਮੰਗ 'ਤੇ



ਤਰਪਾਲਾਂ ਮੁਹੱਈਆ ਕਰਾਉਣ ਦਾ ਵੀ ਵਾਅਦਾ ਕੀਤਾ ਗਿਆ। ਸੀਟੂ ਦੇ ਸੂਬਾਈ ਵਿੱਤ ਸਕੱਤਰ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਦੱਸਿਆ ਕਿ ਸੀਟੂ, ਜਨਵਾਦੀ ਇਸਤਰੀ ਸਭਾ, ਕੁੱਲ ਹਿੰਦ ਕਿਸਾਨ ਸਭਾ ਤੇ ਕੁੱਲ ਹਿੰਦ ਖੇਤ ਮਜ਼ਦੂਰ ਸਭਾ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਉਪਰਾਲੇ ਕੀਤੇ ਜਾ ਰਹੇ ਹਨ। ਜੋ ਵੀ ਹੜ੍ਹ ਪੀੜਤ ਉਨ੍ਹਾਂ ਕੋਲ ਰਾਹਤ ਸਮੱਗਰੀ ਦੀ ਮੰਗ ਕਰਦੇ ਹਨ, ਉਨ੍ਹਾਂ ਤੱਕ ਮੰਗ ਅਨੁਸਾਰ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿਚ ਵੀ ਇਸੇ ਤਰ੍ਹਾਂ ਰਾਹਤ ਸਮੱਗਰੀ ਦੀ ਵੰਡ ਕੀਤੀ ਜਾਵੇਗੀ। ਇਸ ਮੌਕੇ ਜਨਵਾਦੀ ਇਸਤਰੀ ਸਭਾ ਦੀ ਜ਼ਿਲ੍ਹਾ ਜਨਰਲ ਸਕੱਤਰ ਐਡਵੋਕੇਟ ਕਵਲਜੀਤ ਕੌਰ, ਮੀਤ ਪ੍ਰਧਾਨ ਪਰਮਜੀਤ ਕੌਰ, ਐਡਵੋਕੇਟ ਨਵਜੀਤ ਸਿੰਘ ਟੁਰਨਾ, ਐਡਵੋਕੇਟ ਗਗਨਦੀਪ ਸਿੰਘ, ਰਵਿੰਦਰ ਸਿੰਘ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਸੁਵਿੰਦਰ ਸਿੰਘ ਮੀਰਾਂਕੋਟ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਵੱਲੋਂ ਜਸਬੀਰ ਸਿੰਘ ਝਬਾਲ, ਸੀਟੂ ਵੱਲੋਂ ਕਾਮਰੇਡ ਚਰਨਜੀਤ ਸਿੰਘ ਮਜੀਠਾ, ਵਿਜੇ ਕੁਮਾਰ, ਨਰਿੰਦਰਪਾਲ ਚਮਿਆਰੀ, ਕਿਰਪਾ ਰਾਮ, ਜਸਪਾਲ ਸ਼ਰਮਾ, ਲੱਕੀ ਅਰੋੜਾ, ਮਹਿੰਦਰ ਖਹਿਰਾ ਤੇ ਜੱਗਾ ਜਗਪ੍ਰੀਤ ਸਿੰਘ ਜੱਗਾ ਆਦਿ ਸਾਥੀ ਹਾਜ਼ਰ ਸਨ।

# ਡੀਸੀ ਗੁਰਦਾਸਪੁਰ ਖ਼ੁਦ ਗਰਾਊਂਡ ਜ਼ੀਰੋ 'ਤੇ ਜਾ ਕੇ ਕਰ ਰਹੇ ਨੇ ਰਾਹਤ ਕਾਰਜਾਂ ਦੀ ਅਗਵਾਈ

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਗੁਰਦਾਸਪੁਰ ਵਿੱਚ ਰਾਵੀ ਦਰਿਆ ਦੇ ਆਏ ਹੜ੍ਹਾਂ ਤੋਂ ਲੋਕਾਂ ਨੂੰ ਬਚਾਉਣ ਦੇ ਲਈ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਦਿਨ-ਰਾਤ ਲੱਗਾ ਹੋਇਆ ਹੈ।ਹੜ੍ਹ ਆਉਣ ਤੋਂ ਪਹਿਲਾਂ ਜਿੱਥੇ ਲੋਕਾਂ ਨੂੰ ਚੌਕਸ ਕਰਦੇ ਹੋਏ ਨੀਵੇਂ ਇਲਾਕਿਆਂ ਵਿਚੋਂ ਬਾਹਰ ਕੱਢਿਆ ਗਿਆ ਸੀ ਉਥੇ ਹੜ੍ਹ ਦੌਰਾਨ ਵੀ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਹੜ੍ਹ ਦੇ ਪਾਣੀ ਵਿੱਚੋਂ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢ ਕੇ ਲਿਆਂਦਾ।ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਖ਼ੁਦ ਗਰਾਊਂਡ ਜ਼ੀਰੋ 'ਤੇ ਜਾ ਕੇ ਰਾਹਤ ਕਾਰਜਾਂ ਦੀ ਅਗਵਾਈ ਕਰ ਰਹੇ ਹਨ।ਬੀਤੀ ਸ਼ਾਮ ਡਿਪਟੀ ਕਮਿਸ਼ਨਰ ਮਕੌੜਾ ਪੱਤਣ ਵਿਖੇ ਪਹੁੰਚੇ ਜਿੱਥੇ ਉਨ੍ਹਾਂ ਵੱਲੋਂ ਰਾਵੀ ਦਰਿਆ ਤੋਂ ਪਾਰ ਦੇ ਪਿੰਡਾਂ ਦੇ ਵਸਨੀਕਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਹਤ ਸਮਗਰੀ ਨੂੰ ਭੇਜਿਆ ਗਿਆ।ਸਹਾਇਕ ਕਮਿਸ਼ਨਰ ਰੁਪਿੰਦਰਪਾਲ ਸਿੰਘ ਨੇ ਖ਼ੁਦ ਕਿਸ਼ਤੀ ਵਿੱਚ ਸਵਾਰ ਹੋ ਕੇ ਰਾਵੀ ਦਰਿਆ ਨੂੰ ਪਾਰ ਕੀਤਾ ਅਤੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਵਸਨੀਕਾਂ ਨੂੰ ਰਾਹਤ ਸਮੱਗਰੀ ਵੰਡੀ।ਡਿਪਟੀ ਕਮਿਸ਼ਨਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਰਾਵੀ ਦਰਿਆ ਦੇ ਮਕੌੜਾ ਪੱਤਣ ਤੋਂ ਪਾਰ ਪਿੰਡਾਂ ਤੱਕ ਰਾਹਤ ਪਹੁੰਚਾਉਣ ਲਈ ਦੋ ਵਿਸ਼ੇਸ਼ ਵਾਹਨ ਏਟੀਓਆਰ ਐੱਨ 1200 ਮੰਗਵਾਏ ਹਨ ਜੋ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਰਾਹਤ ਪਹੁੰਚਾਉਣ ਦਾ ਕੰਮ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਵਾਹਨਾਂ ਰਾਹੀਂ ਹੁਣ ਰਾਵੀ ਪਾਰ ਦੀ ਵਸੋਂ ਤੱਕ ਹਰ ਤਰ੍ਹਾਂ ਦੀ ਰਾਹਤ ਪਹੁੰਚਾਈ ਜਾ ਰਹੀ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਸਮੂਹ ਐੱਸਡੀਐੱਮ ਵੀ ਦਿਨ-ਰਾਤ ਰਾਹਤ ਕਾਰਜਾਂ ਵਿੱਚ ਲੱਗੇ ਹੋਏ ਹਨ।ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਸਾਰੀਆਂ ਟੀਮਾਂ ਨੂੰ ਸ਼ਾਬਾਸ਼ੀ ਦਿੰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਨੇ ਐੱਨਡੀਆਰਐੱਫ, ਫੌਜ ਅਤੇ ਬੀਐੱਸਐੱਫ. ਨਾਲ ਮਿਲ 5581 ਵਿਅਕਤੀਆਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ ਸੁਰੱਖਿਅਤ ਬਾਹਰ ਕੱਢ ਕੇ ਉਨ੍ਹਾਂ ਦੀ ਜਾਨ ਬਚਾਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਦੀ ਪੂਰੀ ਟੀਮ ਰਾਹਤ ਕਾਰਜਾਂ ਵਿੱਚ ਲੱਗੀ ਹੋਈ ਹੈ ਅਤੇ ਕਿਸੇ ਨੂੰ ਵੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।

# ਐੱਚਡੀਐੱਫਸੀ ਬੈਂਕ ਵੱਲੋਂ ਕਿਊਐੱਨਯੂ ਲੈਬਜ਼ ਵਿੱਚ ਨਿਵੇਸ਼ ਕਰਨ ਦਾ ਐਲਾਨ

**ਜਲੰਧਰ** : ਭਾਰਤ ਦੇ ਪ੍ਰਮੁੱਖ ਨਿੱਜੀ ਖੇਤਰ ਦੇ ਬੈਂਕ ਐੱਚ. ਡੀ. ਐੱਫ. ਸੀ. ਬੈਂਕ ਨੇ ਕਿਊਐੱਨਯੂ ਲੈਬਜ਼ ਵਿੱਚ ਨਿਵੇਸ਼ ਕਰਨ ਦਾ ਐਲਾਨ ਕੀਤਾ।ਬੈਂਕ ਦੇ ਖਜ਼ਾਨਾ ਵਿਭਾਗ ਦੇ ਸਮੂਹ ਮੁਖੀ ਅਰੂਪ ਰਕਸ਼ਿਤ ਨੇ ਕਿਹਾ ਕਿ ਕਿਊਐੱਨਯੂ ਵਿੱਚ ਨਿਵੇਸ਼ ਸਾਨੂੰ ਇੱਕ ਸਵਦੇਸ਼ੀ ਅਤੇ ਭਵਿੱਖ ਲਈ ਤਿਆਰ ਨਵੀਨਤਾ ਦਾ ਸਮਰਥਨ ਕਰਨ ਦਾ ਮੌਕਾ ਦਿੰਦਾ ਹੈ।ਕੁਆਂਟਮ ਸਾਈਬਰ ਸੁਰੱਖਿਆ ਸਪੇਸ ਵਿੱਚ ਕਿਰਿਆਸ਼ੀਲ ਹੱਲ ਵਿਕਸਤ ਕਰਕੇ ਕਿਊਐੱਨਯੂ ਲੈਬਜ਼ ਆਪਣੇ ਕੁਆਂਟਮ-ਸੁਰੱਖਿਅਤ ਸੰਚਾਰ ਨੈੱਟਵਰਕ ਨਾਲ ਵਿੱਤੀ ਖੇਤਰ ਵਿੱਚ ਇੱਕ ਕੀਮਤੀ ਯੋਗਦਾਨ ਪਾਉਂਦੀ ਹੈ।ਸੁਨੀਲ ਗੁਪਤਾ ਸੀਈਓ ਕਿਊਐੱਨਯੂ ਲੈਬਜ਼ ਨੇ ਕਿਹਾ ਕਿ ਅਸੀਂ ਐੱਚਡੀਐੱਫਸੀ ਬੈਂਕ ਨਾਲ ਆਪਣੀ ਸੀਰੀਜ਼ ਏ ਫੰਡਿੰਗ ਨੂੰ ਬੰਦ ਕਰ ਕੇ ਬਹੁਤ ਖੁਸ਼ ਹਾਂ।ਇਹ ਰਣਨੀਤਕ ਮੀਲ ਪੱਥਰ ਰਵਾਇਤੀ ਅਤੇ ਵਿਰਾਸਤੀ ਏ. ਆਈ. ਅਧਾਰਿਤ ਸੁਰੱਖਿਆ ਤਰੀਕਿਆਂ ਉਤੇ ਕੁਆਂਟਮ ਭੌਤਿਕ ਵਿਗਿਆਨ ਦਾ ਲਾਭ ਉਠਾਉਣ ਦੇ ਸਾਡੇ ਵਿਘਨਕਾਰੀ ਦ੍ਰਿਸ਼ਟੀਕੋਣ ਨੂੰ ਪ੍ਰਮਾਣਿਤ ਕਰਦਾ ਹੈ।ਅਸੀਂ ਸਿਰਫ਼ ਡਿਜੀਟਲ ਸੰਪਤੀਆਂ ਦੀ ਰੱਖਿਆ ਨਹੀਂ ਕਰ ਰਹੇ ਹਾਂ ਬਲਕਿ ਅਸੀਂ ਭਾਰਤ ਨੂੰ ਇੱਕ ਕੁਆਂਟਮ-ਸੁਰੱਖਿਅਤ ਰਾਸ਼ਟਰ ਬਣਾਉਣ ਅਤੇ ਆਪਣੀ ਡਿਜੀਟਲ ਪ੍ਰਭੂਸੱਤਾ ਨੂੰ ਮਜ਼ਬੂਤ ਕਰਨ ਲਈ ਵੀ ਕੰਮ ਕਰ ਰਹੇ ਹਾਂ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਵੱਲੋਂ ਹੜ੍ਹ ਪੀੜਤਾਂ ਲਈ ਫਰੀ ਮੈਡੀਕਲ ਸਹਾਇਤਾ ਜਾਰੀ

**ਪੱਟੀ (ਬਲਦੇਵ ਸਿੰਘ ਸੰਧੂ)**- ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਜ਼ਿਲ੍ਹਾ ਤਰਨ ਤਾਰਨ ਵੱਲੋਂ ਡਾ. ਨਛੱਤਰ ਸਿੰਘ ਚੀਮਾ ਦੀ ਅਗਵਾਈ ਹੇਠ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮੈਡੀਕਲ ਵੈਨ ਤੇ ਹੜ੍ਹ ਪੀੜਤ ਲੋਕਾਂ ਨੂੰ ਲਗਾਤਾਰ ਫ੍ਰੀ




ਦਵਾਈਆਂ ਦੇ ਕੇ ਆਪਣਾ ਬਣਦਾ ਯੋਗਦਾਨ ਪਾਇਆ ਜਾ ਰਿਹਾ ਹੈ।ਉਨ੍ਹਾਂ ਵੱਲੋਂ ਆਪਣੀ ਟੀਮ ਦੇ ਨਾਲ ਸਤਲੁਜ ਦਰਿਆ ਦੇ ਬੰਨ੍ਹ ਪਿੰਡ ਸਭਰਾ ਤੋਂ ਲੈ ਕੇ ਪਿੰਡ ਮੁੱਠਿਆਂ ਵਾਲਾ ਤੱਕ ਹੜ੍ਹ ਪੀੜਤਾਂ ਅਤੇ ਬੰਨ੍ਹ ਨੂੰ ਮਜ਼ਬੂਤ ਕਰਨ ਵਾਲਿਆਂ ਸੇਵਾਦਾਰਾਂ ਨੂੰ ਦਵਾਈਆਂ ਦਿੱਤੀਆਂ ਜਾ ਰਹੀਆ ਹਨ।ਇਸ ਮੌਕੇ ਸੂਬਾ ਆਗੂ ਡਾ. ਸੁਖਚੈਨ ਸਿੰਘ ਬੋਪਾਰਾਏ ਨੇ ਕਿਹਾ ਕਿ ਅਸੀਂ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਆਪਣੇ ਲੋਕਾਂ ਦੀ ਸੇਵਾ ਉਨ੍ਹਾਂ ਸਮਾਂ ਕਰਦੇ ਰਹਾਂਗੇ ਜਦੋਂ ਤੱਕ ਹਲਾਤ ਸੁਖਾਵੇਂ ਨਹੀਂ ਹੋ ਜਾਂਦੇ।ਸੂਬਾ ਆਗੂ ਡਾ. ਗੁਰਜੀਤ ਸਿੰਘ ਦੁੱਬਲੀ ਨੇ ਸੇਵਾਵਾਂ ਦੌਰਾਨ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਥੇਬੰਦੀ ਇਸ ਕੁਦਰਤੀ ਆਫ਼ਤ ਵਿੱਚ ਤੁਹਾਡੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ, ਜਦੋਂ ਤੱਕ ਵੀ ਹੜ੍ਹਾਂ ਦਾ ਪਾਣੀ ਘੱਟ ਨਹੀਂ ਜਾਂਦਾ ਜਥੇਬੰਦੀ ਵੱਲੋਂ ਮੈਡੀਕਲ ਕੈਂਪ ਜਾਰੀ ਰਹੇਗਾ।ਇਸ ਮੌਕੇ ਡਾ. ਪ੍ਰਭਜੀਤ ਸਿੰਘ ਬਰਵਾਲਾ ਨੇ ਹੜ੍ਹ ਪੀੜਤ ਪਰਿਵਾਰਾਂ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਅਸੀਂ ਫ੍ਰੀ ਦਵਾਈਆਂ ਦੀ ਸੇਵਾ ਕਰਦੇ ਹੋਏ ਆਪਣੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਚੱਟਾਨ ਵਾਂਗ ਖੜ੍ਹੇ ਰਹਾਂਗੇ।ਜ਼ਿਕਰਯੋਗ ਹੈ ਕਿ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਵੱਲੋਂ ਇਹ ਕੋਈ ਪਹਿਲਾ ਫਰੀ ਮੈਡੀਕਲ ਸਹਾਇਤਾ ਕੈਂਪ ਨਹੀਂ ਹੈ, ਕਰੋਨਾ ਕਾਲ ਦੌਰਾਨ ਵੀ ਜਿੱਥੇ ਨਾਮੀ ਹਸਪਤਾਲਾਂ ਵੱਲੋਂ ਹਸਪਤਾਲ ਬੰਦ ਕਰ ਦਿੱਤੇ ਗਏ ਉਦੋਂ ਨੰਗੇ ਧੜ ਲੋਕਾਂ ਨੂੰ ਫਰੀ ਮੈਡੀਕਲ ਸੇਵਾਵਾਂ ਦਿੱਤੀਆਂ ਸਨ।

# ਖਡੂਰ ਸਾਹਿਬ ਦੀ ਕਾਨਫਰੰਸ 'ਚ ਸਾਥੀ ਵੱਡੀ ਗਿਣਤੀ 'ਚ ਹੋਣਗੇ ਸ਼ਾਮਲ : ਦਦਹੇਰ ਸਾਹਿਬ



**ਚੋਹਲਾ ਸਾਹਿਬ (ਰਮਨ ਚੱਢਾ)**- ਭਾਰਤੀ ਕਮਿਊਨਿਸਟ ਬਲਾਕ ਨੌਸ਼ਹਿਰਾ ਚੋਹਲਾ ਦੇ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦਹੇਰ ਸਾਹਿਬ ਨੇ ਪ੍ਰੈੱਸ ਨੂੰ ਦੱਸਿਆ ਹੈ ਕਿ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਗੁਰੂ ਅੰਗਦ ਦੇਵ ਜੀ ਦੇ ਗੁਰਗੱਦੀ ਦਿਵਸ ਮੌਕੇ ਖਡੂਰ ਸਾਹਿਬ ਵਿਖੇ ਵਿਸ਼ਾਲ ਕਾਨਫਰੰਸ ਕੀਤੀ ਜਾ ਰਹੀ ਹੈ ਜਿਸ ਨੂੰ ਭਾਰਤੀ ਕਮਿਊਨਿਸਟ ਪਾਰਟੀ ਕੌਮੀ ਤੇ ਸੂਬਾਈ ਆਗੂ ਸੰਬੋਧਨ ਕਰਨ ਲਈ ਪੁੰਹਚ ਰਹੇ ਹਨ। ਇਸ ਕਾਨਫਰੰਸ ਵਿਚ ਬਲਾਕ ਨੌਸ਼ਹਿਰਾ ਚੋਹਲਾ ਤੋਂ ਵੱਡੀ ਗਿਣਤੀ ਵਿਚ ਸਾਥੀ ਸ਼ਾਮਲ ਹੋਣਗੇ। ਇਸ ਮੌਕੇ ਹੜ੍ਹਾਂ ਨਾਲ ਹੋਏ ਉਜਾੜੇ ਦੇ ਮੁਆਵਜ਼ੇ ਦੀ ਫੌਰੀ ਰਾਹਤ ਲਈ ਜ਼ੋਰਦਾਰ ਆਵਾਜ਼ ਉਠਾਈ ਜਾਵੇਗੀ।



ਪਿੰਡ ਮਾਨ ਸੈਂਡਵਾਲ ਦੀ ਸਮੂਹ ਸੰਗਤ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਲੰਗਰ ਪਾਣੀ ਦੀਆਂ ਰਸਦਾਂ ਦੀਆਂ ਦੋ ਟਰਾਲੀਆਂ ਰਵਾਨਾ ਕੀਤੀਆਂ ਗਈਆਂ। (ਫੋਟੋ ਤੇ ਵੇਰਵਾ : ਜਸਦੇਵ ਮਾਨ)


AXIS BANK

Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
Registered Office: 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

**ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ**

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਨਿਕਲਦੀ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਊਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਬਕਾਇਆ ਰਕਮ (ਰੁਪਏ) |
|---|---|---|---|---|---|---|
| 1. | 1. ਟੀਨੂੰ ਸ਼ਰਮਾ ਪੁੱਤਰੀ ਸ੍ਰੀ ਨਰੇਸ਼ ਕੁਮਾਰ ਸ਼ਰਮਾ (ਕਰਜ਼ਦਾਰ) ਅਤੇ 2. ਸ੍ਰੀ ਨਰੇਸ਼ ਕੁਮਾਰ ਸ਼ਰਮਾ ਪੁੱਤਰ ਸ੍ਰੀ ਤਿਲਕ ਸ਼ਰਮਾ (ਸਹਿ ਕਰਜ਼ਦਾਰ/ ਰਹਿਣਕਾਰ) | ਬੈਨਾਮਾ ਵਸੀਕਾ ਨੰ. 2023-24/186/1/3702 ਮਿਤੀ 09.06.2023 ਅਨੁਸਾਰ ਟੀਨੂ ਸ਼ਰਮਾ ਪੁੱਤਰੀ ਸ੍ਰੀ ਨਰੇਸ਼ ਸ਼ਰਮਾ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 385-ਏ ਰਕਬਾ 04 ਮਰਲੇ 72, ਜੋ ਕਿ 100 ਵਰਗ ਗਜ਼, ਵਰਗ ਫੁੱਟ (100 ਵਰਗ ਗਜ਼) ਖਸਰਾ ਨੰ. 8434 ਵਾਕਿਆ ਜਲੰਧਰ ਇੰਪਰੂਵਮੈਂਟ ਟਰੱਸਟ ਦੀ 170 ਏਕੜ ਡਿਵੈੱਲਪਮੈਂਟ ਸਕੀਮ ਸੂਰੀਆ ਇਨਕਲੇਵ, ਤਹਿਸੀਲ ਤੇ ਜ਼ਿਲ੍ਹਾ ਜਲੰਧਰ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਬੈਨਾਮੇ ਅਨੁਸਾਰ : ਪੂਰਬ : ਸੜਕ 24' ਚੌੜੀ, ਪੱਛਮ : ਪਲਾਟ ਨੰ. 402-ਏ, ਉੱਤਰ : ਪਲਾਟ ਨੰ. 386-ਏ, ਦੱਖਣ : ਪਲਾਟ ਨੰ. 384-ਏ। | 08th-June-2025 | 20th-June-2025 | 29th-Aug-2025 | 16.6.2025 ਨੂੰ ਰੁਪਏ 35,38,161/- (ਪੈਂਤੀ ਲੱਖ ਅਠੱਤੀ ਹਜ਼ਾਰ ਇੱਕ ਸੌ ਇਕਾਹਠ ਰੁਪਏ ਕੇਵਲ) |
| 2. | 1. ਸ੍ਰੀ ਰਜਿੰਦਰ ਚੌਧਰੀ ਪੁੱਤਰ ਸ੍ਰੀ ਬਲਦੇਵ ਚੌਧਰੀ (ਕਰਜ਼ਦਾਰ) 2. ਸ੍ਰੀ ਬਲਦੇਵ ਸਿੰਘ ਚੌਧਰੀ ਪੁੱਤਰ ਸ੍ਰੀ ਜਗਦੀਸ਼ ਲਾਲ (ਸਹਿ-ਕਰਜ਼ਦਾਰ ਅਤੇ ਰਹਿਣਕਾਰ) ਅਤੇ 3. ਸ੍ਰੀ ਮੁਨੀਸ਼ ਚੌਧਰੀ ਪੁੱਤਰ ਬਲਦੇਵ ਚੌਧਰੀ (ਸਹਿ-ਕਰਜ਼ਦਾਰ) | ਬੈਨਾਮਾ ਨੰ. 8745 ਮਿਤੀ 15/12/2009 ਅਨੁਸਾਰ ਸ੍ਰੀ ਬਲਦੇਵ ਸਿੰਘ ਚੌਧਰੀ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ ਮਕਾਨ ਨੰ. 160 (ਜ਼ਮੀਨ ਅਤੇ ਇਮਾਰਤ) ਅਰਬਨ ਅਸਟੇਟ ਫੇਜ਼-1, ਦੁੱਗਰੀ, ਲੁਧਿਆਣਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗਲੀ (25'), ਪੱਛਮ : ਮਕਾਨ ਨੰ. 151 (25'), ਉੱਤਰ : ਮਕਾਨ ਨੰ. 161 (45'), ਦੱਖਣ : ਅਮਰਜੀਤ ਕੌਰ। | 08th-June-2025 | 17th-June-2025 | 29th-Aug-2025 | ਰੁਪਏ 35,17,378/- (ਪੈਂਤੀ ਲੱਖ ਸਤਾਰਾਂ ਹਜ਼ਾਰ ਤਿੰਨ ਸੌ ਅਠੱਤਰ ਰੁਪਏ ਕੇਵਲ) |

ਮਿਤੀ : 29.08.2025 ਸਥਾਨ: ਲੁਧਿਆਣਾ — ਸਹੀ/- (ਅਧਿਕਾਰਤ ਅਫਸਰ) ਐਕਸਿਸ ਬੈਂਕ ਲਿਮਟਿਡ



**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ** (ਅਚੱਲ ਜਾਇਦਾਦ ਲਈ)
[ ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (1) ਅਧੀਨ ]

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਊਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ ਐਕਟ, 2002 ਅਧੀਨ ਅਤੇ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 20-11-2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰ ਮੈਸਰਜ਼ ਹਿਮਾਲਿਆ ਫਰੂਟ ਕੰਪਨੀ ਨੇੜੇ ਪਠਾਨਕੋਟ ਬਾਈਪਾਸ, ਜਲੰਧਰ ਵਿਖੇ ਸਥਿਤ ਰਾਹੀਂ ਇਸ ਦੇ ਮਾਲਕ ਸ੍ਰੀ ਅਜੇ ਕੁਮਾਰ 2. ਸ੍ਰੀ ਅਜੈ ਕੁਮਾਰ ਪੁੱਤਰ ਹਰਬੰਸ ਲਾਲ ਵਾਸੀ ਬੂਥ ਨੰਬਰ 42, ਨਵੀਂ ਸਬਜ਼ੀ ਮੰਡੀ, ਜਲੰਧਰ, ਪੰਜਾਬ-144008, 3. ਸ੍ਰੀਮਤੀ ਪਰਮਜੀਤ ਪੁੱਤਰੀ ਨਾਨਕ ਚੰਦ ਵਾਸੀ ਪਿੰਡ ਤਰੇਵਾ, ਤਰੇਰਾ ਜੰਮੂ, ਜੰਮੂ ਅਤੇ ਕਸ਼ਮੀਰ-181131, ਨਾਲ ਹੀ: ਪਰਮਜੀਤ ਪਤਨੀ ਅਜੇ ਕੁਮਾਰ ਵਾਸੀ ਮਕਾਨ ਨੰ. 11, ਭੁਪਿੰਦਰ ਨਗਰ, ਨਾਗਰਾ ਰੋਡ, ਜਲੰਧਰ (ਮ੍ਰਿਤਕ) ਰਾਹੀਂ ਇਸ ਦੇ ਕਾਨੂੰਨੀ ਵਾਰਿਸਾਂ (ਏ) ਸ਼ਿਵਾ ਪੁੱਤਰ ਅਜੈ ਕੁਮਾਰ ਵਾਸੀ 1 ਦੀਵਾਨਗੜ੍ਹ, ਜੰਮੂ, ਜੰਮੂ ਅਤੇ ਕਸ਼ਮੀਰ-181102 ਰਾਹੀਂ ਇਸ ਦੇ ਕਾਨੂੰਨੀ ਗਾਰਡੀਅਨ ਅਜੈ ਕੁਮਾਰ (ਬੀ) ਨੇਰੂ ਨੰਦਨ ਪੁੱਤਰੀ ਅਜੈ ਕੁਮਾਰ ਵਾਸੀ 1, ਦੀਵਾਨਗੜ੍ਹ, ਜੰਮੂ, ਜੰਮੂ ਅਤੇ ਕਸ਼ਮੀਰ-181102 ਰਾਹੀਂ ਇਸ ਦੇ ਕਾਨੂੰਨੀ ਗਾਰਡੀਅਨ ਅਜੈ ਕੁਮਾਰ (ਸੀ) ਸ੍ਰੀ ਅਜੈ ਕੁਮਾਰ ਪੁੱਤਰ ਹਰਬੰਸ ਲਾਲ ਵਾਸੀ ਬੂਥ ਨੰ. 42, ਨਵੀਂ ਸਬਜ਼ੀ ਮੰਡੀ, ਜਲੰਧਰ, ਪੰਜਾਬ-144008 ਇਸ ਤੋਂ ਬਾਅਦ ਕਰਜ਼ਦਾਰ ਵਜੋਂ ਹਵਾਲਾ ਸ੍ਰੀ ਰਜਿੰਦਰ ਕੁਮਾਰ ਪੁੱਤਰ ਸ੍ਰੀ ਸੰਤ ਰਾਮ ਵਾਸੀ ਮਕਾਨ ਨੰਬਰ 94, ਨਾਗਰਾ ਰੋਡ, ਪਟੇਲ ਨਗਰ, ਮਕਸੂਦਾਂ ਜਲੰਧਰ, ਪੰਜਾਬ-144008 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਨੋਟਿਸ 'ਚ ਦਰਸਾਏ ਅਨੁਸਾਰ ਐਲ ਪੀ/150611000004 'ਚ ਰੁਪਏ 20,13,294.50 (ਵੀਹ ਲੱਖ ਤੇਰਾਂ ਹਜ਼ਾਰ ਦੋ ਸੌ ਚੁਰਾਨਵੇ ਰੁਪਏ ਪੰਜਾਹ ਪੈਸੇ ਕੇਵਲ) ਮਿਤੀ 1.11.2024 ਤੋਂ ਸਮੇਤ ਭਵਿੱਖੀ ਵਿਆਜ ਜਮ੍ਹਾਂ ਕਰਾਉਣ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ, ਇਸ ਲਈ ਕਰਜ਼ਦਾਰ/ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 1 ਸਤੰਬਰ 2025 ਨੂੰ ਹੇਠਾਂ ਦੱਸੀ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ/ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਮਿਤੀ 1.11.2024 ਤੋਂ ਵਸੂਲੀ ਜੇਕਰ ਕੋਈ ਹੈ) ਅਨੁਸਾਰ ਬਕਾਇਆ ਰਕਮ ਐੱਲ ਏ ਪੀ/07660200010 5 'ਚ 19,89,305.85 (ਉੱਨੀ ਲੱਖ ਉਨਾਨਵੇਂ ਹਜ਼ਾਰ ਤਿੰਨ ਸੌ ਪੰਜ ਰੁਪਏ ਅਤੇ ਪਚਾਸੀ ਕੇਵਲ) ਅਤੇ ਓ ਡੀ/076400000185 'ਚ ਰੁਪਏ 5,46,672.80 (ਪੰਜ ਲੱਖ ਛਿਆਲੀ ਹਜ਼ਾਰ ਛੇ ਸੌ ਬਹੱਤਰ ਰੁਪਏ ਅਤੇ ਅੱਸੀ ਪੈਸੇ ਕੇਵਲ) ਭਵਿੱਖੀ ਵਿਆਜ ਦੀ ਅਦਾਇਗੀ ਕਰਨੀ ਹੋਵੇਗੀ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ :- ਬੈਨਾਮਾ ਦਸਤਾਵੇਜ਼ ਨੰ. 2019-20/186/1/3878 ਮਿਤੀ 04-07-2019 ਅਨੁਸਾਰ ਸ੍ਰੀਮਤੀ ਪਰਮਜੀਤ ਪਤਨੀ ਸ੍ਰੀ ਅਜੈ ਕੁਮਾਰ ਦੀ ਮਲਕੀਅਤ ਜਾਇਦਾਦ ਰਕਬਾ 304 ਵਰਗ ਫੁੱਟ, ਬੂਥ ਨੰ. 42, ਸਬਜ਼ੀ ਮੰਡੀ, ਜਲੰਧਰ ਨਾਲ ਸੰਬੰਧਤ ਸਭ ਕੁਝ।

ਮਿਤੀ : 01.09.2025, ਸਥਾਨ : ਜਲੰਧਰ (ਅਧਿਕਾਰਤ ਅਫਸਰ)

3 Sep Page 12.qxd 9/2/2025 10:53 PM Page 1



# ਡਿਪਟੀ ਕਮਿਸ਼ਨਰ ਵੱਲੋਂ ਰਾਹਤ ਕੇਂਦਰਾਂ ਦਾ ਦੌਰਾ

**ਜਲੰਧਰ (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ)**- ਪਿਛਲੇ ਕਈ ਦਿਨਾਂ ਤੋਂ ਲਗਾਤਾਰ ਭਾਰੀ ਮੀਂਹ ਪੈਣ ਕਾਰਨ ਡਾ. ਹਿਮਾਂਸ਼ੂ ਅਗਰਵਾਲ ਐਡਵਾਇਜ਼ਰੀ ਕੀਤੀ ਹੈ। ਸ਼ਹਿਰ 'ਚ ਲਗਾਤਾਰ ਮੀਂਹ ਪੈਣ ਕਾਰਨ ਹੜ੍ਹਾਂ ਦਾ ਖਤਰਾ ਬਣਿਆ ਹੋਇਆ ਹੈ। ਡਿਪਟੀ ਕਮਿਸ਼ਨਰ ਵੱਲੋਂ ਰਾਹਤ ਕੇਂਦਰਾਂ ਦਾ ਦੌਰਾ ਕੀਤਾ ਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਡਿਪਟੀ ਕਮਿਸ਼ਨਰ ਨੇ ਸਤਲੁਜ ਦਰਿਆ ਦੇ ਕੰਢੇ ਰਹਿਣ ਵਾਲੇ ਲੋਕਾਂ ਲਈ ਇੱਕ ਐਡਵਾਈਜ਼ਰੀ ਜਾਰੀ ਕੀਤੀ ਹੈ। ਜਿਸ ਵਿੱਚ ਉਨ੍ਹਾਂ ਦੱਸਿਆ ਕਿ ਰੋਪੜ ਹੈੱਡ ਵਰਕਸ ਤੋਂ ਪਾਣੀ ਛੱਡੇ ਜਾਣ ਤੋਂ ਬਾਅਦ ਦਰਿਆ ਦੇ ਕੰਢੇ ਰਹਿਣ ਵਾਲੇ ਇਲਾਕਿਆਂ ਵਿੱਚ ਖ਼ਤਰਾ ਹੋ ਸਕਦਾ ਹੈ। ਇਸ ਤੋਂ ਬਾਅਦ ਪੁਲਿਸ ਫਿਲੌਰ ਵਿੱਚ ਦਰਿਆ ਦੇ ਕੰਢੇ ਰਹਿਣ ਵਾਲੇ ਸੁਰੱਖਿਅਤ ਬਾਹਰ ਕੱਢ ਰਹੀ ਹੈ। ਮੌਕੇ 'ਤੇ ਮੌਜੂਦ ਥਾਣਾ ਇੰਚਾਰਜ ਭੂਸ਼ਣ ਕੁਮਾਰ ਨੇ ਦੱਸਿਆ ਕਿ ਸਤਲੁਜ ਦਰਿਆ ਵਿੱਚ ਪਾਣੀ ਦੇ ਤੇਜ਼ ਵਹਾਅ ਕਾਰਨ ਬੰਨ੍ਹ ਦੇ ਅੰਦਰ ਰਹਿਣ ਵਾਲੇ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਨੇੜਲੇ ਲੋਕਾਂ ਨੂੰ ਵੀ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਮਦਦ ਕਰ ਰਹੇ ਲੋਕਾਂ ਨਾਲ ਵੀ ਗੱਲਬਾਤ ਚੱਲ ਰਹੀ ਹੈ, ਜਿਨ੍ਹਾਂ ਨੂੰ ਰਾਸ਼ਨ ਦੀ ਲੋੜ ਹੈ, ਉਨ੍ਹਾਂ ਤਕ ਰਾਸ਼ਨ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਨੇ ਜਾਣਕਾਰੀ ਦਿੰਦਿਆ ਕਿਹਾ ਕਿ ਹੜ੍ਹ ਸੰਭਾਵਿਤ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਸਹੂਲਤ ਲਈ ਜ਼ਿਲ੍ਹੇ ਵਿੱਚ 54 ਰਾਹਤ ਕੇਂਦਰ ਸਥਾਪਤ ਕੀਤੇ ਗਏ ਹਨ, ਜਿੱਥੇ ਮੈਡੀਕਲ ਸਹੂਲਤ ਤੋਂ ਇਲਾਵਾ ਲੋਕਾਂ ਨੂੰ ਹਰ ਲੋੜੀਂਦੀ ਸਹਾਇਤਾ ਯਕੀਨੀ ਬਣਾਈ ਜਾਵੇਗੀ।ਉਨ੍ਹਾਂ ਕਿਹਾ ਕਿ 8 ਰਾਹਤ ਕੇਂਦਰ ਮੌਜੂਦਾ ਸਮੇਂ ਕਾਰਜਸ਼ੀਲ ਹਨ, ਜਿੱਥੇ ਅਹਿਤਿਆਤ ਵਜੋਂ ਸੰਵੇਦਨਸ਼ੀਲ ਇਲਾਕਿਆਂ ਦੇ ਵਸਨੀਕਾਂ ਨੂੰ ਤਬਦੀਲ ਕੀਤਾ ਗਿਆ ਹੈ।



**ਸ਼ਹਿਰ 'ਚ ਥਾਂ-ਥਾਂ ਭਰਿਆ ਪਾਣੀ**

ਸ਼ਹਿਰ ਦੇ ਪਾਸ਼ ਇਲਾਕਿਆਂ, ਮਾਡਲ ਟਾਊਨ, ਜਵਾਹਰ ਨਗਰ, ਜੀ.ਟੀ.ਪੀ. ਨਗਰ, ਸੈਂਟਰਲ ਟਾਊਨ, ਭਗਤ ਸਿੰਘ ਕਲੋਨੀ ਸਮੇਤ ਕਈ ਇਲਾਕਿਆਂ 'ਚ ਸਥਿਤੀ ਬਹੁਤ ਮਾੜੀ ਹੈ। ਮਾਡਲ ਟਾਊਨ ਦੇ ਕਈ ਵੱਡੇ ਸ਼ੋਅਰੂਮਾਂ ਦੇ ਬੇਸਮੈਂਟਾਂ ਵਿੱਚ ਪਾਣੀ ਭਰ ਗਿਆ ਹੈ, ਲੋਕਾਂ ਤੇ ਦੁਕਾਨਦਾਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 43 ਦਫ਼ਤਰ ਸਮੇਤ ਥਾਣਿਆਂ 'ਤੇ ਚੌਕੀਆਂ 'ਚ ਵੀ ਪਾਣੀ ਭਰ ਗਿਆ ਹੈ। ਸਮਾਰਟ ਸਿਟੀ ਦੇ ਸਾਰੇ ਅੰਡਰ ਬ੍ਰਿਜ ਪਾਣੀ 'ਚ ਡੁੱਬੇ ਹੋਏ ਹਨ। ਦਮੋਰੀਆ ਪੁਲ ਦੇ ਹੇਠਾਂ 8 ਤੋਂ 9 ਫੁੱਟ ਪਾਣੀ ਭਰਿਆ ਹੋਇਆ ਹੈ। ਸ਼ਹਿਰ ਦੀਆਂ ਗਲੀਆਂ ਸੜਕਾਂ ਧੱਸ ਗਈਆਂ ਹਨ, ਜਿਸ ਕਾਰਨ ਲੋਕ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ। ਬਰਸਾਤ ਦੇ ਮੌਸਮ ਵਿੱਚ ਸੜਕਾਂ 'ਤੇ ਬਹੁਤ ਪਾਣੀ ਇਕੱਠਾ ਹੋ ਜਾਂਦਾ ਹੈ ਅਤੇ ਸੜਕਾਂ 'ਤੇ ਕਈ ਥਾਵਾਂ 'ਤੇ ਵੱਡੇ-ਵੱਡੇ ਟੋਏ ਹੋਣ ਕਾਰਨ ਕਾਰਨ ਹਾਦਸੇ ਵਾਪਰ ਰਹੇ ਹਨ ਹੈ।

# ਨੈਤਿਕ ਸਿੱਖਿਆ ਇਮਤਿਹਾਨ 'ਚ ਹੁਸ਼ਿਆਰਪੁਰ ਜ਼ੋਨ ਦੇ 61 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ



**ਹੁਸ਼ਿਆਰਪੁਰ (ਓ ਪੀ ਰਾਣਾ)**- ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਹੁਸ਼ਿਆਰਪੁਰ ਜ਼ੋਨ ਵੱਲੋਂ ਹਰ ਸਾਲ ਕਰਵਾਏ ਜਾਂਦੇ ਨੈਤਿਕ ਸਿੱਖਿਆ ਇਮਤਿਹਾਨ ਵਿੱਚ ਹੁਸ਼ਿਆਰਪੁਰ ਜ਼ੋਨ ਦੇ 61 ਸਕੂਲਾਂ ਦੇ ਤਕਰੀਬਨ 4450 ਵਿਦਿਆਰਥੀਆਂ ਨੇ ਭਾਗ ਲਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ੋਨਲ ਸਕੱਤਰ ਜਗਜੀਤ ਸਿੰਘ ਗਣੇਸ਼ਪੁਰ ਤੇ ਪ੍ਰਧਾਨ ਬਲਦੇਵ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਜਿੱਥੇ 47 ਸਕੂਲਾਂ ਨੇ ਇਸ ਇਮਤਿਹਾਨ ਵਿੱਚ ਸ਼ਮੂਲੀਅਤ ਕੀਤੀ ਸੀ ਉੱਥੇ ਹੀ ਇਸ ਸਾਲ ਇਹ ਗਿਣਤੀ ਵੱਧ ਕੇ 61 ਤੇ ਗਈ ਹੈ। ਇਸ ਵਾਰ ਕੁਝ ਸਕੂਲਾਂ ਵਿੱਚ ਚੋਆ ਵਿੱਚ ਆਏ ਪਾਣੀ ਕਾਰਨ ਇਮਤਿਹਾਨ ਨਹੀਂ ਲੇ ਜਾ ਸਕਿਆ ਜਿਹਨਾਂ ਦਾ ਵੀ ਜਲਦ ਹੀ ਬਦਲਵਾਂ ਪ੍ਰਬੰਧ ਕੀਤੇ ਜਾਣਗੇ। ਜ਼ਿਕਰਯੋਗ ਹੈ ਕਿ ਹੁਸ਼ਿਆਰਪੁਰ ਜ਼ੋਨ ਦੇ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਇਹ ਇਮਤਿਹਾਨ ਹੁਸ਼ਿਆਰਪੁਰ ਜ਼ੋਨ ਦੇ ਉੱਦਮ ਨਾਲ ਲਿਆ ਜਾਂਦਾ ਹੈ। ਹੁਸ਼ਿਆਰਪੁਰ ਜ਼ੋਨ ਦੇ ਵਧੀਕ ਸਕੱਤਰ ਡਾ. ਅਰਵਿੰਦ ਸਿੰਘ ਧੂਤ ਤੇ ਹਰਵਿੰਦਰ ਸਿੰਘ ਨੰਗਲ ਈਸ਼ਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਜਲਦ ਹੀ ਇਨ੍ਹਾਂ ਵਿਦਿਆਰਥੀਆਂ ਦੀਆਂ ਉੱਤਰ ਕਾਪੀਆਂ ਦਾ ਮੁਲਾਂਕਣ ਕਰਕੇ ਨਤੀਜਾ ਜਾਰੀ ਕੀਤਾ ਜਾਵੇਗਾ ਅਤੇ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਨਕਦ ਇਨਾਮ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਤਕਰੀਬਨ ਪਿਛਲੇ ਪੰਜ ਦਹਾਕਿਆਂ ਤੋਂ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ ਤੇ ਚੱਲਦਿਆਂ ਅਕਾਦਮਿਕ, ਸਮਾਜਿਕ ਤੇ ਧਾਰਮਿਕ ਖੇਤਰ ਵਿੱਚ ਸਰਗਰਮ ਹੈ। ਪ੍ਰਿੰ: ਰੁਪਿੰਦਰਜੋਤ ਸਿੰਘ ਮਾਹਿਲਪੁਰ, ਡਾ. ਪਰਦੀਪ ਸਿੰਘ ਗੜਦੀਵਾਲਾ, ਸਰਬਜੀਤ ਸਿੰਘ ਸਾਬੀ, ਸੁਰਿੰਦਰ ਸਿੰਘ ਆਦਿ ਦਾ ਇਸ ਸਮੁੱਚੇ ਪ੍ਰਬੰਧ ਵਿੱਚ ਭਰਪੂਰ ਯੋਗਦਾਨ ਰਿਹਾ।

# ਕੇਂਦਰ ਸਰਕਾਰ ਹੜ੍ਹ ਪੀੜਤਾਂ ਲਈ ਵਿਸ਼ੇਸ਼ ਪੈਕੇਜ ਜਾਰੀ ਕਰੇ : ਨਰੇਸ਼ ਬਾਗੋਵਾਲ

**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਦੀ ਸਭ ਡਿਵੀਜ਼ਨ ਬਲਾਚੌਰ ਦੇ ਪਿੰਡ ਬਾਗੋਵਾਲ ਦੇ ਮੌਜੂਦਾ ਸਰਪੰਚ ਨਰੇਸ਼ ਬਜਾੜ ਬਾਗੋਵਾਲ ਨੇ ਪੰਜਾਬ ਵਿੱਚ ਹੜ੍ਹਾਂ ਨਾਲ ਹੋਏ ਨੁਕਸਾਨ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕੇਂਦਰ ਸਰਕਾਰ ਤੋਂ ਪੰਜਾਬ ਸੂਬੇ ਨੂੰ ਵਿਸ਼ੇਸ਼ ਪੈਕੇਜ ਦੇਣ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਪੰਜਾਬ ਵਾਸੀਆਂ ਨੇ ਜਦੋਂ ਕਦੀ ਵੀ ਦੇਸ਼ ਤੇ ਔਖੀ ਘੜੀ ਆਈ ਹੈ, ਆਪਣਾ ਵੱਧ ਚੜ੍ਹ ਕੇ ਯੋਗਦਾਨ ਪਾਇਆ ਹੈ। ਨਰੇਸ਼ ਬਜਾੜ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਹੜ੍ਹ ਪ੍ਰਭਾਵਿਤ ਕਿਸਾਨਾਂ, ਮਜ਼ਦੂਰਾਂ ਅਤੇ ਆਮ ਨਾਗਰਿਕਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਜਲਦੀ ਹੀ ਇੱਕ ਵਿਸ਼ੇਸ਼ ਪੈਕੇਜ ਦਾ ਐਲਾਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਇੱਕ ਅਨਿੱਖੜਵਾਂ ਅੰਗ ਹੈ, ਅਣਗੌਲਿਆ ਸੂਬਾ ਨਹੀਂ ਹੈ। ਬਜਾੜ ਨੇ ਕਿਹਾ, 'ਮੈਨੂੰ ਉਮੀਦ ਕਰਦੀ ਹੈ ਕਿ ਕੇਂਦਰ ਸਰਕਾਰ ਪੰਜਾਬ ਦੇ ਲੋਕਾਂ ਦੇ ਦਰਦ ਅਤੇ ਦੁੱਖ ਨੂੰ ਸਮਝੇਗੀ ਅਤੇ ਜਲਦੀ ਹੀ ਵਿੱਤੀ ਸਹਾਇਤਾ ਜਾਰੀ ਕਰੇਗੀ ਤਾਂ ਜੋ ਹੜ੍ਹ ਪੀੜਤਾਂ ਨੂੰ ਉਨ੍ਹਾਂ ਦੇ ਜੀਵਨ ਵਿੱਚ ਰਾਹਤ ਅਤੇ ਸਥਿਰਤਾ ਮਿਲ ਸਕੇ'।



# ਲਗਾਤਾਰ ਬਰਸਾਤ ਦੇ ਚਲਦਿਆਂ ਧਾਰਮਿਕ ਸਥਾਨ ਦੀ ਕੰਧ ਢਹਿ ਗਈ



**ਫਿਲੌਰ (ਨਿਰਮਲ)**- ਸਥਾਨਕ ਮੁਹੱਲਾ ਕਾਜ਼ੀਆਂ 'ਚ ਦਰਬਾਰ ਹਜ਼ਰਤ ਬਾਬਾ ਸ਼ੇਖ ਮਦਨ ਵਣ ਪੀਰ ਦੀ ਕੰਧ ਢਹਿ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਪਵਿੱਤਰ ਸਥਾਨ ਦੇ ਸੇਵਾਦਾਰ ਸ਼ਾਮ ਲਾਲ ਬਿੱਲਾ ਨੇ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਹੋ ਰਹੀ ਭਾਰੀ ਬਰਸਾਤ ਕਰਕੇ ਦਰਬਾਰ ਹਜਰਤ ਬਾਬਾ ਸੇਖ ਮਦਨ ਵਣ ਪੀਰ ਦੀ ਇਮਾਰਤ ਦਾ ਕਾਫ਼ੀ ਨੁਕਸਾਨ ਹੋ ਗਿਆ ਹੈ ਅਤੇ ਇਕ ਵੱਡੀ ਕੰਧ ਵੀ ਢਹਿ ਢੇਰੀ ਹੋ ਗਈ ਹੈ, ਜਿਸ ਕਰਕੇ ਰਸੋਈ ਆਦਿ ਦਾ ਸਮਾਨ ਭੱਠੀਆਂ ਵਗੈਰਾ ਵੀ ਹੇਠਾਂ ਦਬ ਗਈਆਂ। ਉਨ੍ਹਾਂ ਸ਼ਰਧਾਲੂਆਂ ਨੂੰ ਅਪੀਲ ਕੀਤੀ ਕਿ ਉਕਤ ਧਾਰਮਿਕ ਸਥਾਨ ਦੀ ਉਸਾਰੀ ਅਤੇ ਨੁਕਸਾਨ ਲਈ ਪ੍ਰਸ਼ਾਸਨ ਅਤੇ ਸੰਗਤਾਂ ਵੱਲੋਂ ਵਧ ਚੜ੍ਹ ਕੇ ਸਹਿਯੋਗ ਕੀਤਾ ਜਾਵੇ ਤਾਂ ਜੋ ਭਵਿੱਖ ਵਿਚ ਇਮਾਰਤ ਦੀ ਮੁੜ ਉਸਾਰੀ ਹੋ ਸਕੇ। ਇਸ ਮੌਕੇ ਪ੍ਰਧਾਨ ਤਿਲਕ ਰਾਜ, ਚਰਨਜੀਤ ਬਿੱਟੂ, ਸਤੀਸ਼ ਭੱਟੀ, ਲਛਮਣ ਦਾਸ, ਲਖਵੀਰ ਕੁਮਾਰ ਭੱਟੀ, ਸੁਰਿੰਦਰ ਕੁਮਾਰ, ਅਸ਼ੋਕ ਕੁਮਾਰ,ਕੁਮਾਰ, ਸੋਢੀ ਭੱਟੀ, ਹੈਪੀ ਆਦਿ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਚਿੱਟੀ ਵੇਈਂ ਭਰਨ ਨਾਲ ਨਜ਼ਦੀਕੀ ਪਿੰਡਾਂ ਦਾ ਆਪਸ ਵਿੱਚ ਲਿੰਕ ਟੁੱਟਿਆ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)**- ਲੋਹੀਆਂ ਖਾਸ ਤੋਂ ਥੋੜ੍ਹੀ ਹੀ ਦੂਰੀ ਤੇ ਸਤਲੁਜ ਦਰਿਆ 'ਚ ਪਾਣੀ ਦਾ ਪੱਧਰ ਰੋਜ਼ ਹੀ ਤੇ ਵੱਧ ਗਿਆ ਹੈ, ਜੋ ਕਿ ਇਸ ਸਮੇਂ ਖ਼ਤਰੇ ਦੇ ਨਿਸ਼ਾਨ ਤੇ ਪੁੱਜ ਗਿਆ ਹੈ, ਅਤੇ ਗਿੱਦੜਪਿੰਡੀ ਸਤਲੁਜ ਦਰਿਆ 'ਤੇ ਬਣੇ ਪੁਲ 'ਤੇ ਪੁੱਜ ਕੇ ਦੇਖਿਆ ਤਾਂ ਸਤਲੁਜ ਦਰਿਆ 'ਚ ਪਾਣੀ ਬਹੁਤ ਹੀ ਤੇਜ਼ੀ ਨਾਲ ਵੱਧ ਰਿਹਾ ਸੀ। ਇਸ ਮੌਕੇ ਭਾਖੜਾ ਡੈਮ ਵੱਲੋਂ ਛੱਡੇ ਗਏ ਪਾਣੀ ਦਾ ਪੱਧਰ ਕਿਸੇ ਵੇਲੇ ਵੀ ਹੋਰ ਵੱਧ ਸਕਦਾ ਹੈ। ਇਸ ਦੇ ਤੇ ਨਾਲ ਹੀ ਭਾਖੜਾ ਡੈਮ ਤੋਂ ਕਿਸੇ ਵੇਲੇ ਵੀ ਹੋਰ ਵੀ ਪਾਣੀ ਛੱਡਿਆ ਜਾ ਸਕਦਾ। ਇਸ ਮੌਕੇ ਭਾਖੜਾ ਡੈਮ ਬਾਰੀ ਬਾਰਿਸ਼ ਹੋਣ ਕਾਰਨ ਆਖਰ ਡੈਮ ਵੀਕ ਤੇਰੇ ਨਿਸ਼ਾਨ ਤੱਕ ਪੁੱਜ ਗਿਆ ਤੇ ਇਸ ਲਈ ਬਾਰ ਬਾਰ ਪਲਾਟ ਗੇਟ ਖੋਲੇ ਜਾ ਰਹੇ ਹਨ। ਜੋ ਕਿ ਭਾਖੜਾ ਡੈਮ ਨਿਸ਼ਾਨ ਤੋਂ ਹੇਠਾਂ ਆ ਜਾਵੇ। ਇਸ ਮੌਕੇ ਲੋਹੀਆਂ ਖਾਸ ਨਾਲ ਦੇ ਪਿੰਡਾਂ ਵਿੱਚ ਕਈ ਕੀ ਥਾਵਾਂ ਤੇ ਪਾਣੀ ਵੀ ਆ ਗਿਆ ਹੈ। ਇਸ ਮੌਕੇ ਲੋਹੀਆਂ ਖਾਸ ਦੇ ਨਜ਼ਦੀਕੀ ਪਿੰਡ ਫੁੱਲ ਘੁੱਦੂਵਾਲ ਪਾਸੇ ਚਿੱਟੀ ਵੇਈਂ ਪੂਰੀ ਭਰ ਚੁੱਕੀ ਹੈ ਜਿਸ ਦਾ ਪਾਣੀ ਨਾਲ ਲੱਗਦੇ ਪਿੰਡਾਂ ਵੱਲ ਤੇ ਖੇਤਾਂ ਵਿੱਚ ਆ ਰਿਹਾ ਹੈ। ਇਸ ਮੌਕੇ ਚਿੱਟੀ ਪੂਰੀ ਪਰਨ ਦੇ ਨਾਲ ਹਜ਼ਾਰ ਏਕੜ ਫਸਲ ਡੁੱਬ ਚੁੱਕੀ ਹੈ। ਇਸ ਨਾਲ ਹੀ ਲੋਹੀਆਂ ਖਾਸ ਦੇ ਨਜ਼ਦੀਕੀ ਪਿੰਡ ਫੁੱਲ ਘੁੱਦੂਵਾਲ, ਨਵਾਂ ਪਿੰਡ ਖਾਲੇਵਲ, ਟੁਰਨਾ, ਮੱਖੀ, ਮਹਿਮੂਵਾਲ ਦੇ ਪਿੰਡਾਂ ਦਾ ਆਪਸ ਵਿੱਚ ਲਿੰਕ ਟੁੱਟ ਚੁੱਕਾ ਹੈ। ਇਸ ਮੌਕੇ ਲੋਹੀਆਂ ਖਾਸ ਦੀ ਇੰਦਰਾ ਦਾਨਾ ਮੰਡੀ ਵਿੱਚ ਗੁਰੂ ਨਾਨਕ ਮੋਦੀਖਾਨਾ ਚੈਰੀਟੇਬਲ ਟਰੱਸਟ ਵੱਲੋਂ ਬੰਨ੍ਹਾ ਨੂੰ ਬੰਨਣ ਲਈ ਬੋਰੇ ਭਰਨ ਦੀ ਸੇਵਾ ਕਰ ਰਹੇ ਹਨ।



# ਲਗਾਤਾਰ ਪੈ ਰਹੀ ਬਰਸਾਤ ਕਾਰਨ ਸਿਹਤ ਵਿਭਾਗ ਨੇ ਤੁਰੰਤ ਸਹਾਇਤਾ ਲਈ ਟੀਮਾਂ ਭੇਜੀਆਂ

**ਮਹਿਤਪੁਰ (ਰਾਜਾ)**- ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਪੈ ਰਹੇ ਮੀਂਹ ਕਾਰਣ ਬਲਾਕ ਮਹਿਤਪੁਰ ਦੇ ਕਈ ਇਲਾਕੇ ਪ੍ਰਭਾਵਿਤ ਹੋਏ, ਜਿਥੇ ਪਾਣੀ ਦਾ ਪੱਧਰ ਵੱਧਣ ਨਾਲ ਲੋਕਾਂ ਵਿੱਚ ਬਿਮਾਰੀਆਂ ਦੇ ਫੈਲਣ ਦਾ ਖਤਰਾ ਵਧ ਗਿਆ ਸੀ। ਖਾਸ ਕਰਕੇ ਵੈਕਟਰ ਬੋਰਨ ਬਿਮਾਰੀਆਂ (ਡੇਂਗੂ, ਮਲੇਰੀਆ, ਚਿਕਨਗੁਨਿਆ ਆਦਿ) ਦੀ ਸੰਭਾਵਨਾ ਨੂੰ ਧਿਆਨ ਵਿੱਚ ਰੱਖਦਿਆਂ ਸਿਹਤ ਵਿਭਾਗ ਵੱਲੋਂ ਤੁਰੰਤ ਰਾਹਤ ਮੈਡੀਕਲ ਟੀਮ ਭੇਜੀ ਗਈ। ਸਿਵਲ ਸਰਜਨ ਦੇ ਦਿਸ਼ਾ-ਨਿਰਦੇਸ਼ ਹੇਠਾਂ ਤੇ ਸੀਨੀਅਰ ਮੈਡੀਕਲ ਅਫਸਰ ਡਾ. ਮਹੇਸ਼ ਕੁਮਾਰ ਪ੍ਰਭਾਕਰ ਦੀ ਰਹਿਨੁਮਾਈ ਵਿੱਚ ਡਾ. ਸੋਨੀਆ, ਸੀ ਐਚ ਓ ਸ਼ਿਵਾਲੀ, ਫਾਰਮਾਸਿਸਟ, ਐਸ ਆਈ ਦਵਿੰਦਰ, ਮਲਟੀਪਰਪਜ਼ ਹੈਲਥ ਵਰਕਰਾਂ ਸਮੇਤ ਟੀਮ ਨੇ ਮੌਕੇ 'ਤੇ ਲੋਕਾਂ ਦਾ ਇਲਾਜ ਕੀਤਾ। ਮਲਟੀਪਰਪਜ਼ ਹੈਲਥ ਵਰਕਰਾਂ ਵੱਲੋਂ ਮੱਛਰਾਂ ਦੀ ਵਾਧਰੇਕ ਉਤਪਤੀ ਨੂੰ ਰੋਕਣ ਲਈ ਪ੍ਰਭਾਵਿਤ ਇਲਾਕਿਆਂ ਵਿੱਚ ਫੌਗਿੰਗ ਕੀਤੀ ਗਈ ਅਤੇ ਲੋਕਾਂ ਨੂੰ ਸੁਰੱਖਿਅਤ ਪਾਣੀ ਲਈ ਕਲੋਰੀਨ ਟੈਬਲਟਾਂ ਵੰਡੀਆਂ ਗਈਆਂ। ਇਸ ਪੂਰੀ ਕਾਰਵਾਈ ਦਾ ਪ੍ਰਬੰਧਨ ਬਲਾਕ ਐਕਸਟੈਂਸ਼ਨ ਐਜੂਕੇਟਰ ਹਿਮਾਲਯਾ ਪ੍ਰਕਾਸ਼ ਨੇ ਕੀਤਾ। ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਸੁਰੱਖਿਅਤ ਪਾਣੀ ਵਰਤਣ, ਸਾਫ਼-ਸੁਥਰਾ ਵਾਤਾਵਰਣ ਬਣਾਈ ਰੱਖਣ ਅਤੇ ਵੈਕਟਰ ਬੌਰਨ ਬਿਮਾਰੀਆਂ ਤੋਂ ਬਚਾਅ ਲਈ ਜ਼ਰੂਰੀ ਸਾਵਧਾਨੀਆਂ ਅਪਣਾਉਣ ਦੀ ਅਪੀਲ ਕੀਤੀ ਗਈ।



# ਪੁਨਰਜੋਤ ਵੈੱਲਫੇਅਰ ਸੋਸਾਇਟੀ ਨੇ ਜ਼ਰੂਰਤਮੰਦ ਲੋਕਾਂ ਨੂੰ ਘਰ-ਘਰ ਜਾ ਕੇ ਵੰਡੀਆਂ ਤਰਪਾਲਾਂ



**ਮਹਿਤਪੁਰ (ਰਾਜਾ)**- ਪੁਨਰਜੋਤ ਵੈੱਲਫੇਅਰ ਸੋਸਾਇਟੀ ਫਗਵਾੜਾ ਪਿਛਲੇ ਕਈ ਸਾਲਾਂ ਤੋਂ ਅੱਖਾਂ ਦੇ ਕੈਂਪ ਲਗਾ ਕੇ ਸ੍ਰੀ ਅਸ਼ੋਕ ਮਹਿਰਾ ਪੁਨਰ ਜੋਤ ਇੰਟਰਨੈਸ਼ਨਲ ਕੋਆਰਡੀਨੇਟਰ ਦੀ ਅਗਵਾਈ ਵਿੱਚ ਸੇਵਾ ਕਰ ਰਹੀ ਰਹੀ ਹੈ,ਦੁਆਰਾ ਪਿੰਡਾਂ ਵਿੱਚ ਡਿੱਗ ਰਹੀਆਂ ਛੱਤਾਂ ਤੇ ਦਰਿਆ ਨੇੜੇ ਆ ਰਹੇ ਪਾਣੀ ਦੀ ਮਾਰ ਨੂੰ ਦੇਖਦੇ ਹੋਏ ਤਰਪਾਲਾਂ ਦੀ ਸੇਵਾ ਘਰੋ ਘਰੀ ਭੇਜੀ ਗਈ। ਇਸੇ ਦੌਰਾਨ ਐਸ ਡੀ ਐਮ ਦਫਤਰ ਸ਼ਾਹਕੋਟ ਵਿਖੇ ਦਵਾਈਆਂ ਅਤੇ ਖਾਲੀ ਬੋਰਿਆਂ ਦੀ ਸੇਵਾ ਪਹਿਲਾਂ ਭੇਜੀ ਗਈ ਹੈ। ਇਹ ਜਾਣਕਾਰੀ ਮਾਸਟਰ ਰਕੇਸ਼ ਕੁਮਾਰ ਪੁਨਰਜੋਤ ਜੋਤ ਕੁਆਰਡੀਨੇਟਰ ਮਹਿਤਪੁਰ ਦੁਆਰਾ ਦਿੱਤੀ ਗਈ ਜਿਨ੍ਹਾਂ ਨੇ ਹੱਥੋ ਹੱਥੀ ਤ੍ਰਿਪਾਲਾਂ ਘਰ ਘਰ ਜਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣ ਕੇ ਅਤੇ ਉਹਨਾਂ ਨੂੰ ਹੱਲ ਕਰਨ ਲਈ ਆਪਣੇ ਵੱਲੋਂ ਅਤੇ ਸੁਸਾਇਟੀ ਵੱਲੋਂ ਪ੍ਰਣ ਕੀਤਾ। ਇਸ ਦੌਰਾਨ ਪਿੰਡ ਖੁਰਲਾਪੁਰ, ਸੰਗੋਵਾਲ, ਬੀੜ ਬਾਲੋਕੀ, ਸਿੰਘਪੁਰ, ਲੋਹਗੜ ਆਦਿ ਪਿੰਡਾਂ ਵਿੱਚ ਵੀ ਜਾ ਕੇ ਹਾਲਾਤ ਦੇਖੇ ਗਏ। ਅਗਲੇ ਦਿਨਾਂ ਵਿੱਚ ਇਹਨਾਂ ਪਿੰਡਾਂ ਵਿੱਚ ਮੈਡੀਕਲ ਕੈਂਪ ਲਾਉਣ ਦੀ ਵੀ ਪਲਾਨਿੰਗ ਹੈ।

# ਪੀਰ ਬਾਬਾ ਜੁੜਵਾਂ ਸ਼ਾਹ ਦਾ 33ਵਾਂ ਵਿਸ਼ਾਲ ਮੇਲਾ ਅੱਜ ਤੋਂ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**- ਪੀਰਾਂ ਦਾ ਪੀਰ ਬਾਬਾ ਜੁੜਵਾਂ ਸ਼ਾਹ ਜੀ ਦਾ 33ਵਾਂ ਵਿਸ਼ਾਲ ਮੇਲਾ 3 ਤੇ 4 ਸਤੰਬਰ ਨੂੰ ਸਿਨੇਮਾ ਰੋਡ ਤੇ ਪੀਰ ਬਾਬਾ ਜੁੜਵਾਂ ਸ਼ਾਹ ਜੀ ਦੀ ਦਰਗਾਹ ਵਿਖੇ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਦਰਬਾਰ ਦੇ ਮੁੱਖ ਸੇਵਾਦਾਰ ਸੈਕੀ ਖੰਨਾ ਨੇ ਦੱਸਿਆ ਕਿ ਇਸ ਸਾਲ ਵੀ ਪੀਰ ਬਾਬਾ ਜੁੜਵਾਂ ਸ਼ਾਹ ਜੀ ਦਾ ਮੇਲਾ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਜਿਸ ਨੂੰ ਲੈ ਕੇ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਇਸ ਮੇਲੇ ਨੂੰ ਸਫਲ ਬਣਾਉਣ ਵੱਖ ਵੱਖ ਕਮੇਟੀ ਮੈਂਬਰਾਂ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਮੇਲੇ ਵਿਚ 3 ਸਤੰਬਰ ਨੂੰ ਸਵੇਰੇ 11 ਵਜੇ ਮਹਿੰਦੀ ਦੀ ਰਸਮ ਅਤੇ ਰਾਤ 8 ਵਜੇ ਦੇ ਕਰੀਬ ਇੰਟਰਨੈਸ਼ਨਲ ਸੂਫੀ ਕਲਾਕਾਰ ਚੀਰਾਗ ਸਹਿਗਲ, ਸਾਹਿਲ ਖਾਨ ਅਤੇ ਗੀਤੂ ਨੂਰਾ ਬਾਬਾ ਜੀ ਦਾ ਗੁਣਗਾਨ ਕਰਨਗੇ ਅਤੇ 4 ਸਤੰਬਰ ਨੂੰ ਸਵੇਰੇ 7 ਵਜੇ ਝੰਡੇ ਦੀ ਰਸਮ ਤੇ ਚਾਦਰ ਦੀ ਰਸਮ ਸਵੇਰੇ 9 ਵਜੇ ਹੋਵੇਗੀ। ਇਸੇ ਦਿਨ ਸ਼ਾਮ ਨੂੰ 8 ਵਜੇ ਉੱਘੇ ਸੂਫੀ ਗਾਇਕ ਮਨਮੰਦਰ ਮਾਨਵਨ, ਵਨੀਤ ਖਾਨ ਅਤੇ ਕਮਲ ਖਾਨ ਆਪਣੀ ਸੂਫੀ ਗਾਇਕੀ ਨਾਲ ਭਗਤਾਂ ਨੂੰ ਨਿਹਾਲ ਕਰਨਗੇ। ਵੱਖ ਵੱਖ ਤਰ੍ਹਾਂ ਦੇ ਲੰਗਰ ਵੀ ਲਗਾਏ ਜਾਣਗੇ। ਇਸ ਮੌਕੇ ਸ਼ੰਕਰ ਖੰਨਾ, ਸੁਰਜੀਤ ਸਿੰਘ ਆਨੰਦ, ਹਰਦੀਪ ਗਰਗ, ਗੁਰਪ੍ਰੀਤ ਸਿੰਘ ਗੱਪੂ, ਦੀਪਕ ਬਾਸਲ, ਮਨਦੀਪ ਬਾਲੀਆ, ਜਤਿੰਨ ਅਹੂਜਾ, ਸੰਜੂ ਕੁਮਾਰ ਸਮੇਤ ਵੱਡੀ ਗਿਣਤੀ ਵਿਚ ਕਮੇਟੀ ਮੈਂਬਰ ਹਾਜ਼ਰ ਸਨ।



# ਡੀ ਸੀ ਵੱਲੋਂ ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਨੂੰ ਸਖ਼ਤ ਨਜ਼ਰ ਰੱਖਣ ਦੀਆਂ ਹਦਾਇਤਾਂ

**ਜਲੰਧਰ (ਸੁਰਿੰਦਰ ਕੁਮਾਰ)**- ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਪਿਛਲੇ ਦੋ ਦਿਨਾਂ ਤੋਂ ਪੈ ਰਹੀ ਭਾਰੀ ਬਾਰਿਸ਼ ਦੇ ਮੱਦੇਜ਼ਨਰ ਮੰਗਲਵਾਰ ਨੂੰ ਜ਼ਿਲ੍ਹੇ ਦੇ ਦੁਕਾਨਦਾਰਾਂ ਨੂੰ ਜ਼ਰੂਰੀ ਵਸਤਾਂ ਦੀ ਜਮ੍ਹਾਖੋਰੀ ਅਤੇ ਵੱਧ ਕੀਮਤ ਵਸੂਲਣ ਵਾਲਿਆਂ ਨੂੰ ਤਾੜਨਾ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਦੁਕਾਨਦਾਰਾਂ ਵਲੋਂ ਹੜ੍ਹਾਂ ਦਾ ਹਵਾਲਾ ਦੇ ਕੇ ਕਰਿਆਨਾ, ਸਬਜ਼ੀਆਂ, ਫ਼ਲ ਅਤੇ ਹੋਰ ਜ਼ਰੂਰੀ ਚੀਜ਼ਾਂ ਵੱਧ ਕੀਮਤ ਉਤੇ ਵੇਚੀਆਂ ਜਾ ਰਹੀਆਂ ਹਨ। ਡਿਪਟੀ ਕਮਿਸ਼ਨਰ ਨੇ ਸਪਸ਼ਟ ਕਿਹਾ ਕਿ ਅਜਿਹੀ ਲੁੱਟ-ਖਸੁੱਟ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਚਿਤਾਵਨੀ ਦਿੱਤੀ ਕਿ ਉਲੰਘਣਾ ਕਰਨ ਵਾਲਿਆਂ ਨੂੰ ਸਖ਼ਤ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜ਼ਰੂਰੀ ਚੀਜ਼ਾਂ ਦੀ ਵਾਜਿਬ ਰੇਟਾਂ 'ਤੇ ਸਮੇਂ ਸਿਰ ਉਪਲੱਬਧਤਾ ਯਕੀਨੀ ਬਣਾਉਣਾ ਸਮੂਹਿਕ ਜ਼ਿੰਮੇਵਾਰੀ ਹੈ। ਡਾ. ਅਗਰਵਾਲ ਨੇ ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਨੂੰ ਜ਼ਰੂਰੀ ਵਸਤਾਂ ਦੀ ਜਮ੍ਹਾਖੋਰੀ ਅਤੇ ਕੀਮਤਾਂ ਵਿੱਚ ਨਾਜਾਇਜ਼ ਵਾਧੇ ਨੂੰ ਰੋਕਣ ਲਈ ਨਿਯਮਿਤ ਤੌਰ 'ਤੇ ਬਜ਼ਾਰਾਂ ਵਿੱਚ ਨਿਰੀਖਣ ਕਰਨ ਦੀਆਂ ਹਦਾਇਤਾਂ ਕੀਤੀਆਂ। ਉਨ੍ਹਾਂ ਦੁਕਾਨਾਂਦਾਰਾਂ ਨੂੰ ਅਪੀਲ ਕੀਤੀ ਕਿ ਇਸ ਔਖੀ ਘੜੀ ਵਿੱਚ ਆਪਣੀ ਨੈਤਿਕ ਜ਼ਿੰਮੇਵਾਰੀ ਨੂੰ ਪਛਾਣਦੇ ਹੋਏ ਵਾਜਿਬ ਰੇਟਾਂ 'ਤੇ ਹੀ ਚੀਜ਼ਾਂ ਵੇਚੀਆਂ ਜਾਣ। ਉਨ੍ਹਾਂ ਲੋਕਾਂ ਨੂੰ ਵੀ ਭਰੋਸਾ ਦੁਆਇਆ ਕਿ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਸਖ਼ਤੀ ਨਾਲ ਨਿਗਰਾਨੀ ਕੀਤੀ ਜਾ ਰਹੀ ਹੈ।

# ਭਗਵਤੀ ਜਾਗਰਣ ਸੰਬੰਧੀ ਝੰਡਾ ਚੜ੍ਹਾਉਣ ਦੀ ਰਸਮ ਕੀਤੀ ਅਦਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਟਾਂਡਾ ਵੈਲਫੇਅਰ ਕਲੱਬ ਵੱਲੋਂ ਤਹਿਸੀਲ ਰੋਡ ਟਾਂਡਾ ਵਿਖੇ 8 ਸਤੰਬਰ ਨੂੰ ਕਰਵਾਏ ਜਾ ਰਹੇ ਵਿਸ਼ਾਲ ਮਾਂ ਭਗਵਤੀ ਜਾਗਰਣ ਸਬੰਧੀ ਪੂਰੀ ਵਿਧੀ ਪੂਰਵਕ ਪੂਜਾ ਅਰਚਨਾ ਕਰਨ ਉਪਰੰਤ ਕਮੇਟੀ ਮੈਂਬਰਾਂ ਵੱਲੋਂ ਝੰਡਾ ਚੜਾਉਣ ਦੀ ਰਸਮ ਅਦਾ ਕੀਤੀ ਗਈ। ਕਲੱਬ ਪ੍ਰਧਾਨ ਕੌਂਸਲਰ ਹਰੀ ਕ੍ਰਿਸ਼ਨ ਸੈਣੀ ਨੇ 8 ਸਤੰਬਰ ਨੂੰ ਕਰਵਾਏ ਜਾ ਰਹੇ ਵਿਸ਼ਾਲ ਮਾਂ ਭਗਵਤੀ ਜਾਗਰਣ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਵਿਸ਼ਾਲ ਜਾਗਰਣ ਵਿੱਚ ਪੰਜਾਬ ਦੇ ਪ੍ਰਸਿੱਧ ਗਾਇਕ ਟਿੰਕੂ ਸ਼ਹਿਜ਼ਾਦਾ, ਇੰਟਰਨੈਸ਼ਨਲ ਗਾਇਕ ਸੰਜਨਾ ਭੋਲਾ ਅਤੇ ਇੰਟਰਨੈਸ਼ਨਲ ਗਾਇਕ ਮਨੀ ਲਾਡਲਾ ਆਪਣੇ ਭਜਨਾਂ ਰਾਹੀਂ ਮਾਂ ਭਗਵਤੀ ਦਾ ਜਾਗਰਣ ਕਰਕੇ ਸ਼ਰਧਾਲੂਆਂ ਨੂੰ ਮਾਂ ਦੇ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦੇਣਗੇ। ਉਨ੍ਹਾਂ ਕਿਹਾ ਕਿ ਇਸ ਜਾਗਰਣ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਵਿਸ਼ੇਸ਼ ਤੌਰ 'ਤੇ ਆਪਣੀ ਹਾਜ਼ਰੀ ਲਗਵਾਉਣਗੇ।ਉਨ੍ਹਾਂ ਕਿਹਾ ਕਿ ਇਸ ਜਾਗਰਣ ਵਿੱਚ ਸ਼ਰਧਾਲੂਆਂ ਲਈ ਔਰਤਾਂ ਅਤੇ ਮਰਦਾਂ ਦੇ ਬੈਠਣ ਦਾ ਵੱਖਰਾ ਵੱਖਰਾ ਇੰਤਜ਼ਾਮ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਨੂੰ ਹਰ ਤਰ੍ਹਾਂ ਦੀਆਂ ਸੁਵਿਧਾਵਾਂ ਮੁਹਈਆ ਕਰਵਾਉਣ ਲਈ ਕਲੱਬ ਦੇ ਵਲੰਟੀਅਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਾਰੀ ਰਾਤ ਮਾਂ ਦਾ ਅਟੁੱਟ ਲੰਗਰ ਚਲਦਾ ਰਹੇਗਾ। ਇਸ ਮੌਕੇ ਤੇ ਅਸ਼ੋਕ ਵਰਮਾ, ਗਿਣੀ ਅਰੋੜਾ, ਵਿੱਕੀ ਵਰਮਾ, ਬਲਜੀਤ ਰਾਏ, ਵਿਕਰਾਂਤ ਰਾਣਾ, ਅਰੁਣ ਟੰਡਨ, ਪਰਮੋਦ ਕਾਲੀਆ, ਗੁਲਸ਼ਨ, ਗੌਰਵ ਬੇਦੀ, ਜਤਿੰਦਰ ਸੈਣੀ, ਗਣੇਸ਼ ਵੈਦ, ਪ੍ਰਿੰਸ ਰਾਣਾ, ਮਨਿੰਦਰ ਨੇ ਦੱਸਿਆ ਕਿ ਜਾਗਰਨ ਤੋਂ ਪਹਿਲਾਂ ਪੂਜਾ ਅਰਚਨਾ ਅਤੇ ਹੋਰ ਰਸਮਾਂ ਪੰਡਿਤ ਰਾਮ ਵੱਲੋਂ ਪੂਰੀਆਂ ਕੀਤੀਆਂ ਜਾਣਗੀਆਂ।



# ਸਰਕਾਰ ਲੋਕਾਂ ਦੀਆਂ ਚਿਰਕੋਣੀਆਂ ਮੰਗਾਂ ਨੂੰ ਪੱਕੇ ਤੌਰ 'ਤੇ ਹੱਲ ਕਰਨ ਲਈ ਵਚਨਬੱਧ : ਕੁਲਵੰਤ ਸਿੰਘ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਫੇਸ-6 ਤੇ ਫੇਸ-9 ਨਾਲ ਸੰਬੰਧਿਤ ਕੁਆਰਟਰਾਂ ਦੇ ਵਸਨੀਕਾਂ ਦਾ ਇੱਕ ਵਫਦ ਵਿਧਾਇਕ ਕੁਲਵੰਤ ਸਿੰਘ ਨੂੰ ਮਿਲਿਆ, ਜਿਸ ਵਿੱਚ ਫੇਸ -6 ਅਤੇ ਫੇਸ-9 ਦੇ ਕੁਆਰਟਰਾਂ ਦੀ ਅਲਾਟਮੈਂਟ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਸਾਬਕਾ ਕੌਂਸਲਰ ਆਰ.ਪੀ. ਸ਼ਰਮਾ ਨੇ ਦੱਸਿਆ ਕਿ ਇਹ ਮਕਾਨ 1978 ਦੇ ਵਿੱਚ ਮਿਲੇ ਸਨ ਤੇ 12 ਵਰ੍ਹੇ ਪਹਿਲਾਂ ਸਰਕਾਰ ਵੇਲੇ ਬਕਾਇਦਾ ਇਸ ਨੂੰ ਕੈਬਿਨਟ ਵਿੱਚ ਪਾਸ ਕਰ ਦਿੱਤਾ ਗਿਆ ਸੀ ਕਿ ਇਹ ਅਲਾਟਮੈਂਟਾਂ ਪੱਕੀ ਕਰ ਦਿੱਤੀ ਜਾਵੇਗੀ ਅਤੇ ਇਸ ਪ੍ਰਕਿਰਿਆ ਨੂੰ ਅੱਗੇ ਵਧਾਉਣ ਦੇ ਲਈ ਬਕਾਇਦਾ ਇੱਕ 5- ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ, ਪ੍ਰੰਤੂ ਐਨ ਮੌਕੇ ਤੇ ਚੋਣ ਜ਼ਾਬਤਾ ਲਾਗੂ ਹੋਣ ਦੇ ਚਲਦਿਆਂ ਇਹ ਪ੍ਰਕਿਰਿਆ ਪੂਰੀ ਤਰ੍ਹਾਂ ਸਿਰੇ ਨਹੀਂ ਲੱਗ ਸਕੀ ਅਤੇ ਮਾਮਲਾ ਜਿਉਂ ਦਾ ਤਿਉਂ ਲਮਕਿਆ ਪਿਆ ਹੈ। ਵਸਨੀਕਾਂ ਵੱਲੋਂ ਵਿਧਾਇਕ ਕੁਲਵੰਤ ਸਿੰਘ ਦੇ ਨਾਲ ਮੁਲਾਕਾਤ ਕਰਕੇ ਇਹਨਾਂ ਕੁਆਰਟਰਾਂ ਨੂੰ ਅਲਾਟਮੈਂਟ ਕੀਤੇ ਜਾਣ ਦੀ ਮੰਗ ਤੇ ਭਰੋਸਾ ਦਿਵਾਉਂਦਿਆਂ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਉਹ ਇਸ ਮਾਮਲੇ ਨੂੰ ਸਬੰਧਤ ਉੱਚ ਅਧਿਕਾਰੀਆਂ ਨਾਲ ਵਿਚਾਰ ਕੇ ਕੁਆਰਟਰਾਂ ਦੀ ਅਲਾਟਮੈਂਟ ਦੇ ਨਾਲ ਸੰਬੰਧਿਤ ਇਸ ਮਸਲੇ ਦਾ ਜਲਦੀ ਤੋਂ ਜਲਦੀ ਕਰਵਾਉਣਗੇ। ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀਆਂ ਚਿਰਕੋਣੀਆਂ ਮੰਗਾਂ ਨੂੰ ਪੱਕੇ ਤੌਰ ਤੇ ਹੱਲ ਕਰਨ ਲਈ ਵਚਨਵੱਧ ਹੈ। ਵਿਧਾਇਕ ਕੁਲਵੰਤ ਸਿੰਘ ਦੇ ਨਾਲ ਮੁਲਾਕਾਤ ਦੇ ਦੌਰਾਨ ਇਸ ਵਫਦ ਦੇ ਵਿੱਚ ਸਾਬਕਾ ਕੌਂਸਲਰ ਆਰ. ਪੀ. ਸ਼ਰਮਾ, ਕ੍ਰਿਸ਼ਨ, ਰਣਜੀਤ ਸਿੰਘ, ਜਗਦੀਸ਼ ਸਿੰਘ, ਹੇਮ ਰਾਜ ਅਤੇ ਮਹੱਲਾ ਵਾਸੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਹਿਲਾਵਾਂ ਵੀ ਸ਼ਾਮਿਲ ਸਨ।



# ਗੁਰਬਾਣੀ ਮਨੁੱਖ ਦੀਆਂ ਸਭ ਸਮੱਸਿਆਵਾਂ ਦਾ ਹੱਲ : ਡਾ ਰਾਜਿੰਦਰ ਕੌਰ

**ਸਮਰਾਲਾ (ਸੁਰਜੀਤ ਸਿੰਘ)**- ਗੁਰਬਾਣੀ ਦੁਨੀਆ ਦਾ ਇੱਕ ਮਹਾਨ ਫਲਸਫਾ ਹੈ, ਇਸ ਵਿਚ ਮਨੁੱਖ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ, ਬਸ਼ਰਤੇ ਕੋਈ ਗੁਰਬਾਣੀ ਦਾ ਡੂੰਘਾ ਅਧਿਐਨ ਕਰੇ। ਇਹ ਵਿਚਾਰ ਅੱਜ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ, ਝਾੜ ਸਾਹਿਬ ਵਿਖੇ ਧਰਮ ਦੇ ਫਲਸਫੇ ਉੱਤੇ ਕਰਵਾਏ ਗਏ ਧਾਰਮਿਕ ਲੈਕਚਰ ਦੌਰਾਨ ਕਾਲਜ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਡਾ. ਰਾਜਿੰਦਰ ਕੌਰ ਨੇ ਵਿਅਕਤ ਕੀਤੇ। ਕਾਲਜ ਵਿੱਚ ਇਹ ਲੈਕਚਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਮਤੀ ਦਾਸ ਜੀ ਦੇ 350 ਸਾਲਾ ਸ਼ਹੀਦੀ ਦਿਵਸ ਅਤੇ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦੇ 350 ਸਾਲਾ ਗੁਰਿਆਈ ਦਿਵਸ ਨੂੰ ਸਮਰਪਤ ਕਾਲਜ ਦੇ ਧਰਮ ਅਧਿਐਨ ਵਿਭਾਗ ਵੱਲੋਂ ਵਿਸ਼ੇਸ਼ ਤੌਰ ਤੇ ਆਯੋਜਿਤ ਕੀਤਾ ਗਿਆ। ਮੁੱਖ ਬੁਲਾਰੇ ਜਸਵਿੰਦਰ ਸਿੰਘ ਖਾਲਸਾ, ਐਜੂਕੇਟ ਪੰਜਾਬ ਪ੍ਰੋਜੈਕਟ (ਲੁਧਿ.) ਵਾਲਿਆਂ ਨੇ ਗੁਰਬਾਣੀ ਅਨੁਸਾਰ ਦਰਸਾਏ ਮਾਰਗ ਦੇ ਪਾਂਧੀ ਬਣਨ ਲਈ ਅਤੇ ਗੁਰਬਾਣੀ ਵਿੱਚ ਦ੍ਰਿੜ ਕਰਵਾਈ ਜੀਵਨ ਜਾਚ ਅਪਣਾਉਣ ਦਾ ਸੁਨੇਹਾ ਦਿੱਤਾ।ਉਹਨਾਂ ਨੇ ਨਿੱਤਨੇਮ ਕਰਨ ਤੋਂ ਇਲਾਵਾ ਬਾਣੀ ਦੇ ਸ੍ਰੀ ਸਹਿਜ ਪਾਠ ਵੀ ਰੋਜ਼ਾਨਾ ਕਰਨ ਦੀ ਪ੍ਰੇਰਨਾ ਕੀਤੀ।ਇਸ ਮੌਕੇ ਵਿਦਿਆਰਥਣਾਂ ਨੇ ਗੁਰਬਾਣੀ ਸਿਧਾਤਾਂ ਅਨੁਸਾਰ ਚੱਲਣ ਦੀ ਹਾਮੀ ਵੀ ਭਰੀ।ਪ੍ਰਿੰ. ਡਾ. ਰਜਿੰਦਰ ਕੌਰ ਨੇ ਸਮਾਜ ਵਿੱਚ ਫੈਲੀਆਂ ਬੁਰਾਈਆਂ ਬਾਰੇ ਵਿਦਿਆਰਥਣਾਂ ਨੂੰ ਜਾਗਰੂਕ ਕਰਨ, ਕੁਰੀਤੀਆਂ ਤੋਂ ਬਚਣ ਲਈ ਅਜਿਹੇ ਲੈਕਚਰ ਕਰਵਾਉਣ ਨੂੰ ਜ਼ਰੂਰੀ ਦੱਸਿਆ। ਐਜੂਕੇਟ ਪੰਜਾਬ ਪ੍ਰੋਜੈਕਟ ਵੱਲੋਂ ਇਲਾਕਾ ਇੰਚਾਰਜ ਕੁਲਦੀਪ ਸਿੰਘ ਨੇ ਪੜ੍ਹਾਈ ਵਿੱਚ ਹੁਸ਼ਿਆਰ ਅਤੇ ਗੁਰਬਾਣੀ ਨਾਲ ਜੁੜੀਆਂ ਲੋੜਵੰਦ ਵਿਦਿਆਰਥਣਾਂ ਦੀ ਮਦਦ ਕਰਨ ਦਾ ਭਰੋਸਾ ਵੀ ਦਿਵਾਇਆ।ਇਸ ਮੌਕੇ ਡਾ. ਰਣਜੀਤ ਕੌਰ ਹੋਮ ਸਾਇੰਸ ਵਿਭਾਗ ਨੇ ਆਏ ਮੁੱਖ ਵਕਤਾ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ।



# ਕੋਟਲੀ ਨੇ ਆਦਮਪੁਰ ਦੇ ਹੜ੍ਹ ਨਾਲ ਪ੍ਰਭਾਵਿਤ ਪਿੰਡਾਂ ਦਾ ਕੀਤਾ ਦੌਰਾ

**ਆਦਮਪੁਰ (ਪਰਮਜੀਤ ਸਿੰਘ)**- ਮੌਸਮ ਦੀ ਖਰਾਬੀ ਤੇ ਡੈਮਾਂ ਵਿਚੋਂ ਛੱਡੇ ਜਾ ਰਹੇ ਪਾਣੀ ਕਾਰਨ ਆਦਮਪੁਰ ਦੇ ਕਈ ਪਿੰਡ ਪਾਣੀ ਨਾਲ ਪ੍ਰਭਾਵਿਤ ਹੋ ਰਹੇ ਹਨ। ਇਸ ਸਬੰਧੀ ਵੱਖ-ਵੱਖ ਪਿੰਡਾਂ ਦਾ ਦੌਰਾ ਕਰਦਿਆਂ ਆਦਮਪੁਰ ਹਲਕੇ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਦੱਸਿਆ ਕਿ ਆਦਮਪੁਰ ਦੇ ਡਰੋਲੀ, ਕਾਲਰਾ, ਲੁਟੇਰਾ ਕਲਾਂ, ਕੋਟਲੀ ਤੇ ਲੁਟੇਰਾ ਖੁਰਦ ਵਿਚੋਂ ਨਿਕਲਣ ਵਾਲੇ ਚੋਆਂ ਨੇ ਹੜ੍ਹਾਂ ਦੇ ਪਾਣੀ ਨਾਲ ਪਿੰਡ ਪ੍ਰਭਾਵਿਤ ਹੋਏ ਹਨ ਤੇ ਆਦਮਪੁਰ ਵਿਚੋਂ ਲੰਘਦੀ ਬਿਸਤ ਦੋਆਬ ਨਹਿਰ ਦਾ ਪਾਣੀ ਵੀ ਚੋਆਂ ਰਾਹੀਂ ਅੱਗੇ ਕੱਢਿਆ ਜਾ ਰਿਹਾ ਹੈ, ਜਿਸ ਨਾਲ ਇਲਾਕੇ ਦੇ ਕਈ ਪਿੰਡ ਤੇ ਅਲਾਵਲਪੁਰ ਸ਼ਹਿਰ ਵੀ ਪਾਣੀ ਦੀ ਲਪੇਟ ਵਿਚ ਆ ਰਹੇ ਹਨ, ਉਨ੍ਹਾਂ ਕਾਲਰਾ ਤੇ ਲੁਟੇਰਾ ਕਲਾਂ ਪਿੰਡਾਂ ਦੇ ਲੋਕਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੂੰ ਉਹ ਮਿਲ ਕੇ ਖੁਦ ਚੋਅ ਵਿਚ ਬੂਟੀ ਕੱਢ ਰਹੇ ਸਨ ਤਾਂ ਜੋ ਪਾਣੀ ਅੱਗੇ ਨਿਕਲ ਸਕੇ । ਵਿਧਾਇਕ ਕੋਟਲੀ ਨੇ ਆਖਿਆ ਕਿ ਉਨ੍ਹਾਂ ਇਸ ਸਬੰਧੀ ਜ਼ਿਲਾ ਜਲੰਧਰ ਦੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਨਾਲ ਗੱਲਬਾਤ ਕੀਤੀ ਤੇ ਹਦਾਇਤਾਂ ਜਾਰੀ ਕੀਤੀਆਂ ਕਿ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪ੍ਰਸ਼ਾਸਨ ਲੋੜੀਂਦੇ ਪ੍ਰਬੰਧ ਕਰੇ । ਪਿੰਡਾਂ ਵਿਚ ਪਹੁੰਚ ਕੇ ਵਿਧਾਇਕ ਕੋਟਲੀ ਨੇ ਲੋਕਾਂ ਨਾਲ ਗੱਲਬਾਤ ਕੀਤੀ ਤੇ ਭਰੋਸਾ ਦਿੱਤਾ ਕਿ ਔਖੇ ਸਮੇਂ 'ਤੇ ਉਹ ਲੋਕਾਂ ਨਾਲ ਹਨ ਤੇ ਕਿਸੇ ਵੀ ਮੁਸ਼ਕਲ ਸਮੇਂ ਸਿੱਧੀ ਜਾਣਕਾਰੀ ਦੇਣ ਤਾਂ ਜੋ ਮੌਕੇ 'ਤੇ ਹੱਲ ਕੀਤਾ ਜਾ ਸਕੇ। ਇਸ ਮੌਕੇ ਸਾਬਕਾ ਚੇਅਰਮੈਨ ਗੁਰਦੀਪ ਸਿੰਘ ਪਰਹਾਰ, ਗੋਪੀ ਲੁਟੇਰਾ ਕਲਾਂ ਤੇ ਇਲਾਕੇ ਦੇ ਲੋਕ ਨਾਲ ਸਨ।



# ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਲੋੜਵੰਦਾਂ ਦੀ ਮਦਦ ਲਈ ਅੱਗੇ ਆਈ



**ਫਿਲੌਰ (ਨਿਰਮਲ)**- ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ ਸੰਧੂ ਤੇ ਜਨਰਲ ਸਕੱਤਰ ਤਾਰਾ ਚੰਦ ਜੱਖੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੰਜਾਬ ਵਿਚ ਪੈ ਰਹੀ ਭਾਰੀ ਬਰਸਾਤ ਤੇ ਪਿਛੋਂ ਪਹਾੜਾਂ ਤੋਂ ਆ ਰਹੇ ਦਰਿਆਈ ਪਾਣੀਆਂ ਕਾਰਨ ਸਮੁੱਚੇ ਪੰਜਾਬ ਵਿਚ ਕੁਦਰਤੀ ਆਫ਼ਤ ਆਈ ਹੋਈ ਹੈ, ਜਿਸ ਦੇ ਚਲਦਿਆਂ ਹਰ ਕੋਈ ਪ੍ਰੇਸ਼ਾਨ ਹੈ। ਉਨ੍ਹਾਂ ਕਿਹਾ ਕਿ ਇਸ ਔਖੀ ਘੜੀ ਵਿਚ ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਪੀੜਤਾਂ ਦੇ ਹਰੇਕ ਦੁੱਖ ਵਿਚ ਸ਼ਰੀਕ ਹੈ ਅਤੇ ਲੋੜਵੰਦਾਂ ਦੀ ਮਦਦ ਵਾਸਤੇ ਹਰ ਤਰਾਂ ਦੀ ਮਦਦ ਲਈ ਤਿਆਰ ਹੈ। ਉਨ੍ਹਾਂ ਅਪੀਲ ਕੀਤੀ ਕਿ ਜਿਥੇ ਕਿਤੇ ਵੀ ਲੰਗਰ ਅਤੇ ਰਿਹਾਇਸ਼ ਲਈ ਧਰਮਸ਼ਾਲਾਵਾਂ ਖੋਲ੍ਹਣ ਜਾਂ ਕੋਈ ਹੋਰ ਸੰਭਵ ਮਦਦ ਦੀ ਲੋੜ ਹੈ ਤਾਂ ਉਨ੍ਹਾਂ ਨੂੰ 98140-02116 'ਤੇ ਸੰਪਰਕ ਕਰੋ। ਹੋਰਨਾਂ ਤੋਂ ਇਲਾਵਾ, ਮਨੋਜ ਕੁਮਾਰ ਮੌਜੀ, ਬਲਜੀਤ ਸਿੰਘ, ਦਲਬੀਰ ਸਿੰਘ, ਬਾਬਾ ਪਰਮਜੀਤ ਸਿੰਘ, ਅਸ਼ੋਕ ਕੁਮਾਰ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਭਵਨ ਨੰਗਲ, ਸਾਬਕਾ ਕੌਂਸਲਰ ਪਰਮਾ ਨੰਦ, ਰਜਿੰਦਰ ਸੰਧੂ, ਨਰਿੰਦਰ ਸੱਲ੍ਹਣ, ਰਣਜੀਤ ਕੁਮਾਰ ਤੇ ਅਮੀਰ ਚੰਦ ਆਦਿ ਵੱਡੀ ਗਿਣਤੀ 'ਚ ਹਾਜ਼ਰ ਸਨ।

# ਘੱਗਰ ਦੇ ਪਾਣੀ ਤੇ ਬੰਨ੍ਹ ਦਾ ਪੱਕਾ ਹੱਲ ਲੱਭਿਆ ਜਾਵੇ : ਸੈਣੀ

**ਲਾਲੜੂ (ਵਿਨੈ ਕੁਮਾਰ ਜੈਨ)**- ਘੱਗਰ ਦਰਿਆ ਦੇ ਪਾਣੀ ਅਤੇ ਬੰਨ੍ਹ ਦਾ ਠੋਸ ਪ੍ਰਬੰਧ ਹੋਣਾ ਸਮੇਂ ਦੀ ਲੋੜ ਹੈ ਤਾਂ ਜੋ ਹਰ ਸਾਲ ਇਸ ਵੱਲੋਂ ਮਚਾਈ ਜਾਂਦੀ ਤਬਾਹੀ ਨੂੰ ਰੋਕਿਆ ਜਾ ਸਕੇ । ਉਕਤ ਮੰਗ ਨੌਜਵਾਨ ਕਾਂਗਰਸੀ ਆਗੂ ਅਮਿਤ ਬਾਵਾ ਸੈਣੀ ਨੇ ਘੱਗਰ ਨੇੜਲੇ ਪਿੰਡਾਂ ਦਾ ਦੌਰਾ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਆਮ ਲੋਕਾਂ ਦੀ ਮੁਸ਼ਕਲਾਂ ਨੂੰ ਧਿਆਨ ਨਾਲ ਸੁਣਿਆ ਤੇ ਸਮਝਿਆ। ਉਨ੍ਹਾਂ ਕਿਹਾ ਕਿ ਘੱਗਰ ਤੇ ਝਰਮਲ ਨਦੀ ਦੇ ਬੰਨ੍ਹ ਦੀ ਜਿੱਥੇ ਨਿਰੰਤਰ ਮੁਰੰਮਤ ਲੋੜੀਂਦੀ ਹੈ , ਉੱਥੇ ਹੀ ਇਸ ਬੰਨ੍ਹ ਦਾ ਦਾਇਰਾ ਵਧਾ ਕੇ ਅੱਗੇ ਹੋਰਨਾਂ ਪਿੰਡਾਂ ਤੱਕ ਲੈ ਜਾਣਾ ਚਾਹੀਦਾ ਹੈ । ਉਨ੍ਹਾਂ ਕਿਹਾ ਕਿ ਸੰਕਟ ਦੀ ਇਸ ਘੜੀ ਵਿਚ ਉਹ ਪੂਰੀ ਤਰ੍ਹਾਂ ਆਪਣੇ ਲੋਕਾਂ ਨਾਲ ਹਨ ਤੇ ਉਹ ਇਹ ਸਮੱਸਿਆ ਪੰਜਾਬ ਤੇ ਕੇਂਦਰ ਦੀ ਉੱਚ ਲੀਡਰਸ਼ਿਪ ਮੂਹਰੇ ਰੱਖ ਕੇ ਖੁਦ ਵੀ ਇਸ ਦਾ ਠੋਸ ਹੱਲ ਕਰਵਾਉਣ ਦੀ ਨੀਤੀ ਬਣਾਉਣਗੇ।



# ਮਿਸਲ ਸਤਲੁਜ ਤੇ ਲੋਕ ਹਿੱਤ ਮਿਸ਼ਨ ਹੜ੍ਹ ਪੀੜਤਾਂ ਲਈ ਆਏ ਅੱਗੇ

**ਮਾਜਰੀ (ਮੋਹਨ ਅਗਰਵਾਲ)**- ਪੰਜਾਬ ਵਿੱਚ ਆਏ ਹੜ੍ਹਾਂ ਦੇ ਮੱਦੇਨਜ਼ਰ ਸਮਾਜਸੇਵੀ ਸੰਸਥਾਵਾਂ ਵੱਲੋਂ ਪੀੜ੍ਹਤਾਂ ਦੀ ਸਹਾਇਤਾ ਲਈ ਵੱਡੇ ਪੱਧਰ ਤੇ ਤਿਆਰੀਆਂ ਦਾ ਐਲਾਨ ਕੀਤਾ। ਇਸ ਸਬੰਧੀ ਮਿਸਲ ਸਤਲੁੱਜ ਦੇ ਆਗੂ ਅਜੈ ਪਾਲ ਸਿੰਘ ਬਰਾੜ, ਹਰਜੀਤ ਸਿੰਘ ਖਿਜਰਾਬਾਦ, ਲੋਕ ਹਿੱਤ ਮਿਸ਼ਨ ਦੇ ਗੁਰਮੀਤ ਸਿੰਘ ਸਾਂਟੂ, ਰਵਿੰਦਰ ਸਿੰਘ ਬਜੀਦਪੁਰ, ਪਰਮਜੀਤ ਸਿੰਘ ਮਾਵੀ ਤੇ ਮਨਦੀਪ ਸਿੰਘ ਖਿਜਰਾਬਾਦ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ 'ਚ ਹੜ੍ਹਾਂ ਕਾਰਨ ਬਹੁਤ ਸਾਰੇ ਖੇਤਰਾਂ 'ਚ ਲੋਕਾਂ ਦੀਆਂ ਫ਼ਸਲਾਂ, ਮਾਲ ਡੰਗਰ, ਘਰਾਂ ਅਤੇ ਜਾਨੀ ਤੇ ਮਾਲੀ ਤੌਰ ਤੇ ਵੱਡਾ ਨੁਕਸਾਨ ਹੋਇਆ ਹੈ। ਇਸ ਪ੍ਰਤੀ ਕੇਂਦਰ ਤੇ ਸੂਬਾ ਸਰਕਾਰਾਂ ਗੰਭੀਰ ਨਜ਼ਰ ਨਹੀਂ ਆ ਰਿਹਾ। ਇਸ ਲਈ ਮੌਜੂਦਾਂ ਸਥਿਤੀ ਨੂੰ ਵੇਖਦਿਆਂ ਦੋਵਾਂ ਸੰਸਥਾਵਾਂ ਵੱਲੋਂ ਗੁਰਦੁਆਰਾ ਸਾਹਿਬ ਬਲਾਕ ਮਾਜਰੀ, ਗੁਰਦੁਆਰਾ ਸਾਹਿਬ ਚਨਾਲੋਂ ਅਤੇ ਫ਼ੇਜ਼ 7 ਮੋਹਾਲੀ ਵਿਖੇ ਰਾਹਤ ਕੈਂਪ ਸਥਾਪਿਤ ਕਰਕੇ ਰਸੋਈ ਦਾ ਰਾਸ਼ਨ, ਦਵਾਈਆਂ ਆਦਿ ਦੀ ਵੱਡੇ ਪੱਧਰ ਤੇ ਸਮੱਗਰੀ ਇਕੱਤਰ ਕੀਤੀ ਜਾ ਰਹੀ ਹੈ ਜਿਸ ਨੂੰ ਲੋੜ ਵਾਲੀਆਂ ਥਾਵਾਂ ਤੇ ਸਰਵੇਅ ਕਰਵਾਕੇ ਘਰ ਘਰ ਸਮਾਨ ਪੁੱਜਾਇਆ ਜਾਵੇਗਾ ਤੇ ਇਹ ਸੇਵਾ ਲਗਾਤਾਰ ਜਾਰੀ ਰਹੇਗੀ। ਇਨ੍ਹਾਂ ਕਿਹਾ ਕਿ ਫ਼ਸਲਾਂ ਆਦਿ ਦੇ ਨੁਕਸਾਨ ਲਈ ਮੁਆਵਜ਼ੇ ਦੀ ਰਕਮ ਨਿਗੁਣੀ ਹੀ ਮਿਲਦੀ ਹੈ।ਇਸ ਮੌਕੇ ਰਾਮ ਸਿੰਘ ਅਭੀਪੁਰ, ਸੋਹਣ ਸਿੰਘ ਸੰਗਤਪੁਰਾ, ਦਰਸ਼ਨ ਸਿੰਘ ਖੇੜਾ, ਬਲਵਿੰਦਰ ਸਿੰਘ ਰੰਗੂਆਨਾ ਆਦਿ ਮੈਂਬਰ ਵੀ ਹਾਜ਼ਰ ਸਨ।





# ਡਿਪਟੀ ਕਮਿਸ਼ਨਰ ਤੇ ਪੁਲਸ ਕਮਿਸ਼ਨਰ ਵੱਲੋਂ ਹਾਈਵੇ ਦੇ ਪੁਲਾਂ ਦਾ ਨਿਰੀਖਣ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ ਦੇ ਅਧਿਕਾਰੀਆਂ ਸਮੇਤ ਹਾਈਵੇਜ਼ ਦਾ ਨਿਰੀਖਣ ਕੀਤਾ ਗਿਆ। ਡਿਪਟੀ ਕਮਿਸ਼ਨਰ ਅਤੇ ਪੁਲਸ ਕਮਿਸ਼ਨਰ ਨੇ ਲਗਾਤਾਰ ਬਾਰਿਸ਼ ਕਾਰਨ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਜਾਰੀ ਰੱਖਣ ਵਿੱਚ ਆ ਰਹੀਆਂ ਦਿੱਕਤਾਂ ਦਾ ਬਾਰੀਕੀ ਨਾਲ ਮੁਲਾਂਕਣ ਕੀਤਾ ਤੇ ਹਾਈਵੇ ਪੁਲਾਂ ਦੇ ਢਾਂਚਾਗਤ ਸਮੱਰਥਾ ਦੀ ਜਾਂਚ ਕੀਤੀ। ਅਧਿਕਾਰੀਆਂ ਨੇ ਮਾਨਸੂਨ ਸੀਜ਼ਨ ਦੌਰਾਨ ਸੁਚਾਰੂ ਆਵਾਜਾਈ ਤੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਵਚਬੱਧਤਾ ਦੁਹਰਾਈ।ਡਿਪਟੀ ਕਮਿਸ਼ਨਰ ਨੇ ਭਰੋਸਾ ਦੁਆਇਆ ਕਿ ਯਾਤਰੀਆਂ ਦੀਆਂ ਮੁਸ਼ਕਲਾਂ ਦੂਰ ਕਰਨ ਤੇ ਸੜਕ ਸੁਰੱਖਿਆ ਯਕੀਨੀ ਬਣਾਉਣ ਲਈ ਤੁਰੰਤ ਜ਼ਰੂਰੀ ਕਦਮ ਉਠਾਏ ਜਾਣਗੇ। ਇਸੇ ਦੌਰਾਨ ਪੁਲਿਸ ਕਮਿਸ਼ਨਰ ਨੇ ਟ੍ਰੈਫਿਕ ਪੁਲਿਸ ਨੂੰ ਭਾਰੀ ਬਾਰਿਸ਼ ਦੇ ਮੱਦੇਨਜ਼ਰ ਸ਼ਹਿਰ ਵਿੱਚ ਆਵਾਜਾਈ ਸੁਚਾਰੂ ਢੰਗ ਨਾਲ ਜਾਰੀ ਰੱਖਣ ਦੀਆਂ ਹਦਾਇਤਾਂ ਕੀਤੀਆਂ। ਉਨ੍ਹਾਂ ਵੱਖ-ਵੱਖ ਥਾਵਾਂ 'ਤੇ ਪੁਲਸ ਕਰਮੀਆਂ ਦੀ ਤਾਇਨਾਤੀ ਦਾ ਨਿਰੀਖਣ ਕੀਤਾ ਅਤੇ ਨਿਰਵਿਘਨ ਆਵਾਜਾਈ ਬਣਾਈ ਰੱਖਣ ਲਈ ਕਿਹਾ।

# ਸਤਲੁਜ 'ਚ ਪਾੜ ਪੈਣ ਤੋਂ ਰੋਕਣ ਲਈ ਫੌਜ ਨੇ ਮੋਰਚਾ ਸੰਭਾਲਿਆ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**- ਨਜ਼ਦੀਕੀ ਕਸਬਾ ਬੇਲਾ ਨੇੜਿਓ ਲੰਘਦੇ ਦਰਿਆ ਸਤਲੁਜ ਵਿੱਚ ਪਿੰਡ ਦਾਊਦਪੁਰ ਦੇ ਸਾਹਮਣੇ ਪਾੜ ਪੈਣ ਤੋਂ ਰੋਕਣ ਲਈ ਫੌਜ ਦੇ ਜਵਾਨਾਂ ਵੱਲੋਂ ਮੋਰਚਾ ਸੰਭਾਲ ਲਿਆ ਗਿਆ ਹੈ । ਇਸ ਪਾੜ ਠੀਕ ਕਰਨ ਲਈ ਇਲਾਕੇ ਦੇ ਸੈਂਕੜੇ ਨੌਜਵਾਨਾਂ, ਬਜ਼ੁਰਗਾਂ ਅਤੇ ਨੇੜਲੇ ਪਿੰਡਾਂ ਦੇ ਲੋਕਾਂ ਵੱਲੋ ਦਰਖਤਾਂ ਅਤੇ ਮਿੱਟੀ ਦੇ ਥੈਲਿਆਂ ਨਾਲ ਮਜਬੂਤ ਕੀਤਾ ਜਾ ਰਿਹਾ ਹੈ ਤਾਂ ਜੋ ਕਿ ਦਰਿਆ ਦਾ ਬੰਨ੍ਹ ਟੁੱਟ ਕੇ ਇਲਾਕੇ ਦਾ ਜਾਨੀ ਮਾਲੀ ਅਤੇ ਪਸ਼ੂ ਧੰਨ ਦਾ ਨੁਕਸਾਨ ਨਾ ਕਰ ਸਕੇ। ਇਸ ਕਾਰਜ ਲਈ ਸੈਕੜਿਆਂ ਦੀ ਤਾਦਾਦ ਵਿੱਚ ਨੌਜਵਾਨ ਤੇ ਬਜ਼ੁਰਗ ਸਵੇਰ ਢਾਈ ਵਜੇ ਤੋਂ ਹੀ ਡਟੇ ਹੋਏ ਹਨ । ਜਿਨਾਂ ਨੇ ਫੌਜ ਦੇ ਜਵਾਨ ਅਤੇ ਸਥਾਨਕ ਸਿਵਲ ਤੇ ਪੁਲੀਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਦਰਿਆ ਦੇ ਪਾਣੀ ਨੂੰ ਲਗਾਤਾਰ ਬੰਨ੍ਹ ਵੱਲ ਵੱਧਣ ਤੋਂ ਠੱਲ ਪਾ ਦਿੱਤੀ ਹੈ, ਜਿਸ ਕਾਰਨ ਸਥਿਤੀ ਕੰਟਰੋਲ ਹੇਠ ਹੋ ਜਾਣ ਕਾਰਨ ਇਲਾਕਾ ਵਾਸੀਆਂ ਵਿੱਚ ਪਿਛਲੇ ਦਿਨਾਂ ਤੋਂ ਪਾਇਆ ਜਾ ਰਿਹਾ ਡਰ ਤੇ ਸਹਿਮ ਕਾਫੀ ਹੱਦ ਤੱਕ ਦੂਰ ਹੋ ਗਿਆ ਹੈ। ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਅਤੇ ਐਸ ਡੀ ਐਮ ਅਮਰੀਕ ਸਿੰਘ ਸਿੱਧੂ ਵੱਲੋਂ ਉਕਤ ਵਿਭਾਗ ਦੇ ਅਧਿਕਾਰੀਆਂ ਸਮੇਤ ਦਰਿਆ ਸਤਲੁਜ ਵਿੱਚ ਚੱਲ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ, ਉੱਥੇ ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਅਤੇ ਹਲਕਾ ਵਿਧਾਇਕ ਡਾ ਚਰਨਜੀਤ ਸਿੰਘ ਵੱਲੋਂ ਵੀ ਦਰਿਆ ਦੇ ਬੰਨ੍ਹਾਂ ਸਮੇਤ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ ਸੀ। ਜ਼ਿਕਰਯੋਗ ਹੈ ਕਿ ਫੌਜ ਦੇ ਪੰਜ ਦਰਜਨ ਤੋਂ ਵੀ ਵੱਧ ਜਵਾਨ ਦਰਿਆ ਵਿੱਚ ਕੀਤੇ ਜਾ ਪ੍ਰਬੰਧਾਂ ਵਿੱਚ ਦੇਰ ਰਾਤ ਤੋਂ ਹੀ ਲੱਗੇ ਹੋਏ ਹਨ ਅਤੇ ਉਹ ਆਪਣੇ ਨਾਲ ਲੋਕਾਂ ਨੂੰ ਹੜ੍ਹ ਤੋਂ ਬਚਾਉਣ ਲਈ ਪੂਰਾ ਸਾਜੋ ਸਮਾਨ ਵੀ ਨਾਲ ਲੈ ਕੇ ਆਏ ਹਨ। ਇਸ ਮੌਕੇ ਯੂਥ ਆਗੂ ਲਖਵੀਰ ਸਿੰਘ ਹਾਫਿਜ਼ਾਬਾਦ, ਅਕਾਲੀ ਆਗੂ ਬਲਦੇਵ ਸਿੰਘ ਹਾਫਿਜ਼ਾਬਾਦ, ਪੁਸ਼ਪਿੰਦਰ ਸਿੰਘ ਕਾਕਾ, ਸਰਪੰਚ ਹਰਿੰਦਰ ਸਿੰਘ, ਸਰਪੰਚ ਜਗਦੇਵ ਸਿੰਘ, ਦਲਵੀਰ ਸਿੰਘ ਅਟਾਰੀ, ਮੋਹਣ ਸਿੰਘ, ਸਾਬਕਾ ਸਰਪੰਚ ਲਹਿੰਬਰ ਸਿੰਘ, ਸਾਬਕਾ ਸਰਪੰਚ ਪਰਮਜੀਤ ਸਿੰਘ ਰੰਗਾਂ ਅਤੇ ਦਵਿੰਦਰ ਸਿੰਘ ਆਦਿ ਹਾਜ਼ਰ ਸਨ।



**ਜਨਮ ਦਿਨ ਮੁਬਾਰਕ**



ਮਾਇਰਾ
ਹੁਸ਼ਿਆਰਪੁਰ



ਮਿਵਾਨ ਸਿੰਘ